@Qpatrika @qaumipatrika punjabi instagram.com/qaumipatrika

**Largest Circulated**

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

**Qaumi Patrika** NO.1

Punjabi National Daily

ਦਿੱਲੀ, ਹਿਮਾਚਲ, ਹਰਿਆਣਾ, ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖੰਡ ਸੇ ਪ੍ਰਸਾਰਿਤ।

Saturday, 26 April 2025

VISIT: www.qaumipatrika.org Email: qpatrika@gmail.com

ਨਵੀਂ ਦਿੱਲੀ: ਸ਼ਨੀਵਾਰ 26 ਅਪ੍ਰੈਲ 2025, 13 ਵੈਸਾਖ ਨਾਨਕਸ਼ਾਹੀ ਸੰਮਤ 555 (ਸਫ਼ੇ–12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 165, qpatrika@gmail.com ਫੋਨ : 9971359517 www.qaumipatrika.org


# ‘ਪਾਕਿਸਤਾਨੀਆਂ ਦੀ ਪਛਾਣ ਕਰ ਭੇਜੋ ਵਾਪਸ’: ਅਮਿਤ ਸ਼ਾਹ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 25 ਅਪ੍ਰੈਲ। ਪਹਿਲਗਾਮ ’ਚ ਹੋਏ ਅੱਤਵਾਦੀ ਹਮਲੇ ਮਗਰੋਂ ਭਾਰਤ ਤੇ ਪਾਕਿਸਤਾਨ ਵਿਚਾਲੇ ਕਾਫ਼ੀ ਤਣਾਅਪੂਰਨ ਸਥਿਤੀ ਬਣੀ ਹੋਈ ਹੈ। ਇਸੇ ਦੌਰਾਨ ਅੱਜ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਕ ਅਹਿਮ ਫ਼ੈਸਲਾ ਲੈਂਦਿਆਂ ਸਾਰੇ ਸੂਬਿਆਂ ਦੇ ਮੁੱਖ ਮੰਤਰੀਆਂ ਨਾਲ ਫ਼ੋਨ ’ਤੇ ਗੱਲ ਕੀਤੀ। ਮੁੱਖ ਮੰਤਰੀਆਂ ਨੂੰ ਫ਼ੋਨ ਕਰ ਕੇ ਅਪੀਲ ਕੀਤੀ ਗਈ ਹੈ ਕਿ ਉਹ ਪਾਕਿਸਤਾਨੀ ਨਾਗਰਿਕਾਂ ਦੀ ਪਛਾਣ ਕਰਨ ਤੇ ਉਨ੍ਹਾਂ ਨੂੰ ਵਾਪਸ ਆਪਣੇ ਮੁਲਕ ਭੇਜਣ। ਉਨ੍ਹਾਂ ਕਿਹਾ ਕਿ 48 ਘੰਟੇ ਦੀ ਡੈੱਡਲਾਈਨ ਲੰਘਣ ਮਗਰੋਂ ਇਹ ਯਕੀਨੀ ਬਣਾ ਲਿਆ ਜਾਵੇ ਕਿ ਕੋਈ ਵੀ ਪਾਕਿਸਤਾਨੀ ਨਾਗਰਿਕ ਭਾਰਤ ’ਚ ਨਾ ਰਹੇ। ਜ਼ਿਕਰਯੋਗ ਹੈ ਕਿ ਮੰਗਲਵਾਰ ਨੂੰ ਪਹਿਲਗਾਮ ’ਚ ਅੱਤਵਾਦੀਆਂ ਨੇ ਟੂਰਿਸਟਾਂ ਨੂੰ ਧਰਮ ਪੁੱਛਣ ਮਗਰੋਂ ਕਲਮਾ ਪੜ੍ਹਨ ਦਾ ਕਿਹਾ ਸੀ ਤੇ ਜੋ ਕਲਮਾ ਨਾ ਪੜ੍ਹ ਸਕੇ, ਉਨ੍ਹਾਂ ਨੂੰ ਗੋਲ?ਆਂ ਮਾਰ-ਮਾਰ ਕੇ ਕਤਲ ਕਰ ਦਿੱਤਾ ਸੀ। ਇਸ ਦੌਰਾਨ 1 ਨੇਪਾਲੀ ਨਾਗਰਿਕ ਸਣੇ ਕੁੱਲ 26 ਲੋਕਾਂ ਦੀ ਜਾਨ ਚਲੀ ਗਈ ਸੀ। ਇਸ ਹਮਲੇ ਮਗਰੋਂ ਭਾਰਤ ਨੇ ਪਾਕਿਸਤਾਨ ਨਾਲ ਸਾਰੇ ਵਪਾਰ ਬੰਦ ਕਰਨ ਸਣੇ ਪਾਕਿਸਤਾਨੀ ਨਾਗਰਿਕਾਂ ਨੂੰ 48 ਘੰਟਿਆਂ ਦੇ ਅੰਦਰ ਭਾਰਤ ਛੱਡਣ ਦੇ ਆਦੇਸ਼ ਜਾਰੀ ਕਰ ਦਿੱਤੇ ਸਨ। ਇਸ ਤੋਂ ਇਲਾਵਾ ਭਾਰਤ ਨੇ ਪਾਕਿਸਤਾਨ ਨਾਲ ਸਿੰਧੂ ਜਲ ਸੰਧੀ ਵੀ ਰੱਦ ਕਰ ਦਿੱਤੀ ਸੀ, ਜਿਸ ਮਗਰੋਂ ਦੋਵਾਂ ਦੇਸ਼ਾਂ ਵਿਚਾਲੇ ਸਬੰਧ ਹੋਰ ਜ਼ਿਆਦਾ ਤਲਖ਼ ਹੋ ਗਏ ਹਨ। ਗ੍ਰਹਿ ਮੰਤਰੀ ਅਮਿਤ ਸ਼ਾਹ ਪਾਕਿਸਤਾਨ ਨਾਲ ਸਿੰਧੂ ਜਲ ਸੰਧੀ ਨੂੰ




ਮੁਲਤਵੀ ਕਰਨ ਦੇ ਭਾਰਤ ਸਰਕਾਰ ਦੇ ਫ਼ੈਸਲੇ ਮਗਰੋਂ ਇਸ ’ਤੇ ਅੱਗੇ ਦੀ ਕਾਰਵਾਈ ਲਈ ਕੇਂਦਰੀ ਜਲ ਸ਼ਕਤੀ ਮੰਤਰਾਲਾ ਨਾਲ ਇਕ ਮਹੱਤਵਪੂਰਨ ਬੈਠਕ ਕਰ ਰਹੇ ਹਨ। ਸੂਤਰਾਂ ਮੁਤਾਬਕ ਇਸ ਬੈਠਕ ਵਿਚ ਜਲ ਸ਼ਕਤੀ ਮੰਤਰੀ ਸੀ. ਆਰ. ਪਾਟਿਲ ਅਤੇ ਕਈ ਸਬੰਧਤ ਮੰਤਰਾਲਿਆਂ ਦੇ ਸੀਨੀਅਰ ਅਧਿਕਾਰੀ ਸ਼ਾਮਲ ਹਨ। ਇਸ ਬੈਠਕ ਵਿਚ ਫੈਸਲੇ ਨੂੰ ਲਾਗੂ ਕਰਨ ਲਈ ਅੱਗੇ ਦੀ ਕਾਰਵਾਈ ਅਤੇ ਵਿਆਪਕ ਢਾਂਚੇ ’ਤੇ ਚਰਚਾ ਕੀਤੇ ਜਾਣ ਦੀ ਸੰਭਾਵਨਾ ਹੈ। 22 ਅਪ੍ਰੈਲ ਨੂੰ ਪਹਿਲਗਾਮ ’ਚ ਹੋਏ ਪਾਕਿਸਤਾਨ-ਸਪਾਂਸਰ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਨਾਲ 65 ਸਾਲ ਪੁਰਾਣੇ ਸਿੰਧੂ ਜਲ ਸਮਝੌਤੇ ਨੂੰ ਮੁਅੱਤਲ ਕਰ ਦਿੱਤਾ। ਇਸ ਹਮਲੇ ਵਿਚ ਚੁਣ-ਚੁਣ ਕੇ 26 ਸੈਲਾਨੀਆਂ ਨੂੰ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਜਲ ਸਰੋਤ ਸਕੱਤਰ ਦੇਬਾਸ਼੍ਰੀ ਮੁਖਰਜੀ ਨੇ ਪਾਕਿਸਤਾਨ ਦੇ ਸਬੰਧਤ ਵਿਭਾਗ ਦੇ ਸਕੱਤਰ ਸਈਦ ਅਲੀ ਮੁਰਤਜ਼ਾ ਨੂੰ ਇਕ ਪੱਤਰ ਭੇਜ ਕੇ ਭਾਰਤ ਦੇ ਫੈਸਲੇ ਬਾਰੇ ਜਾਣਕਾਰੀ ਦਿੱਤੀ ਹੈ। ਪਾਕਿਸਤਾਨ ਸਰਕਾਰ ਨੇ ਪਾਣੀ ਰੋਕਣ ਦੀ ਕਾਰਵਾਈ ਦੀ ਤੁਲਨਾ ‘ਜੰਗ ਦੀ ਕਾਰਵਾਈ’ ਨਾਲ ਕੀਤੀ ਹੈ। ਭਾਰਤ ਦਾ ਕਹਿਣਾ ਹੈ ਕਿ ਗੁਆਂਢੀ ਦੇਸ਼ ਪਾਕਿਸਤਾਨ ਅੱਤਵਾਦ ਫੈਲਾ ਕੇ ਸੰਧੀ ਦੇ ਤਹਿਤ ਭਾਰਤ ਦੇ ਅਧਿਕਾਰਾਂ ਵਿਚ ਰੁਕਾਵਟ ਪਾ ਰਿਹਾ ਹੈ। ਇਸ ਪੱਤਰ ’ਚ ਪਾਕਿਸਤਾਨ ਨੂੰ ਕਿਹਾ ਗਿਆ ਹੈ, ÷ਕਿਸੇ ਵੀ ਸੰਧੀ ਦਾ ਸਾਰ ਇਹ ਹੈ ਕਿ ਇਸ ਦਾ ਸਤਿਕਾਰ ਚੰਗੇ ਇਰਾਦਿਆਂ ਨਾਲ ਕੀਤਾ ਜਾਣਾ ਚਾਹੀਦਾ ਹੈ ਪਰ ਅਸੀਂ ਦੇਖਿਆ ਹੈ ਕਿ ਪਾਕਿਸਤਾਨ ਭਾਰਤੀ ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ-ਕਸ਼ਮੀਰ ਨੂੰ ਨਿਸ਼ਾਨਾ ਬਣਾ ਕੇ ਸਰਹੱਦ ਪਾਰ ਅੱਤਵਾਦ ਨੂੰ ਉਤਸ਼ਾਹਿਤ ਕਰ ਰਿਹਾ ਹੈ।

## ਜਲ ਸੈਨਾ ਦੇ ਸੂਰਤ ਜੰਗੀ ਜਹਾਜ਼ ਨੇ ਮਿਜ਼ਾਈਲ ਨਾਲ ਸਮੁੰਦਰੀ ਟੀਚੇ ’ਤੇ ਸਫ਼ਲਤਾਪੂਰਵਕ ਵਿੰਨ੍ਹਿਆ ਨਿਸ਼ਾਨਾ

ਨਵੀਂ ਦਿੱਲੀ 25 ਅਪ੍ਰੈਲ। ਭਾਰਤੀ ਜਲ ਸੈਨਾ ਦੇ ਨਵੇਂ ਬਣੇ ਸਵਦੇਸ਼ੀ ਗਾਈਡਡ ਮਿਜ਼ਾਈਲ ਵਿਨਾਸ਼ਕਾਰੀ ਜਹਾਜ਼ ਆਈ.ਐੱਨ.ਐੱਸ. ਸੂਰਤ ਨੇ ਸਮੁੰਦਰ ’ਚ ਇਕ ਟੀਚੇ ’ਤੇ ਸਫਲਤਾਪੂਰਵਕ ਸਟੀਕ ਹਮਲਾ ਕੀਤਾ ਹੈ, ਜੋ ਕਿ ਜਲ ਸੈਨਾ ਦੀ ਰੱਖਿਆ ਸਮਰੱਥਾ ਨੂੰ ਮਜ਼ਬੂਤ ਕਰਨ ’ਚ ਇਕ ਮਹੱਤਵਪੂਰਨ ਮੀਲ ਦਾ ਪੱਥਰ ਹੈ। ਜਲ ਸੈਨਾ ਦੇ ਬੁਲਾਰੇ ਨੇ ਦੱਸਿਆ ਕਿ ਇਹ



ਉਪਲੱਬਧੀ ਸਵਦੇਸ਼ੀ ਜੰਗੀ ਜਹਾਜ਼ਾਂ ਦੇ ਡਿਜ਼ਾਈਨ, ਵਿਕਾਸ ਅਤੇ ਸੰਚਾਲਨ ’ਚ ਭਾਰਤ ਦੀ ਵਧਦੀ ਤਾਕਤ ਨੂੰ ਦਰਸਾਉਂਦੀ ਹੈ ਅਤੇ ਰੱਖਿਆ ਨਿਰਮਾਣ ’ਚ ਆਤਮਨਿਰਭਰਤਾ ਲਈ ਰਾਸ਼ਟਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਇਹ ਉਪਲੱਬਧੀ ਦੇਸ਼ ਦੇ ਸਮੁੰਦਰੀ ਹਿੱਤਾਂ ਦੀ ਰੱਖਿਆ ਲਈ ਭਾਰਤੀ ਜਲ ਸੈਨਾ ਦੀ ਅਟੁੱਟ ਵਚਨਬੱਧਤਾ ਅਤੇ ਆਤਮਨਿਰਭਰਤਾ ਭਾਰਤ ਦੇ ਪ੍ਰਤੀ ਸਮਰਪਣ ਦਾ ਪ੍ਰਮਾਣ ਹੈ।

## ਛੱਤੀਸਗੜ੍ਹ ’ਚ ‘ਰੋਪਵੇਅ’ ਟਰਾਲੀ ਡਿੱਗੀ, ਭਾਜਪਾ ਆਗੂਆਂ ਸਮੇਤ 6 ਜ਼ਖਮੀ

ਰਾਜਨਾਂਦਗਾਓਂ, 25 ਅਪ੍ਰੈਲ। ਛੱਤੀਸਗੜ੍ਹ ਦੇ ਰਾਜਨਾਂਦਗਾਓਂ ਜ਼ਿਲੇ ਵਿਚ ਸ਼ੁੱਕਰਵਾਰ ਨੂੰ ਡੋਂਗਰਗੜ੍ਹ ਪਹਾੜੀ ’ਤੇ ਸਥਿਤ ਮਸ਼ਹੂਰ ਬਮਲੇਸ਼ਵਰੀ ਦੇਵੀ ਮੰਦਰ ਦੇ ਦਰਸ਼ਨ ਕਰਨ ਤੋਂ ਬਾਅਦ ਸ਼ੁੱਕਰਵਾਰ ਨੂੰ ਵਾਪਸ ਪਰਤਣ ਮੌਕੇ ਇਕ ਟਰਾਲੀ ਦੇ ‘ਰੋਪਵੇਅ’ ਤੋਂ ਟੁੱਟ ਕੇ ਡਿੱਗਣ ਕਾਰਨ ਉਸ ਵਿਚ ਸਵਾਰ ਭਾਜਪਾ ਆਗੂਆਂ ਸਮੇਤ 6 ਲੋਕ ਜ਼ਖਮੀ ਹੋ ਗਏ। ਅਧਿਕਾਰੀਆਂ ਨੇ ਦੱਸਿਆ ਕਿ ਇਸ ਘਟਨਾ ਵਿਚ ਸੀਨੀਅਰ ਭਾਜਪਾ ਆਗੂ ਅਤੇ ਸਾਬਕਾ ਮੰਤਰੀ ਰਾਮਸੇਵਕ ਪੈਂਕਰਾ, ਭਾਜਪਾ ਸੂਬਾ ਜਨਰਲ ਸਕੱਤਰ ਭਰਤ ਵਰਮਾ, ਮਾਂ ਬਮਲੇਸ਼ਵਰੀ ਮੰਦਰ ਟਰੱਸਟ ਦੇ ਪ੍ਰਧਾਨ ਮਨੋਜ ਅਗਰਵਾਲ, ਭਾਜਪਾ ਆਗੂ ਦਯਾ ਸਿੰਘ ਅਤੇ 2 ਹੋਰ ਜ਼ਖਮੀ ਹੋ ਗਏ। ਅਧਿਕਾਰੀ ਨੇ ਦੱਸਿਆ ਕਿ ਜ਼ਖਮੀਆਂ ’ਚੋਂ ਭਰਤ ਵਰਮਾ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਘਟਨਾ ਤੋਂ ਬਾਅਦ ਸਥਾਨਕ ਲੋਕਾਂ ਨੇ ਜ਼ਖਮੀਆਂ ਨੂੰ ਟਰਾਲੀ ’ਚੋਂ ਬਾਹਰ ਕੱਢਿਆ ਅਤੇ ਡੋਂਗਰਗੜ੍ਹ ਦੇ ਇਕ ਨਿੱਜੀ ਹਸਪਤਾਲ ਵਿਚ ਦਾਖਲ ਕਰਵਾਇਆ।

## ਹਮੀਰਪੁਰ, ਚੰਬਾ ਦੇ ਡਿਪਟੀ ਕਮਿਸ਼ਨਰ ਦਫ਼ਤਰਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ

ਹਮੀਰਪੁਰ 25 ਅਪ੍ਰੈਲ। ਹਿਮਾਚਲ ਪ੍ਰਦੇਸ਼ ’ਚ ਮੰਡੀ ਅਤੇ ਸ਼ਿਮਲਾ ਤੋਂ ਬਾਅਦ ਸ਼ੁੱਕਰਵਾਰ ਨੂੰ ਹਮੀਰਪੁਰ ਅਤੇ ਚੰਬਾ ਡਿਪਟੀ ਕਮਿਸ਼ਨ ਦਫ਼ਤਰਾਂ ਦੀਆਂ ਇਮਾਰਤਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ। ਇਸ ਤੋਂ ਪਹਿਲਾਂ ਮੰਡੀ ਸਥਿਤ ਡਿਪਟੀ ਕਮਿਸ਼ਨਰ ਦਫ਼ਤਰ ਅਤੇ ਹਿਮਾਚਲ ਸਕੱਤਰੇਤ ਸਥਿਤ ਮੁੱਖ ਸਕੱਤਰ ਦਫ਼ਤਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਸੀ। ਰਿਪੋਰਟ ’ਚ ਦੱਸਿਆ ਗਿਆ ਹੈ ਕਿ ਦੋਵੇਂ ਡਿਪਟੀ ਕਮਿਸ਼ਨਰ ਦਫ਼ਤਰਾਂ ਨੂੰ ਈ-ਮੇਲ ਰਾਹੀਂ ਇਹ ਧਮਕੀ ਮਿਲੀ ਹੈ। ਇਸ ਤੋਂ ਬਾਅਦ




ਚਾਰੇ ਪਾਸੇ ਦਹਿਸ਼ਤ ਫੈਲ ਈ ਅਤੇ ਪੂਰੇ ਕੈਂਪਸ ਨੂੰ ਖਾਲੀ ਕਰਵਾ ਦਿੱਤਾ ਗਿਆ। ਹਮੀਰਪੁਰ ’ਚ ਪੁਲਸ ਨੇ ਪੂਰੇ ਕੰਪਲੈਕਸ ਦੀ ਘੇਰਾਬੰਦੀ ਕਰ ਦਿੱਤੀ ਅਤੇ ਡੌਗ ਸਕੁਐਡ ਨੂੰ ਵੀ ਮੌਕੇ ’ਤੇ ਤਾਇਨਾਤ ਕਰ ਦਿੱਤਾ ਗਿਆ ਹੈ। ਫਿਲਹਾਲ ਸਥਿਤੀ ਆਮ ਹੈ ਅਤੇ ਪੁਲਸ ਇਹ ਪਤਾ ਲਗਾਉਣ ’ਚ ਜੁਟੀ ਹੈ ਕਿ ਕੰਪਲੈਕਸ ’ਚ ਕੋਈ ਬੰਬ ਵਰਗਾ ਉਪਕਰਣ ਤਾਂ ਨਹੀਂ ਲਗਾਇਆ ਗਿਆ ਹੈ। ਡਿਪਟੀ ਕਮਿਸ਼ਨਰ ਦਾ ਦਫ਼ਤਰ ਹਮੀਰਪੁਰ ਸ਼ਹਿਰ ਦੇ ਵਿਚੋ-ਵਿਚ ਸਥਿਤ ਹੈ, ਜਿਸ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਧਮਕੀ ਭਰਿਆ ਈ-ਮੇਲ ਮਿਲਣ ਤੋਂ ਬਾਅਦ ਹੀ ਡਿਪਟੀ ਕਮਿਸ਼ਨਰ ਦਫ਼ਤਰ ਕੰਪਲੈਕਸ ਨੂੰ ਖ਼ਾਲੀ ਕਰਵਾ ਦਿੱਤਾ ਗਿਆ। ਇਸ ਕੰਪਲੈਕਸ ’ਚ ਹਮੀਰਪੁਰ ਪੁਲਸ ਸੁਪਰਡੈਂਟ ਦਾ ਦਫ਼ਤਰ ਵੀ ਹੈ। ਈ-ਮੇਲ ਮਿਲਣ ਤੋਂ ਬਾਅਦ ਸੁਰੱਖਿਆ ਏਜੰਸੀਆਂ ਨੇ ਡੌਗ ਸਕੁਐਡ ਨਾਲ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਤੋਂ ਪਹਿਲਾਂ ਮੰਡੀ ਦੇ ਡਿਪਟੀ ਕਮਿਸ਼ਨਰ ਦਫ਼ਤਰ ਅਤੇ ਹਿਮਾਚਲ ਸਕੱਤਰੇਤ ਦੇ ਮੁੱਖ ਸਕੱਤਰ ਦਫ਼ਤਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਸੀ। ਇਸ ਤੋਂ ਬਾਅਦ ਪੁਲਸ ਨੇ ਸਰਗਰਮੀ ਵਧਾ ਦਿੱਤੀ ਸੀ। ਧਮਕੀ ਮਿਲਣ ਤੋਂ ਬਾਅਦ ਪ੍ਰਸ਼ਾਸਨ ਅਤੇ ਸੁਰੱਖਿਆ ਏਜੰਸੀਆਂ ਅਲਰਟ ਹੋ ਗਈਆਂ। ਜਾਂਚ ਦੌਰਾਨ ਹਾਲਾਂਕਿ ਕਿਸੇ ਤਰ੍ਹਾਂ ਦੀ ਵਿਸਫ਼ੋਟਕ ਸਮੱਗਰੀ ਨਹੀਂ ਮਿਲੀ ਹੈ। ਇਕ ਅਧਿਕਾਰਤ ਬੁਲਾਰੇ ਨੇ ਕਿਹਾ ਕਿ ਬੰਬ ਦੀ ਧਮਕੀ ਸਿਰਫ਼ ਇਕ ਅਫਵਾਹ ਸੀ ਅਤੇ ਇਸ ਨੂੰ ਜਨਤਾ ’ਚ ਡਰ ਫੈਲਾਉਣ ਲਈ ਭੇਜਿਆ ਗਿਆ ਸੀ।

## ਬਿਕਰਮ ਮਜੀਠੀਆ ਨੂੰ ਲੈ ਕੇ ਸੁਪਰੀਮ ਕੋਰਟ ਦਾ ਵੱਡਾ ਫ਼ੈਸਲਾ

ਨਵੀਂ ਦਿੱਲੀ/ਚੰਡੀਗੜ੍ਹ 25 ਅਪ੍ਰੈਲ। ਸੁਪਰੀਮ ਕੋਰਟ ਨੇ ਬਿਕਰਮ ਮਜੀਠੀਆ ਮਾਮਲੇ ਵਿਚ ਸੁਣਵਾਈ ਦੌਰਾਨ ਅਹਿਮ ਹੁਕਮ ਜਾਰੀ ਕੀਤੇ ਹਨ। ਸੁਪਰੀਮ ਕੋਰਟ ਨੇ ਆਖਿਆ ਹੈ ਕਿ ਬਿਕਰਮ ਸਿੰਘ ਮਜੀਠੀਆ ਐੱਸ. ਆਈ. ਟੀ. ਨੂੰ ਲੈ ਕੇ ਮੀਡੀਆ ਵਿਚ ਕੋਈ ਬਿਆਨ ਨਹੀਂ ਦੇਣਗੇ। ਮਜੀਠੀਆ ਸਿੱਟ ਦੇ ਕਿਸੇ ਵੀ ਮੈਂਬਰ ਨੂੰ ਲੈ ਕੇ ਮੀਡੀਆ ਸਾਹਮਣੇ ਕੋਈ ਟਿੱਪਣੀ ਨਹੀਂ ਕਰ ਸਕਦੇ। ਇਸ ਤੋਂ ਇਲਾਵਾ ਅਦਾਲਤ ਨੇ ਹੁਕਮ ਦਿੱਤਾ ਕਿ ਜਦੋਂ



ਵੀ ਐੱਸ. ਆਈ. ਟੀ. ਮਜੀਠੀਆ ਨੂੰ ਬੁਲਾਵੇਗੀ, ਉਨ੍ਹਾਂ ਨੂੰ ਹਾਜ਼ਰ ਹੋਣਾ ਪਵੇਗਾ। ਜੇ ਮਜੀਠੀਆ ਐੱਸ. ਆਈ. ਟੀ. ਨਾਲ ਸਹਿਯੋਗ ਨਹੀਂ ਕਰਨਗੇ ਤਾਂ ਅਦਾਲਤ ਕੋਲ ਉਨ੍ਹਾਂ ਦੀ ਜ਼ਮਾਨਤ ਰੱਦ ਕਰਨ ਤੋਂ ਇਲਾਵਾ ਹੋਰ ਕੋਈ ਰਾਹ ਨਹੀਂ ਬਚੇਗਾ। ਲਿਹਾਜ਼ਾ ਉਨ੍ਹਾਂ ਨੂੰ ਹਰ ਹਾਲ ਵਿਚ ਐੱਸ. ਆਈ. ਟੀ. ਦਾ ਸਹਿਯੋਗ ਕਰਨਾ ਲਾਜ਼ਮੀ ਹੈ। ਇਸ ਵਿਚਾਲੇ ਜੇਕਰ ਉਹ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਕਰਦੇ ਹਨ ਤਾਂ ਉਨ੍ਹਾਂ ÷ਤੇ ਕਾਰਵਾਈ ਹੋਵੇਗੀ।

# ਸ਼ਿਮਲਾ ਸਮਝੌਤੇ ਦੇ ਇਤਿਹਾਸਕ ਮੇਜ਼ ਤੋਂ ਹਟਾਇਆ ਗਿਆ ਪਾਕਿਸਤਾਨੀ ਝੰਡਾ

**ਏਜੰਸੀਆਂ**

ਸ਼ਿਮਲਾ 25 ਅਪ੍ਰੈਲ। ਹਿਮਾਚਲ ਪ੍ਰਦੇਸ਼ ਰਾਜ ਭਵਨ ’ਚ ਉਸ ਇਤਿਹਾਸਕ ਮੇਜ਼ ਤੋਂ ਸ਼ੁੱਕਰਵਾਰ ਸਵੇਰੇ ਪਾਕਿਸਤਾਨੀ ਝੰਡਾ ਗਾਇਬ ਮਿਲਿਆ, ਜਿਸ ’ਤੇ ਬੈਠ ਕੇ ਸ਼ਿਮਲਾ ਸਮਝੌਤੇ ’ਤੇ ਦਸਤਖ਼ਤ ਕੀਤੇ ਗਏ ਸਨ। ਇਹ ਗੱਲ ਪਾਕਿਸਤਾਨ ਵੱਲੋਂ 1972 ’ਚ ਹੋਏ ਸਮਝੌਤੇ ਨੂੰ ਮੁਅੱਤਲ ਕਰਨ ਤੋਂ ਇਕ ਦਿਨ ਬਾਅਦ ਸਾਹਮਣੇ ਆਈ ਹੈ। ਜੰਮੂ-ਕਸ਼ਮੀਰ ਦੇ ਪਹਿਲਗਾਮ ’ਚ ਮੰਗਲਵਾਰ ਨੂੰ ਹੋਏ ਅੱਤਵਾਦੀ ਹਮਲੇ ’ਚ 26 ਸੈਲਾਨੀਆਂ ਦੀ ਮੌਤ ਤੋਂ ਬਾਅਦ ਭਾਰਤ ਦੀ ਜਵਾਬੀ ਕਾਰਵਾਈ ਦੇ ਜਵਾਬ ’ਚ ਪਾਕਿਸਤਾਨ ਵੱਲੋਂ ਸ਼ਿਮਲਾ ਸਮਝੌਤਾ ਮੁਅੱਤਲ ਕਰ ਦਿੱਤਾ ਗਿਆ ਹੈ। ਇਸ ਸਮਝੌਤੇ ’ਤੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਤੇ ਪਾਕਿਸਤਾਨ ਦੇ ਰਾਸ਼ਟਰਪਤੀ ਜ਼ੁਲਫਿਕਾਰ ਅਲੀ ਭੁੱਟੋ ਨੇ 2 ਅਤੇ 3 ਜੁਲਾਈ ਦੀ ਦਰਮਿਆਨੀ ਰਾਤ ਨੂੰ ਦਸਤਖ਼ਤ ਕੀਤੇ ਸਨ। ਸਮਝੌਤੇ ’ਤੇ ਦਸਤਖ਼ਤ ਜਿਸ ਚਮਕਦਾਰ ਲੱਕੜੀ ਦੇ ਮੇਜ਼ ’ਤੇ ਕੀਤੇ ਗਏ, ਉਸ ਨੂੰ ਹਿਮਾਚਲ ਪ੍ਰਦੇਸ਼ ਰਾਜ ਭਵਨ ਦੇ ਕੀਰਤੀ ਹਾਲ ’ਚ ਇਕ ਉੱਚੇ ਲਾਲ ਰੰਗ ਦੇ ਮੰਚ ’ਤੇ ਰੱਖਿਆ ਗਿਆ ਹੈ। ਮੇਜ਼ ’ਤੇ ਭੁੱਟੋ ਵਲੋਂ ਸਮਝੌਤੇ ’ਤੇ ਦਸਤਖ਼ਤ ਕਰਨ ਅਤੇ ਉਨ੍ਹਾਂ ਨਾਲ ਬੈਠੀ ਇੰਦਰਾ ਗਾਂਧੀ ਦੀ ਤਸਵੀਰ ਰੱਖੀ ਹੋਈ ਹੈ, ਜਦੋਂ ਕਿ ਪਿਛੋਕੜ ’ਚ ਕੰਧ ’ਤੇ 1972 ਦੇ ਭਾਰਤ-ਪਾਕਿਸਤਾਨ ਸਿਖਰ ਸੰਮੇਲਨ ਦੀਆਂ ਕਈ ਤਸਵੀਰਾਂ ਲੱਗੀਆਂ ਹੋਈਆਂ ਹਨ। ਹਾਲਾਂਕਿ ਇਹ ਸਪੱਸ਼ਟ ਨਹੀਂ ਹੈ ਕਿ ਪਾਕਿਸਤਾਨੀ ਝੰਡਾ ਕਦੋਂ ਹਟਾਇਆ ਗਿਆ ਪਰ ਰਾਜ ਭਵਨ ਦੇ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਕਿ



ਗੁਆਂਢੀ ਦੇਸ਼ ਦਾ ਝੰਡਾ ‘ਮੇਜ਼ ’ਤੇ ਨਹੀਂ’ ਹੈ। ਸਮਝੌਤੇ ’ਤੇ ਦਸਤਖ਼ਤ ਨੂੰ ਕਵਰ ਕਰਨ ਵਾਲੇ ਇਕ ਸੀਨੀਅਰ ਪੱਤਰਕਾਰ ਨੇ ਸ਼ੁੱਕਰਵਾਰ ਨੂੰ ਦੱਸਿਆ ਕਿ ਕਰੀਬ 53 ਸਾਲ ਪੁਰਾਣੇ ਇਸ ਸਮਝੌਤੇ ’ਚ ਸਾਰੇ ਵਿਵਾਦਿਤ ਮੁੱਦਿਆਂ ਨੂੰ ਦੋ-ਪੱਖੀ ਤੌਰ ’ਤੇ ਸੁਲਝਾਉਣ ਅਤੇ ਕੰਟਰੋਲ ਰੇਖਾ (ਐੱਲਓਸੀ) ’ਤੇ ਸ਼ਾਂਤੀ ਬਣਾਏ ਰੱਖਣ ’ਤੇ ਜ਼ੋਰ ਦਿੱਤਾ ਗਿਆ ਸੀ।” ਉਨ੍ਹਾਂ ਕਿਹਾ,”ਹਾਲਾਂਕਿ, ਪਾਕਿਸਤਾਨ ਵਲੋਂ ਇਸ ਦੀ ਵਾਰ-ਵਾਰ ਉਲੰਘਣਾ ਕੀਤੀ। ਇੱਥੇ ਤੱਕ ਕਿ ਜੇਕਰ ਝੰਡਾ ਹਟਾ ਵੀ ਦਿੱਤਾ ਜਾਂਦਾ ਹੈ ਤਾਂ ਵੀ ਕੋਈ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ, ਕਿਉਂਕਿ ਪਹਿਲਾਂ ਵੀ ਪਾਕਿਸਤਾਨ ਵਲੋਂ ਕਈ ਵਾਰ ਸਮਝੌਤੇ ਦੀ ਉਲੰਘਣਾ ਕੀਤੀ ਗਈ ਹੈ।” ਸੀਨੀਅਰ ਪੱਤਰਕਾਰ ਨੇ ਕਿਹਾ ਕਿ ਸਮਝੌਤੇ ’ਤੇ ਉਸ ਸਮੇਂ ਦਸਤਖ਼ਤ ਕੀਤੇ ਗਏ ਸਨ, ਜਦੋਂ ਸਥਿਤੀ ਪੂਰੀ ਤਰ੍ਹਾਂ ਨਾਲ ਭਾਰਤ ਦੇ ਕੰਟਰੋਲ ’ਚ ਸੀ ਅਤੇ ਉਸ ਨੇ 90 ਹਜ਼ਾਰ ਯੁੱਧ ਬੰਦੀਆਂ ਨੂੰ ਵਾਪਸ ਕਰਨ ਅਤੇ ਭਾਰਤੀ ਫ਼ੌਜ ਵਲੋਂ ਕਬਜ਼ਾ ਕੀਤੀ ਗਈ 13 ਹਜ਼ਾਰ ਵਰਗ ਕਿਲੋਮੀਟਰ ਜ਼ਮੀਨ ਵਾਪਸ ਕਰਨ ਦਾ ਫ਼ੈਸਲਾ ਕੀਤਾ ਸੀ, ਜੋ ਇਕ ਭਾਰੀ ਭੁੱਲ ਸੀ। ਉਨ੍ਹਾਂ ਨੇ ਪਹਿਲਗਾਮ, ਪੁਲਵਾਮਾ ਅਤੇ ਉੜੀ ’ਚ ਹੋਏ ਅੱਤਵਾਦੀ ਹਮਲਿਆਂ ਦਾ ਜ਼ਿਕਰ ਕਰਦੇ ਹੋਏ ਕਿਹਾ,”ਉਸ ਭੁੱਲ ਦੀ ਅਸੀਂ ਇਹ ਕੀਮਤ ਚੁਕਾ ਰਹੇ ਹਾਂ।”

# ਸੁਪਰੀਮ ਕੋਰਟ ਦੀ ਰਾਹੁਲ ਗਾਂਧੀ ਨੂੰ ਫਟਕਾਰ

**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 25 ਅਪ੍ਰੈਲ। ਸੁਪਰੀਮ ਕੋਰਟ ਨੇ ਵੀਰ ਸਾਵਰਕਰ ’ਤੇ ਅਪਮਾਨਜਨਕਰ ਟਿੱਪਣੀ ਨੂੰ ਲੈ ਕੇ ਸ਼ੁੱਕਰਵਾਰ ਨੂੰ ਕਾਂਗਰਸ ਸੰਸਦ ਮੈਂਬਰ ਅਤੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੂੰ ਫਟਕਾਰ ਲਗਾਈ। ਕੋਰਟ ਨੇ ਕਿਹਾ,”ਅਸੀਂ ਸੁਤੰਤਰਤਾ ਸੈਨਾਨੀਆਂ ਖ਼?ਲਾਫ਼ ਕਿਸੇ ਨੂੰ ਗਲਤ ਬੋਲਣ ਦੀ ਮਨਜ਼ੂਰੀ ਨਹੀਂ ਦੇ ਸਕਦੇ। ਉਨ੍ਹਾਂ ਨੇ ਸਾਨੂੰ ਆਜ਼ਾਦੀ ਦਿਵਾਈ ਅਤੇ ਅਸੀਂ ਉਨ੍ਹਾਂ ਨਾਲ ਕੀ ਰਵੱਈਆ ਕਰ ਰਹੇ ਹਾਂ।” ਸੁਪਰੀਮ ਕੋਰਟ ਨੇ ਰਾਹੁਲ ਗਾਂਧੀ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਤੁਸੀਂ ਅੱਗੇ ਤੋਂ ਅਜਿਹਾ ਕੋਈ ਬਿਆਨ ਦੇਵੋਗੇ ਤਾਂ ਅਸੀਂ ਖ਼ੁਦ ਨੋਟਿਸ ਲੈ ਕੇ ਕਾਰਵਾਈ ਕਰਾਂਗੇ। ਸੁਤੰਤਰਤਾ ਸੈਨਾਨੀਆਂ ਬਾਰੇ ਗੈਰ-ਜ਼ਿੰਮੇਵਾਰ ਬਿਆਨ ਨਾ ਦਿਓ। ਇਸ ਦੇ ਨਾਲ ਕੋਰਟ ਨੇ ਸਾਵਰਕਰ ’ਤੇ ਟਿੱਪਣੀ ਦੇ ਮਾਮਲੇ ’ਚ ਰਾਹੁਲ ਖ਼?ਲਾਫ਼ ਟ?ਰਾਇਲ ਕੋਰਟ ਦੇ ਸੰਮਨ ’ਤੇ ਰੋਕ ਲਗਾ ਦਿੱਤੀ। ਇਲਾਹਾਬਾਦ ਹਾਈ ਕੋਰਟ ਨੇ 4 ਅਪ੍ਰੈਲ ਨੂੰ ਸੰਮਨ ’ਤੇ ਰੋਕ ਲਗਾਉਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਤੋਂ ਬਾਅਦ ਰਾਹੁਲ ਨੇ ਸੁਪਰੀਮ ਕੋਰਟ ’ਚ ਪਟੀਸ਼ਨ ਲਗਾਈ



ਸੀ। ਦੱਸਣਯੋਗ ਹੈ ਕਿ 17 ਨਵੰਬਰ 2022 ਨੂੰ ਮਹਾਰਾਸ਼ਟਰ ਦੇ ਅਕੋਲਾ ਜ਼ਿਲ੍ਹੇ ’ਚ ਭਾਰਤ ਜੋੜੋ ਯਾਤਰਾ ਦੌਰਾਨ ਰਾਹੁਲ ਗਾਂਧੀ ਨੇ ਇਕ ਰੈਲੀ ’ਚ ਸਾਵਰਕਰ ਬਾਰੇ ਟਿੱਪਣੀ ਕੀਤੀ ਸੀ। ਮੀਡੀਆ ਦੇ ਸਾਹਮਣੇ ਇਕ ਪੱਤਰ ਦਿਖਾਉਂਦੇ ਹੋਏ ਉਨ੍ਹਾਂ ਕਿਹਾ ਸੀ ਕਿ ਇਹ ਪੱਤਰ ਸਾਵਰਕਰ ਨੇ ਅੰਗਰੇਜ਼ਾਂ ਨੂੰ ਲਿਖਿਆ ਸੀ। ਇਸ ’ਚ ਉਨ੍ਹਾਂ ਨੇ ਖ਼ੁਦ ਨੂੰ ਅੰਗਰੇਜ਼ਾਂ ਦਾ ਨੌਕਰ ਬਣੇ ਰਹਿਣ ਦੀ ਗੱਲ ਕਹੀ ਸੀ। ਨਾਲ ਹੀ ਡਰ ਕੇ ਮੁਆਫ਼ੀ ਵੀ ਮੰਗੀ ਸੀ। ਗਾਂਧੀ-ਨਹਿਰੂ ਨੇ ਅਜਿਹਾ ਨਹੀਂ ਕੀਤਾ, ਇਸ ਲਈ ਉਹ ਸਾਲਾਂ ਤੱਕ ਜੇਲ੍ਹ ’ਚ ਰਹੇ। ਰਾਹੁਲ ਨੇ ਕਿਹਾ,”ਗਾਂਧੀ, ਨਹਿਰੂ ਅਤੇ ਪਟੇਲ ਸਾਲਾਂ ਤੱਕ ਜੇਲ੍ਹ ’ਚ ਰਹੇ ਅਤੇ ਕਿਸੇ ਵੀ ਪੱਤਰ ’ਤੇ ਦਸਤਖਤ ਨਹੀਂ ਕੀਤੇ।” ਸਾਵਰਕਰ ਜੀ ਨੇ ਇਸ ਪੱਤਰ ’ਤੇ ਦਸਤਖਤ ਕੀਤੇ, ਉਸ ਦਾ ਕਾਰਨ ਡਰ ਸੀ। ਜੇਕਰ ਡਰਦੇ ਨਹੀਂ ਤਾਂ ਕਦੇ ਦਸਤਖ਼ਤ ਨਹੀਂ ਕਰਦੇ। ਸਾਵਰਕਰ ਨੇ ਜਦੋਂ ਦਸਤਖ਼ਤ ਕੀਤਾ ਤਾਂ ਹਿੰਦੁਸਤਾਨ ’ਚ ਗਾਂਧੀ, ਪਟੇਲ ਨੂੰ ਧੋਖਾ ਦਿੱਤਾ ਸੀ। ਉਨ੍ਹਾਂ ਲੋਕਾਂ ਨੂੰ ਵੀ ਕਿਹਾ ਕਿ ਗਾਂਧੀ ਅਤੇ ਪਟੇਲ ਵੀ ਦਸਤਖ਼ਤ ਕਰ ਦੇਣ।”

## ਦਿੱਲੀ ਮੇਅਰ ਚੋਣਾਂ ’ਚ ਭਾਜਪਾ ਉਮੀਦਵਾਰ ਰਾਜਾ ਇਕਬਾਲ ਨੇ ਜਿੱਤ ਕੀਤੀ ਦਰਜ

ਨਵੀਂ ਦਿੱਲੀ 25 ਅਪ੍ਰੈਲ। ਭਾਜਪਾ ਉਮੀਦਵਾਰ ਰਾਜਾ ਇਕਬਾਲ ਸ਼ੁੱਕਰਵਾਰ ਨੂੰ ਦਿੱਲੀ ਦੇ ਨਵੇਂ ਮੇਅਰ ਚੁਣੇ ਗਏ। ਇਸ ਦੇ ਨਾਲ ਹੀ ਭਾਜਪਾ 2 ਸਾਲਾਂ ਬਾਅਦ ਦਿੱਲੀ ਨਗਰ ਨਿਗਮ (ਐੱਮਸੀਡੀ) ’ਚ ਸੱਤਾ ’ਚ ਪਰਤ ਆਈ। ਇਕਬਾਲ ਨੇ ਕਾਂਗਰਸ ਉਮੀਦਵਾਰ ਮਨਦੀਪ ਸਿੰਘ ਨੂੰ ਹਰਾਇਆ।



ਆਮ ਆਦਮੀ ਪਾਰਟੀ (ਆਪ) ਨੇ ਮੇਅਰ ਚੋਣਾਂ ਦਾ ਬਾਈਕਾਟ ਕੀਤਾ। ਰਾਜਾ ਇਕਬਾਲ ਐੱਮਸੀਡੀ ’ਚ ਵਿਰੋਧੀ ਧਿਰ ਦੇ ਨੇਤਾ ਸਨ ਅਤੇ ਉਹ ਪਹਿਲਾਂ ਉੱਤਰੀ ਐੱਮਸੀਡੀ ਦੇ ਮੇਅਰ ਰਹਿ ਚੁੱਕੇ ਹਨ। ਸਰਦਾਰ ਰਾਜਾ ਇਕਬਾਲ ਸਿੰਘ ਭਾਜਪਾ ਦਿੱਲੀ ਦੇ ਜੀਟੀਬੀ ਨਗਰ ਤੋਂ ਕੌਂਸਲਰ ਰਹਿ ਚੁੱਕੇ ਹਨ। ਉਹ 2020 ਦੇ ਸਤੰਬਰ ਮਹੀਨੇ ਤੱਕ ਨਿਗਮ ਦੇ ਸਿਵਲ ਲਾਈਨਜ਼ ਜ਼ੋਨ ਦੇ ਮੁਖੀ ਵੀ ਰਹੇ ਸਨ। ਦੱਸਣਯੋਗ ਹੈ ਕਿ ਰਾਜਾ ਇਕਬਾਲ ਸਿੰਘ ਅਕਾਲੀ ਦਲ ਛੱਡ ਕੇ ਭਾਜਪਾ ’ਚ ਸ਼ਾਮਲ ਹੋਏ ਸਨ।

## ਪਹਿਲਗਾਮ ਹਮਲੇ ਦੇ ਪੀੜਤਾਂ ਨੂੰ ਮਿਲੇ ਰਾਹੁਲ, ਕਿਹਾ- ਅੱਤਵਾਦ ਖਿਲਾਫ਼ ਇਕਜੁੱਟ ਹੋਣਾ ਜ਼ਰੂਰੀ

ਸ਼ਰੀਨਗਰ 25 ਅਪ੍ਰੈਲ। ਪਹਿਲਗਾਮ ਅੱਤਵਾਦੀ ਹਮਲੇ ਮਗਰੋਂ ਲੋਕ ਸਭਾ ’ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਅੱਜ ਕਸ਼ਮੀਰ ਦੌਰੇ ’ਤੇ ਗਏ ਹਨ। ਇਸ ਦੌਰਾਨ ਉਨ੍ਹਾਂ



ਪਹਿਲਗਾਮ ਅੱਤਵਾਦੀ ਹਮਲੇ ਵਿਚ ਜ਼ਖ਼ਮੀ ਹੋਏ ਲੋਕਾਂ ਨਾਲ ਮੁਲਾਕਾਤ ਕੀਤੀ। ਰਾਹੁਲ ਨੇ ਹਮਲੇ ਵਿਚ ਜ਼ਖ਼ਮੀ ਲੋਕਾਂ ਦੀ ਸਿਹਤ ਬਾਰੇ ਜਾਣਕਾਰੀ ਲੈਣ ਲਈ ਇੱਥੇ ਬਾਦਾਮੀਬਾਗ ਛਾਉਣੀ ਵਿਚ ਫ਼ੌਜ ਦੇ ਬੇਸ ਹਸਪਤਾਲ ਗਏ। ਉਨ੍ਹਾਂ ਨੇ ਅੱਤਵਾਦੀ ਹਮਲੇ ਦੇ ਪੀੜਤਾਂ ਨਾਲ ਵੀ ਮੁਲਾਕਾਤ ਕੀਤੀ। ਰਾਹੁਲ ਗਾਂਧੀ ਨੇ ਕਿਹਾ ਕਿ ਪਹਿਲਗਾਮ ਵਿਚ ਹੋਇਆ ਅੱਤਵਾਦੀ ਹਮਲਾ ਮਨੁੱਖਤਾ ’ਤੇ ਹਮਲਾ ਹੈ, ਮੁਹੱਬਤ ਅਤੇ ਭਾਈਚਾਰੇ ਨੂੰ ਮਿਟਾਉਣ ਦੀ ਇਕ ਸ਼ਰਮਨਾਕ ਕੋਸ਼ਿਸ਼ ਹੈ। ਅੱਤਵਾਦ ਖਿਲਾਫ਼ ਸਾਨੂੰ ਸਾਰਿਆਂ ਨੂੰ ਇਕਜੁੱਟ ਹੋਣਾ ਹੋਵੇਗਾ। ਸਾਨੂੰ ਇਕੱਠੇ ਮਿਲ ਕੇ ਇਨ੍ਹਾਂ ਨਫ਼ਰਤੀ ਤਾਕਤਾਂ ਨੂੰ ਕਰਾਰਾ ਜਵਾਬ ਦੇਣਾ ਹੋਵੇਗਾ। ਰਾਹੁਲ ਨੇ ਅੱਗੇ ਕਿਹਾ ਕਿ ਅੱਤਵਾਦੀਆਂ ਦਾ ਇਰਾਦਾ ਸਮਾਜ ਨੂੰ ਵੰਡਣਾ ਹੈ ਅਤੇ ਸਾਨੂੰ ਅੱਤਵਾਦੀਆਂ ਨੂੰ ਸਫ਼ਲ ਨਹੀਂ ਹੋਣ ਦੇਣਾ ਹੈ। ਰਾਹੁਲ ਨੇ ਕਿਹਾ ਕਿ ਪਹਿਲਗਾਮ ਵਿਚ ਜੋ ਕੁਝ ਵੀ ਹੋਇਆ ਉਸ ਦੇ ਪਿੱਛੇ ਸਮਾਜ ਨੂੰ ਵੰਡਣ ਦੀ ਮੰਸ਼ਾ ਹੈ। ਪੂਰਾ ਦੇਸ਼ ਪੀੜਤਾਂ ਨਾਲ ਹੈ। ਇਹ ਜ਼ਰੂਰੀ ਹੈ ਕਿ ਸਾਰੇ ਭਾਰਤੀ ਇਕਜੁੱਟ ਹੋਣ, ਤਾਂ ਕਿ ਅਸੀਂ ਅੱਤਵਾਦੀਆਂ ਅਤੇ ਉਨ੍ਹਾਂ ਦੇ ਇਰਾਦਿਆਂ ਨੂੰ ਹਾਰ ਸਕੀਏ।

# ਪੰਜਾਬ ਦੇ ਪਿੰਡਾਂ ਲਈ ਸੂਬਾ ਸਰਕਾਰ ਦਾ ਵੱਡਾ ਐਲਾਨ

**ਤੇਜਿੰਦਰ ਕੌਰ ਬੱਬਰ**

ਚੰਡੀਗੜ੍ਹ 25 ਅਪ੍ਰੈਲ। ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਵਿਚ ਪਿੰਡਾਂ ਦੀਆਂ ਪੰਚਾਇਤਾਂ ਤੋਂ ਸਮਰਥਨ ਦੀ ਮੰਗ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਦੇ ਨਸ਼ਾ ਮੁਕਤ ਪਿੰਡਾਂ ਲਈ ਵੱਡੇ ਪ੍ਰਾਜੈਕਟਾਂ ਦੇ ਨਾਲ-ਨਾਲ ਮਾਲੀ ਮਦਦ ਦੇਣ ਦਾ ਐਲਾਨ ਕੀਤਾ। ਪੰਚਾਇਤ ਦਿਵਸ ਸਬੰਧੀ ਕਰਵਾਏ ਰਾਜ ਪੱਧਰੀ ਸਮਾਗਮ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਜੋ ਪਿੰਡ ਆਪਣੇ ਆਪ ਨੂੰ ਨਸ਼ਾ ਮੁਕਤ ਪਿੰਡ ਐਲਾਨੇਗਾ, ਉਸ ਨੂੰ ਹੋਰ ਅਤਿ-ਆਧੁਨਿਕ ਸਹੂਲਤਾਂ ਤੋਂ ਇਲਾਵਾ ਇਕ ਲੱਖ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਨਸ਼ਾ ਮੁਕਤ ਪਿੰਡਾਂ ਨੂੰ ਮਾਡਲ ਪਿੰਡਾਂ ਵਜੋਂ ਵਿਕਸਤ ਕੀਤਾ ਜਾਵੇਗਾ ਅਤੇ ਉਨ੍ਹਾਂ ਦੇ ਵਿਕਾਸ ਨੂੰ ਹੁਲਾਰਾ ਦੇਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਮਾਨ ਨੇ ਸਰਪੰਚਾਂ ਨੂੰ ਇਸ ਨੇਕ ਕਾਰਜ ਵਿਚ ਸਰਗਰਮ ਭੂਮਿਕਾ ਨਿਭਾਉਣ ਲਈ ਕਿਹਾ ਤਾਂ ਜੋ ਸਰਗਰਮ ਜਨਤਕ ਸਹਿਯੋਗ ਨਾਲ ਸੂਬੇ ਵਿਚੋਂ ਨਸ਼ਿਆਂ ਦੀ ਲਾਹਨਤ ਦਾ ਸਫ਼ਾਇਆ ਕੀਤਾ ਜਾ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਚੁੱਪ-ਚਾਪ ਬੈਠ ਕੇ ਨਸ਼ਾ ਪੀੜਤਾਂ ਦੀਆਂ ਲਾਸ਼ਾਂ ਅਤੇ ਚਿਤਾਵਾਂ ’ਤੇ ਤਸਕਰਾਂ ਨੂੰ ਵਧਦੇ-ਫੁੱਲਦੇ ਹੋਏ ਨਹੀਂ ਦੇਖੇਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਪਹਿਲਾਂ ਹੀ ਨਸ਼ਿਆਂ ਦੀ ਸਪਲਾਈ ਲਾਈਨ ਤੋੜ ਦਿੱਤੀ ਹੈ ਅਤੇ ਇਸ ਘਿਨਾਉਣੇ ਅਪਰਾਧ ਵਿਚ ਸ਼ਾਮਲ ਵੱਡੀਆਂ ਮੱਛੀਆਂ ਨੂੰ ਸਲਾਖਾਂ ਪਿੱਛੇ



ਸੁੱਟ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਵੱਲੋਂ ਗੈਰ-ਕਾਨੂੰਨੀ ਤੌਰ ’ਤੇ ਬਣਾਈ ਜਾਇਦਾਦ ਨੂੰ ਪਹਿਲੀ ਵਾਰ ਸੂਬਾ ਸਰਕਾਰ ਵੱਲੋਂ ਨਸ਼ਟ/ਜ਼ਬਤ ਕੀਤਾ ਜਾ ਰਿਹਾ ਹੈ ਤਾਂ ਜੋ ਇਹ ਦੂਜਿਆਂ ਨੂੰ ਇਸ ਕੰਮ ਵਿਚ ਆਉਣੋਂ ਰੋਕੇ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਪਿੰਡਾਂ ਦੀਆਂ ਪੰਚਾਇਤਾਂ ਜਮਹੂਰੀ ਪ੍ਰਣਾਲੀ ਦਾ ਸਭ ਤੋਂ ਮਹੱਤਵਪੂਰਨ ਅੰਗ ਹਨ, ਜੋ ਪੇਂਡੂ ਖੇਤਰਾਂ ਦੀ ਤਬਦੀਲੀ ਵਿਚ ਅਹਿਮ ਭੂਮਿਕਾ ਨਿਭਾਅ ਰਹੀਆਂ ਹਨ। ਉਨ੍ਹਾਂ ਦੁਹਰਾਇਆ ਕਿ ਸੂਬਾ ਸਰਕਾਰ ਸਰਪੰਚਾਂ ਨੂੰ ਹਰ ਸੰਭਵ ਸਹਾਇਤਾ ਅਤੇ ਸਹਿਯੋਗ ਦੇਣ ਲਈ ਵਚਨਬੱਧ ਹੈ ਕਿਉਂਕਿ ਉਨ੍ਹਾਂ ਨੇ ਸਮੁੱਚੇ ਪੇਂਡੂ ਵਿਕਾਸ ਦੀ ਪ੍ਰਕਿਰਿਆ ਵਿਚ ਸਰਗਰਮ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਪੰਚਾਇਤਾਂ ਅਤੇ ਸਰਪੰਚ ਸੂਬਾ ਸਰਕਾਰ ਦੀਆਂ ਅਸਲ ਅੱਖਾਂ ਅਤੇ ਕੰਨ ਹਨ ਕਿਉਂਕਿ ਉਹ ਜ਼ਮੀਨੀ ਪੱਧਰ ’ਤੇ ਜਨਤਾ ਨਾਲ ਚੰਗੀ ਤਰ੍ਹਾਂ ਜੁੜੇ ਹੋਏ ਹਨ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਸੂਝਵਾਨ ਵੋਟਰਾਂ ਨੇ ਸਾਰੇ ਸਰਪੰਚਾਂ ਨੂੰ ਵੱਡੀ ਜ਼ਿੰਮੇਵਾਰੀ ਸੌਂਪੀ ਹੈ ਅਤੇ ਉਨ੍ਹਾਂ ਨੂੰ ਬਹੁਤ ਸੁਹਿਰਦਤਾ ਨਾਲ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਚਾਇਤਾਂ ਨੂੰ ਜਮਹੂਰੀਅਤ ਦੀ ਨੀਂਹ ਸਮਝਿਆ ਜਾਂਦਾ ਹੈ ਕਿਉਂਕਿ ਜੋ ਉਨ੍ਹਾਂ ਵੱਲੋਂ ਲਏ ਫੈਸਲਿਆਂ ਨੂੰ ਸਮੁੱਚੇ ਪਿੰਡਾਂ ਦੁਆਰਾ ਅਦਬ ਨਾਲ ਸਵੀਕਾਰਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਹੁਣ ਜਦੋਂ ਸੂਬੇ ਦੇ ਲੋਕਾਂ ਨੇ ਸਰਪੰਚਾਂ ਨੂੰ ਤਾਕਤ ਦਿੱਤੀ ਹੈ ਤਾਂ ਲੋਕਾਂ ਦੀ ਇੱਛਾਵਾਂ ਅਤੇ ਹਿੱਤਾਂ ਦੀ ਪੂਰਤੀ ਕਰਨਾ ਇਹ ਸਰਪੰਚਾਂ ਦਾ ਫ਼ਰਜ਼ ਬਣਦਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰਾਂ ਪਿੰਡਾਂ ਦੇ ਵਿਕਾਸ ਲਈ ਯੋਜਨਾਵਾਂ ਉਲੀਕਦੀਆਂ ਹਨ, ਜਦਕਿ ਸਰਪੰਚ ਤੇ ਪੰਚ ਜ਼ਮੀਨੀ ਪੱਧਰ ਉਤੇ ਇਨ੍ਹਾਂ ਯੋਜਨਾਵਾਂ ਨੂੰ ਲਾਗੂ ਕਰਨ ਵਿਚ ਅਹਿਮ ਭੂਮਿਕਾ ਨਿਭਾਅ ਰਹੇ ਹਨ। ਭਗਵੰਤ ਸਿੰਘ ਮਾਨ ਨੇ ਸਾਰੇ ਸਰਪੰਚਾਂ ਨੂੰ ਵਿਕਾਸ ਕਾਰਜ ਲਈ ਆਪਣੇ ਆਪ ਨੂੰ ਸਮਰਪਿਤ ਹੋਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਚੁਣੇ ਹੋਏ ਨੁਮਾਇੰਦਿਆਂ ਨੂੰ ਵਿਕਾਸ ਕਾਰਜਾਂ ਤੇ ਸੇਵਾਵਾਂ ਦੀ ਨਿਗਰਾਨੀ ਨੂੰ ਤਨਦੇਹੀ ਨਾਲ ਯਕੀਨੀ ਬਣਾਉਣ। ਮੁੱਖ ਮੰਤਰੀ ਨੇ ਸਰਪੰਚਾਂ ਨੂੰ ਸੱਦਾ ਦਿੱਤਾ ਕਿ ਉਹ ਇਨ੍ਹਾਂ ਕਾਰਜਾਂ ਵਿਚ ਕਿਸੇ ਵੀ ਤਰ੍ਹਾਂ ਦੀ ਬੇਲੋੜੀ ਦਖਲਅੰਦਾਜ਼ੀ ਤੋਂ ਦੂਰ ਰਹਿਣ। ਉਨ੍ਹਾਂ ਕਿਹਾ ਕਿ ਇਹ ਬਹੁਤ ਮੰਦਭਾਗਾ ਹੈ ਕਿ ਪਿੰਡਾਂ ਵਿਚ ਧੜੇਬੰਦੀ ਕਾਰਨ ਕੰਮ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੇ ਹਨ। ਸਰਪੰਚਾਂ ਨੂੰ ਪਿੰਡਾਂ ਵਿਚ ਧੜੇਬੰਦੀ ਖਤਮ ਕਰਨ ਨੂੰ ਸਭ ਤੋਂ ਵੱਧ ਤਰਜੀਹ ਦੇਣੀ ਚਾਹੀਦੀ ਹੈ। ਸਰਪੰਚ ਨੂੰ ਹਰੇਕ ਪਿੰਡ ਵਾਸੀ ਨਾਲ ਬਰਾਬਰ ਵਿਵਹਾਰ ਕਰਨਾ ਚਾਹੀਦਾ ਹੈ ਅਤੇ ਫੈਸਲੇ ਨਿਰਪੱਖਤਾ ਨਾਲ ਲੈਣੇ ਚਾਹੀਦੇ ਹਨ। ਕਈ ਪਿੰਡਾਂ ਦੇ ਸਰਪੰਚਾਂ ਨੇ ਸਿਆਣਪ ਅਤੇ ਦੂਰਅੰਦੇਸ਼ੀ ਨਾਲ ਆਪਣੇ ਪਿੰਡਾਂ ਦੀ ਨੁਹਾਰ ਬਦਲ ਦਿੱਤੀ ਹੈ। ਪੰਚਾਇਤਾਂ ਨੂੰ ਸਰਬਸੰਮਤੀ ਨਾਲ ਚੁਣਨ ਵਾਲੇ ਪਿੰਡਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ ਪਿੰਡਾਂ ਨੇ ਆਪਸੀ ਵਖਰੇਵਿਆਂ ਤੋਂ ਉੱਪਰ ਉੱਠ ਕੇ ਆਪਣੇ ਸਰਪੰਚਾਂ ਨੂੰ ਸਰਬਸੰਮਤੀ ਨਾਲ ਚੁਣਿਆ ਹੈ ਤਾਂ ਜੋ ਇਕ ਪਾਸੇ ਪਿੰਡਾਂ ਵਿੱਚ ਸਦਭਾਵਨਾ ਅਤੇ ਭਾਈਚਾਰਕ ਸਾਂਝ ਦੀਆਂ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕੀਤਾ ਜਾ ਸਕੇ ਅਤੇ ਦੂਜੇ ਪਾਸੇ ਉਨ੍ਹਾਂ ਦਾ ਵਿਆਪਕ ਵਿਕਾਸ ਯਕੀਨੀ ਬਣਾਇਆ ਜਾ ਸਕੇ।

# ਪਤਨੀ ਤੋਂ ਲੱਖਾਂ ਰੁਪਏ ਖਰਚਾ ਕੇ ਵਿਦੇਸ਼ ਪੁੱਜੇ ਪਤੀ ਨੇ ਬਦਲੇ ਤੇਵਰ, ਕੀਤਾ ਉਹ ਜੋ ਸੋਚਿਆ ਨਾ ਸੀ

ਗੜ੍ਹਸ਼ੰਕਰ 25 ਅਪ੍ਰੈਲ। ਗੜ੍ਹਸ਼ੰਕਰ ਪੁਲਸ ਨੇ ਵਿਆਹੁਤਾ ਦੀ ਸ਼ਿਕਾਇਤ 'ਤੇ ਉਸ ਦੇ ਪਤੀ ਅਤੇ ਸੱਸ ਸਹੁਰੇ ਖ਼ਿਲਾਫ਼ ਵਿਦੇਸ਼ ਲਿਜਾਣ ਦਾ ਝਾਂਸਾ ਲਗਾ ਕੇ ਲੱਖਾਂ ਰੁਪਏ ਦੀ ਠੱਗੀ ਮਾਰ ਲਈ ਗਈ। ਲੱਛਮੀ ਦੇਵੀ ਪੁੱਤਰੀ ਜਗਦੀਸ਼ ਕੁਮਾਰ ਵਾਸੀ ਗੜ੍ਹੀ ਮੱਟੋ ਥਾਣਾ ਗੜ੍ਹਸ਼ੰਕਰ ਨੇ ਐੱਸ. ਐੱਸ. ਪੀ. ਹੁਸ਼ਿਆਰਪੁਰ ਨੂੰ 5 ਨਵੰਬਰ 2024 ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਸੀ ਕਿ ਉਹ ਨੰਗਲ ਰੋਡ 'ਤੇ ਇਕ ਜਿਮ ਵਿਚ ਐਕਸਰਸਾਈਜ਼ ਕਰਨ ਜਾਂਦੀ ਸੀ, ਜਿੱਥੇ ਉਸ ਦੀ ਮੁਲਾਕਾਤ ਹਰਸ਼ਪ੍ਰੀਤ ਸਿੰਘ ਵਾਸੀ ਮਹਿਤਾਬਪੁਰ ਨਾਲ ਅਪ੍ਰੈਲ 2023 ਵਿਚ ਹੋਈ। ਉਸ ਨੇ ਦੱਸਿਆ ਕਿ ਹਰਸ਼ਪ੍ਰੀਤ ਸਿੰਘ ਨੇ ਉਸ ਨੂੰ ਕਿਹਾ ਕਿ ਉਸ ਨੇ ਆਈਲੈਟਸ ਕੀਤੀ ਹੋਈ ਹੈ ਪਰ ਉਸ ਕੋਲ ਵਿਦੇਸ਼ ਜਾਣ ਵਾਸਤੇ ਪੈਸੇ ਨਹੀਂ ਹਨ ਜੇਕਰ ਉਹ ਉਸ ਨਾਲ ਸਹਿਮਤ ਹੋ ਜਾਵੇ ਤਾਂ ਦੋਵੇਂ ਵਿਦੇਸ਼ ਜਾ ਸਕਦੇ ਹਨ। ਲੱਛਮੀ ਦੇਵੀ ਨੇ ਦੱਸਿਆ ਕਿ ਇਸ ਤੋਂ ਬਾਅਦ ਹਰਸ਼ਪ੍ਰੀਤ ਸਿੰਘ, ਉਸ ਦੀ ਮਾਂ ਪ੍ਰਵੀਨ ਕੁਮਾਰੀ, ਪਿਤਾ ਸੁਰਿੰਦਰ ਪਾਲ ਅਤੇ ਭਰਾ ਜਸ਼ਨਪ੍ਰੀਤ ਸਿੰਘ ਉਨ੍ਹਾਂ ਦੇ ਘਰ ਆਏ ਅਤੇ ਮੇਰੇ ਘਰ ਵਾਲਿਆਂ ਨੂੰ ਕਿਹਾ ਕਿ ਖਰਚਾ ਤੁਸੀਂ ਕਰ ਦਿਓ ਤਾਂ ਅਸੀਂ ਕੰਟਰੈਕਟ ਮੈਰਿਜ ਕਰਕੇ ਉਨ੍ਹਾਂ ਦੀ ਕੁੜੀ ਨੂੰ ਵਿਦੇਸ਼ ਲਿਜਾ ਸਕਦੇ ਹਾਂ। ਲੱਛਮੀ ਦੇਵੀ ਨੇ ਦੱਸਿਆ ਕਿ ਘਰਵਾਲਿਆਂ ਦੀ ਸਹਿਮਤੀ ਤੋਂ ਬਾਅਦ ਹਰਸ਼ਪ੍ਰੀਤ ਸਿੰਘ ਨੇ 31 ਜੁਲਾਈ 2022 ਦਾ ਕਿਸੇ ਡੇਰੇ ਤੋਂ ਵਿਆਹ ਦਾ ਸਰਟੀਫਿਕੇਟ ਬਣਾ ਲਿਆ ਅਤੇ ਰਜਿਸਟਰ ਮੈਰਿਜ 11 ਅਗਸਤ 2023 ਨੂੰ ਤਹਿਸੀਲ ਗੜ੍ਹਸ਼ੰਕਰ ਵਿਖੇ ਕਰਵਾਈ ਸੀ।

ਲੱਛਮੀ ਦੇਵੀ ਨੇ ਸ਼ਿਕਾਇਤ ਵਿਚ ਦੱਸਿਆ ਕਿ ਉਸ ਤੋਂ ਬਾਅਦ ਹਰਸ਼ਪ੍ਰੀਤ ਸਿੰਘ ਅਤੇ ਉਸ ਦੇ ਘਰਵਾਲੇ ਕਈ ਟਰੈਵਲ ਏਜੰਟਾਂ ਤੋਂ ਵਿਦੇਸ਼ ਜਾਣ ਵਾਸਤੇ ਉਸ ਤੋਂ



ਪੈਸੇ ਲੈਂਦੇ ਰਹੇ ਪਰ ਕਿਸੇ ਵੀ ਦੇਸ਼ ਦਾ ਵੀਜ਼ਾ ਨਹੀਂ ਲਗਵਾ ਸਕੇ। ਉਸ ਨੇ ਦੱਸਿਆ ਕਿ ਹਰਸ਼ਪ੍ਰੀਤ ਸਿੰਘ ਨੇ ਇਸ ਦੌਰਾਨ ਲੱਖਾਂ ਰੁਪਏ ਮੇਰੇ ਘਰ ਵਾਲਿਆਂ ਤੋਂ ਲਏ ਸਨ। ਉਸ ਨੇ ਕਿਹਾ ਕਿ ਆਸਟ੍ਰੇਲੀਆ ਅਤੇ ਕੈਨੇਡਾ ਲਿਜਾਣ ਦਾ ਝਾਂਸਾ ਦੇ ਕੇ ਹਰਸ਼ਪ੍ਰੀਤ ਸਿੰਘ ਅਤੇ ਉਸ ਦੇ ਪਰਿਵਾਰ ਨੇ ਕਰੀਬ 20 ਲੱਖ ਰੁਪਏ ਦੀ ਠੱਗੀ ਮਾਰੀ ਸੀ, ਜਿਸ ਦੀ ਪੁਸ਼ਟੀ ਉਨ੍ਹਾਂ ਇਕ ਹਲਫੀਆ ਬਿਆਨ 9 ਜੁਲਾਈ 2024 ਨੂੰ ਦੇ ਕੇ ਕਰਦਿਆਂ ਮੰਨਿਆ ਸੀ ਕਿ ਉਹ ਇਹ ਪੈਸੇ ਜਲਦ ਹੀ ਵਾਪਸ ਕਰ ਦੇਣਗੇ ਅਤੇ ਇਕ ਚੈੱਕ ਵੀ ਦਿੱਤਾ ਸੀ, ਜਿਸ 'ਤੇ 14 ਅਕਤੂਬਰ 2024 ਤਾਰੀਖ਼ ਕਰਨ ਜਾਂਦੀ ਸੀ, ਜਿੱਥੇ ਉਸ ਦੀ ਮੁਲਾਕਾਤ ਹਰਸ਼ਪ੍ਰੀਤ ਸਿੰਘ ਵਾਸੀ ਮਹਿਤਾਬਪੁਰ ਨਾਲ ਅਪ੍ਰੈਲ 2023 ਵਿਚ ਹੋਈ। ਉਸ ਨੇ ਦੱਸਿਆ ਕਿ ਹਰਸ਼ਪ੍ਰੀਤ ਸਿੰਘ ਨੇ ਉਸ ਨੂੰ ਕਿਹਾ ਕਿ ਉਸ ਨੇ ਆਈਲੈਟਸ ਕੀਤੀ ਹੋਈ ਹੈ ਪਰ ਉਸ ਕੋਲ ਵਿਦੇਸ਼ ਜਾਣ ਵਾਸਤੇ ਪੈਸੇ ਨਹੀਂ ਹਨ ਜੇਕਰ ਉਹ ਉਸ ਨਾਲ ਸਹਿਮਤ ਹੋ ਜਾਵੇ ਪਾਈ ਗਈ ਸੀ। ਉਸ ਨੇ ਦੱਸਿਆ ਕਿ ਹਰਸ਼ਪ੍ਰੀਤ ਸਿੰਘ ਦੇ ਪਰਿਵਾਰ ਵਾਲਿਆਂ ਨੇ 5 ਲੱਖ ਰੁਪਏ ਵਾਪਸ ਕੀਤੇ ਹਨ। ਲੱਛਮੀ ਦੇਵੀ ਨੇ ਦੱਸਿਆ ਕਿ ਹਰਸ਼ਪ੍ਰੀਤ ਸਿੰਘ ਉਸ ਦੇ ਪੈਸਿਆਂ ਦੇ ਨਾਲ ਵਿਦੇਸ਼ ਚਲਾ ਗਿਆ ਸੀ ਅਤੇ ਉਸ ਦੇ ਘਰਵਾਲਿਆਂ ਨੇ ਉਸ ਨੂੰ ਧੱਕੇ ਮਾਰ ਕੇ ਘਰੋਂ ਬਾਹਰ ਕੱਢ ਦਿੱਤਾ ਸੀ। ਲੱਛਮੀ ਦੇਵੀ ਨੇ ਐੱਸ. ਐੱਸ. ਪੀ. ਹੁਸ਼ਿਆਰਪੁਰ ਨੂੰ ਦਿਤੀ ਸ਼ਿਕਾਇਤ ਵਿਚ ਗੁਹਾਰ ਲਾਈ ਸੀ ਕਿ ਹਰਸ਼ਪ੍ਰੀਤ ਸਿੰਘ, ਪ੍ਰਵੀਨ ਕੁਮਾਰੀ ਪਤਨੀ ਸੁਰਿੰਦਰ ਪਾਲ, ਸੁਰਿੰਦਰ ਪਾਲ ਅਤੇ ਜਸ਼ਨਪ੍ਰੀਤ ਸਿੰਘ ਪੁੱਤਰ ਸੁਰਿੰਦਰ ਪਾਲ ਵਾਸੀ ਮਹਿਤਾਬ ਪੁਰ ਨੇ ਹਮ ਸਲਾਹ ਹੋ ਕੇ ਉਸ ਨੂੰ ਵਿਦੇਸ਼ ਜਾਣ ਦਾ ਝਾਂਸਾ ਦੇ ਕੇ 15 ਤੋਂ 20 ਲੱਖ ਰੁਪਏ ਦੀ ਠੱਗੀ ਮਾਰਨ, ਵਿਆਹ ਦੇ ਝੂਠੇ ਸਰਟੀਫਿਕੇਟ ਬਣਾਉਣ ਦੇ ਦੋਸ਼ ਹੇਠ ਇਨ੍ਹਾਂ ਖਿਲਾਫ਼ ਸਖਤ ਕਾਰਵਾਈ ਕੀਤੀ ਜਾਵੇ। ਇਸ ਸ਼ਿਕਾਇਤ ਦੀ ਜਾਂਚ ਬਲਵਿੰਦਰ ਸਿੰਘ ਡੀ. ਐੱਸ. ਪੀ. ਕ੍ਰਾਈਮ ਅਗੇਂਸਟ ਵੁਮੈਨ ਐਂਡ ਚਿਲਡਰਨ ਹੁਸ਼ਿਆਰਪੁਰ ਵੱਲੋਂ ਕੀਤੇ ਜਾਣ ਤੋਂ ਬਾਅਦ ਹਰਸ਼ਪ੍ਰੀਤ ਸਿੰਘ, ਮਾਂ ਪ੍ਰਵੀਨ ਕੁਮਾਰੀ ਅਤੇ ਪਿਓ ਸੁਰਿੰਦਰ ਪਾਲ ਦੇ ਖ਼ਿਲਾਫ਼ 85, 316 (2),318 (2) ਬੀ. ਐੱਨ. ਐੱਸ. ਤਹਿਤ ਕੇਸ ਦਰਜ ਕਰਨ ਦੀ ਸਿਫਾਰਿਸ਼ ਕੀਤੀ ਗਈ ਸੀ। ਜਿਸ ਨੂੰ ਐੱਸ. ਐੱਸ. ਪੀ. ਹੁਸ਼ਿਆਰਪੁਰ ਨੇ ਮਨਜ਼ੂਰ ਕਰਦੇ ਹੋਏ ਥਾਣਾ ਗੜ੍ਹਸ਼ੰਕਰ ਵਿਖੇ ਦਰਜ ਕਰਨ ਦੇ ਹੁਕਮ ਦਿੱਤਾ ਸਨ।

## ਸ਼ੁਭਮ ਦੇ ਗੋਲੀ ਮਾਰਨ ਵਾਲਾ ਕਰਨ ਸ਼ਰਮਾ 2 ਦਿਨ ਦੇ ਪੁਲਸ ਰਿਮਾਂਡ 'ਤੇ

ਮੋਹਾਲੀ 25 ਅਪ੍ਰੈਲ। ਇੱਥੇ ਫੇਜ਼-4 ਵਿਚਲੀ ਪਾਰਕ 'ਚ 2 ਨੌਜਵਾਨਾਂ ਦੀ ਇਕ ਕੁੜੀ ਨਾਲ ਦੋਸਤੀ ਨੂੰ ਲੈ ਕੇ ਹੋਈ ਲੜਾਈ ਤੋਂ ਗੋਲੀਆਂ ਚੱਲ ਗਈਆਂ। ਇਸ ਤੋਂ ਬਾਅਦ ਸ਼ੁਭਮ ਨਾਂ ਦੇ ਨੌਜਵਾਨ 'ਤੇ ਗੋਲੀ ਚਲਾਉਣ ਵਾਲੇ ਕਰਨ ਸ਼ਰਮਾ ਦਾ ਪੁਲਸ ਨੇ 2 ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਹੈ। ਇਸ ਸਬੰਧੀ ਏ. ਐੱਸ. ਪੀ. ਜੇਅੰਤ ਪੁਰੀ ਅਤੇ ਐੱਸ. ਐੱਚ. ਓ. ਸੁਖਬੀਰ ਸਿੰਘ ਨੇ ਦੱਸਿਆ ਕਿ ਗ੍ਰਿਫਤਾਰ ਕਰਨ ਕੋਲੋਂ ਵਾਰਦਾਤ 'ਚ ਵਰਤੀ ਪਿਸਤੌਲ ਅਤੇ 8 ਜ਼ਿੰਦਾ ਕਾਰਤੂਸ ਬਰਾਮਦ ਕਰ ਲਏ ਗਏ ਹਨ। ਉਨ੍ਹਾਂ ਦੱਸਿਆ ਕਿ ਇਹ ਅਸਲਾ ਨਾਜਾਇਜ਼ ਹੈ, ਜੋ ਕਿ ਕਰਨ ਵੱਲੋਂ ਯੂ.



ਪੀ. ਤੋਂ ਲਿਆਂਦਾ ਗਿਆ ਸੀ। ਉਨ੍ਹਾਂ ਦੱਸਿਆ ਕਿ ਕਰਨ ਸ਼ਰਮਾ ਨੂੰ ਹਿਮਾਚਲ ਤੋਂ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਪੁੱਛਗਿੱਛ ਦੌਰਾਨ ਪਤਾ ਲੱਗਾ ਕਿ ਕਰਨ ਸ਼ਰਮਾ 'ਤੇ ਇਸ ਤੋਂ ਪਹਿਲਾਂ ਕੋਈ ਅਪਰਾਧਿਕ ਰਿਕਾਰਡ ਨਹੀਂ ਹੈ। ਉਨ੍ਹਾਂ ਦੱਸਿਆ ਕਿ ਕਰਨ ਸ਼ਰਮਾ, ਸ਼ੁਭਮ ਤੇ ਉਕਤ ਕੁੜੀ (ਤਿੰਨੋਂ ਜਣੇ) ਫੇਜ਼-8 ਬੀ ਵਿਚਲੀ ਇਕ ਕੰਪਨੀ 'ਚ ਨੌਕਰੀ ਕਰਦੇ ਹਨ। ਸ਼ੁਭਮ ਹਾਲੇ ਵੀ ਸੈਕਟਰ-32 ਚੰਡੀਗੜ੍ਹ ਦੇ ਜੀ. ਐੱਮ. ਸੀ. ਹਸਪਤਾਲ 'ਚ ਜੇਰੇ ਇਲਾਜ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ਕਰਨ ਸ਼ਰਮਾ ਇਸ ਸਮੇਂ ਧਨਾਸ ਚੰਡੀਗੜ੍ਹ ਵਿਖੇ ਰਹਿ ਰਿਹਾ ਸੀ।

## ਜ਼ੀਰਕਪੁਰ ਪੁਲਸ ਨੇ ਮੋਟਰਸਾਈਕਲ ਚੋਰੀ ਕਰਨ ਵਾਲੇ ਗਿਰੋਹ ਦਾ ਕੀਤਾ ਪਰਦਾਫਾਸ਼

ਜ਼ੀਰਕਪੁਰ 25 ਅਪ੍ਰੈਲ। ਜ਼ੀਰਕਪੁਰ ਪੁਲਸ ਨੇ ਸ਼ਹਿਰ 'ਚ ਮੋਟਰਸਾਈਕਲ ਚੋਰੀ ਕਰਨ ਵਾਲੇ ਇਕ ਗਿਰੋਹ ਦਾ ਪਰਦਾਫਾਸ਼ ਕਰਦਿਆਂ 2 ਮੁਲਜ਼ਮਾਂ ਨੂੰ ਕਾਬੂ ਕੀਤਾ ਹੈ, ਜਿਨ੍ਹਾਂ ਦੇ ਕਬਜ਼ੇ ਤੋਂ ਪੁਲਸ ਨੇ 5 ਵੱਖ-ਵੱਖ ਥਾਵਾਂ ਤੋਂ ਚੋਰੀ ਦੇ ਮੋਟਰਸਾਈਕਲ ਵੀ ਬਰਾਮਦ ਕੀਤੇ ਹਨ। ਫੜ੍ਹੇ ਗਏ ਮੁਲਜ਼ਮਾਂ ਦੀ ਪਛਾਣ ਹਰਜਿੰਦਰ ਸਿੰਘ ਅਤੇ ਸੁਖਵਿੰਦਰ ਸਿੰਘ ਵਾਸੀ ਲਾਲੜੂ ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ 21 ਦਸੰਬਰ ਨੂੰ ਸੁਨੀਲ ਵੀ. ਆਈ. ਪੀ. ਰੋਡ 'ਤੇ ਸਥਿਤ ਹਾਲੀਵੁੱਡ ਪਲਾਜ਼ਾ 'ਚ ਆਇਆ ਸੀ ਅਤੇ ਮੋਟਰਸਾਈਕਲ ਬਾਹਰ ਪਾਰਕ ਕੀਤਾ ਸੀ। ਜਦੋਂ ਉਹ ਕੁੱਝ ਸਮੇਂ ਬਾਅਦ ਵਾਪਸ ਆਇਆ ਤਾਂ ਮੋਟਰਸਾਈਕਲ ਗਾਇਬ ਸੀ। ਸੁਨੀਲ ਨੇ ਥਾਣੇ 'ਚ ਸ਼ਿਕਾਇਤ ਦਰਜ




ਕਰਵਾਈ। ਇਸ ਤੋਂ ਬਾਅਦ ਪੁਲਸ ਨੇ ਨਾਕਾਬੰਦੀ ਕਰ ਕੇ ਸੁਨੀਲ ਦੇ ਚੋਰੀ ਹੋਏ ਮੋਟਰਸਾਈਕਲ 'ਤੇ ਘੁੰਮ ਰਹੇ ਹਰਜਿੰਦਰ ਤੇ ਸੁਖਵਿੰਦਰ ਨੂੰ ਕਾਬੂ ਕਰ ਲਿਆ। ਇਸ ਦੌਰਾਨ ਜਦੋਂ ਪੁਲਸ ਨੇ ਮੋਟਰਸਾਈਕਲ ਦੇ ਕਾਗ਼ਜ਼ਾਤ ਮੰਗੇ ਤਾਂ ਉਹ ਦੋਵੇਂ ਇਸ ਦੇ ਕਾਗ਼ਜ਼ਾਤ ਨਹੀਂ ਦਿਖਾ ਸਕੇ ਅਤੇ ਸ਼ੱਕ ਦੇ ਆਧਾਰ 'ਤੇ ਪੁਲਸ ਨੇ ਹਰਜਿੰਦਰ ਤੇ ਸੁਖਵਿੰਦਰ ਨੂੰ ਹਿਰਾਸਤ 'ਚ ਲੈ ਲਿਆ। ਪੁਲਸ ਨੇ ਜਦੋਂ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਤਾਂ ਦੋਹਾਂ ਨੇ ਆਪਣਾ ਗੁਨਾਹ ਕਬੂਲ ਕਰ ਲਿਆ। ਹਰਜਿੰਦਰ ਤੇ ਸੁਖਵਿੰਦਰ ਨੇ ਗੁਨਾਹ ਕਬੂਲਦਿਆਂ ਦੱਸਿਆ ਕਿ ਸੁਨੀਲ ਤੋਂ ਇਲਾਵਾ 4 ਵੱਖ-ਵੱਖ ਥਾਵਾਂ ਤੋਂ ਮੋਟਰਸਾਈਕਲ ਚੋਰੀ ਕੀਤੇ ਹਨ, ਜਿਨ੍ਹਾਂ ਨੂੰ ਜ਼ੀਰਕਪੁਰ 'ਚ ਲੁਕਾ ਕੇ ਰੱਖਿਆ ਹੋਇਆ ਸੀ। ਪੁਲਸ ਨੇ ਹਰਜਿੰਦਰ ਤੇ ਸੁਖਵਿੰਦਰ ਦੀ ਨਿਸ਼ਾਨਦੇਹੀ 'ਤੇ ਕੁੱਲ 5 ਮੋਟਰਸਾਈਕਲ ਬਰਾਮਦ ਕੀਤੇ, ਜਿਨ੍ਹਾਂ ਖ਼ਿਲਾਫ਼ ਪੁਲਸ ਨੇ ਮਾਮਲਾ ਦਰਜ ਕਰ ਲਿਆ ਹੈ। ਐੱਸ.ਐੱਚ.ਓ. ਜਸਕੰਵਲ ਸੇਖੋਂ ਨੇ ਦੱਸਿਆ ਕਿ ਫੜ੍ਹੇ ਗਏ ਮੁਲਜ਼ਮਾਂ ਤੋਂ ਪੁੱਛਗਿੱਛ ਦੌਰਾਨ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

## ਇਕ ਸਾਲ 'ਚ ਗੁਰੂਗ੍ਰਾਮ ਪੁਲਸ ਨੇ ਕਤਲ, ਡਕੈਤੀ ਤੇ ਲੁੱਟ 'ਚ ਸ਼ਾਮਲ 200 ਗੈਂਗਸਟਰ ਕੀਤੇ

ਨੈਸ਼ਨਲ ਡੈਸਕ , 25 ਅਪ੍ਰੈਲ। ਸਾਲ 2024 'ਚ ਗੁਰੂਗ੍ਰਾਮ ਪੁਲਸ ਨੇ ਹੱਤਿਆ, ਡਕੈਤੀ, ਏ. ਟੀ. ਐੱਮ. ਫ੍ਰਾਡ, ਸਨੈਚਿੰਗ, ਚੋਰੀ ਤੇ ਸੰਨ੍ਹਮਾਰੀ ਕਰਨ ਵਾਲੇ 80 ਗੈਂਗਾਂ ਦੇ 200 ਸ਼ਾਤਿਰ ਗੈਂਗਸਟਰਾਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲਸ ਨੇ ਵੱਖ-ਵੱਖ ਅਪਰਾਧਕ ਵਾਰਦਾਤਾਂ ਨੂੰ ਅੰਜਾਮ ਦੇਣ 'ਚ ਸਰਗਰਮ ਗਿਰੋਹਾਂ ਖਿਲਾਫ ਕਾਰਵਾਈ ਕਰਦੇ ਹੋਏ 406 ਮਾਮਲੇ ਹੱਲ ਕਰਦਿਆਂ 3 ਕਰੋੜ 68 ਲੱਖ ਰੁਪਏ ਬਰਾਮਦ ਕੀਤੇ ਹਨ। ਪੁਲਸ ਕਮਿਸ਼ਨਰ ਵਿਕਾਸ ਕੁਮਾਰ ਅਰੋੜਾ ਦੀ ਅਗਵਾਈ ਹੇਠ ਅਪਰਾਧੀਆਂ 'ਤੇ ਨੁਕੇਲ ਕੱਸਦੇ ਹੋਏ ਹੱਤਿਆ ਦੀ ਵਾਰਦਾਤ ਕਰਨ ਵਾਲੇ ਇਕ ਗਿਰੋਹ ਦੇ 7 ਮੁਲਜਮਾਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ 2 ਮਾਮਲੇ ਹੱਲ ਕੀਤੇ ਗਏ। ਇਸੇ ਤਰ੍ਹਾਂ ਡਕੈਤੀ ਦੀਆਂ ਵਾਰਦਾਤਾਂ ਕਰਨ ਵਾਲੇ ਇਕ ਗਿਰੋਹ ਦੇ 2 ਮੁਲਜਮਾਂ ਨੂੰ ਗ੍ਰਿਫਤਾਰ ਕਰ ਕੇ 2 ਕੇਸ ਹੱਲ ਕੀਤੇ ਗਏ। ਪੁਲਸ ਨੇ ਲੁੱਟ




ਦੀਆਂ ਵਾਰਦਾਤਾਂ ਕਰਨ ਵਾਲੇ 3 ਗਿਰੋਹਾਂ ਦੇ 11 ਮੁਲਜਮਾਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਨਾਲ ਕੁਲ 10 ਮਾਮਲੇ ਹੱਲ ਕੀਤੇ ਗਏ ਅਤੇ 6 ਲੱਖ 95 ਹਜਾਰ ਰੁਪਏ ਦੀ ਬਰਾਮਦਗੀ ਕੀਤੀ ਗਈ। ਇਹੀ ਨਹੀਂ, ਸੰਨ੍ਹਮਾਰੀ ਕਰਨ ਵਾਲਿਆਂ 'ਤੇ ਕਾਰਵਾਈ 'ਚ ਗੁਰੂਗ੍ਰਾਮ ਪੁਲਸ ਨੇ 6 ਗਿਰੋਹਾਂ ਦੇ 19 ਮੁਲਜਮਾਂ ਨੂੰ ਗ੍ਰਿਫਤਾਰ ਕੀਤਾ। ਪੁਲਸ ਨੇ ਸੰਨ੍ਹਮਾਰੀ ਦੇ 30 ਕੇਸ ਹੱਲ ਕੀਤੇ ਅਤੇ 33 ਲੱਖ 45 ਹਜਾਰ ਰੁਪਏ ਬਰਾਮਦ ਕੀਤੇ। ਚੋਰੀ ਦੀਆਂ ਵਾਰਦਾਤਾਂ ਕਰਨ ਵਾਲਿਆਂ 'ਤੇ ਸ਼ਿਕੰਜਾ ਕੱਸਦੇ ਹੋਏ ਪੁਲਸ ਨੇ 14 ਗਿਰੋਹਾਂ ਦੇ 40 ਮੁਲਜਮਾਂ ਨੂੰ ਗ੍ਰਿਫਤਾਰ ਕੀਤਾ। ਪੁਲਸ ਨੇ ਚੋਰੀ ਦੇ 71 ਮਾਮਲੇ ਹੱਲ ਕਰਦਿਆਂ 31,62,500 ਰੁਪਏ ਬਰਾਮਦ ਕੀਤੇ। ਵਾਹਨ ਚੋਰੀ ਦੀਆਂ ਵਾਰਦਾਤਾਂ ਕਰਨ ਵਾਲੇ 46 ਗਿਰੋਹਾਂ ਦੇ 102 ਮੁਲਜਮਾਂ ਨੂੰ ਗ੍ਰਿਫਤਾਰ ਕਰਨ ਦੇ ਨਾਲ ਹੀ ਪੁਲਸ ਨੇ ਕੁਲ 255 ਮਾਮਲੇ ਹੱਲ ਕੀਤੇ ਅਤੇ 2,91,59,500 ਰੁਪਏ ਦੀ ਬਰਾਮਦਗੀ ਕੀਤੀ। ਸਨੈਚਿੰਗ ਦੇ ਮਾਮਲੇ 'ਚ ਪੁਲਸ ਨੇ 6 ਗਿਰੋਹਾਂ ਦੇ 13 ਮੁਲਜਮਾਂ ਨੂੰ ਗ੍ਰਿਫਤਾਰ ਕਰ ਕੇ 22 ਮਾਮਲੇ ਹੱਲ ਕੀਤੇ ਅਤੇ 2,55,000 ਰੁਪਏ ਦੀ ਬਰਾਮਦਗੀ ਕੀਤੀ। ਪੁਲਸ ਨੇ ਏ. ਟੀ. ਐੱਮ. ਫ੍ਰਾਡ ਦੀਆਂ ਵਾਰਦਾਤਾਂ ਕਰਨ ਵਾਲੇ 2 ਗਿਰੋਹਾਂ ਦੇ 4 ਮੁਲਜਮਾਂ ਨੂੰ ਗ੍ਰਿਫਤਾਰ ਕੀਤਾ। ਪੁਲਸ ਨੇ 8 ਮਾਮਲੇ ਹੱਲ ਕਰਨ ਦੇ ਨਾਲ ਹੀ 1,01,000 ਰੁਪਏ ਦੀ ਬਰਾਮਦਗੀ ਕੀਤੀ। ਇਸ ਤੋਂ ਇਲਾਵਾ ਗੁਰੂਗ੍ਰਾਮ ਪੁਲਸ ਨੇ ਹੋਰ ਮਾਮਲਿਆਂ ਵਿਚ ਇਕ ਗਿਰੋਹ ਦੇ 2 ਮੁਲਜਮਾਂ ਨੂੰ ਗ੍ਰਿਫਤਾਰ ਕੀਤਾ। ਪੁਲਸ ਨੇ 6 ਮਾਮਲੇ ਹੱਲ ਕਰਦੇ ਹੋਏ ਇਨ੍ਹਾਂ ਪਾਸੋਂ 75 ਹਜਾਰ ਰੁਪਏ ਬਰਾਮਦ ਕੀਤੇ।

### ਪੰਜਾਬ 'ਚ ਵੱਜਿਆ ਅਨੋਖਾ ਡਾਕਾ, ਗੋਲੀਆਂ ਚਲਾ ਕੇ ਲੁੱਟਿਆ ਭੁਜੀਏ ਦਾ ਪੈਕਟ

ਫਿਰੋਜਪੁਰ 25 ਅਪ੍ਰੈਲ। ਪੰਜਾਬ ਵਿਚ ਅਨੋਖੇ ਡਾਕੇ ਦਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਲੁਟੇਰੇ ਦੁਕਾਨਦਾਰ 'ਤੇ ਗੋਲੀਆਂ ਚਲਾ ਕੇ ਭੁਜੀਏ ਦਾ ਪੈਕਟ ਲੁੱਟ ਕੇ ਲੈ ਗਏ। ਇਹ ਸਾਰੀ ਘਟਨਾ ਦੁਕਾਨ 'ਚ ਲੱਗੇ ਕੈਮਰੇ ਵਿਚ ਵੀ ਕੈਦ ਹੋ ਗਈ ਹੈ। ਇਹ ਹੈਰਾਨ ਕਰਨ ਵਾਲਾ ਮਾਮਲਾ ਫਿਰੋਜਪੁਰ ਦੇ ਪਿੰਡ ਸਤੀਏ ਵਾਲਾ ਦਾ ਹੈ, ਜਿੱਥੇ 2 ਨਕਾਬਪੋਸ਼ ਲੁਟੇਰੇ ਹਥਿਆਰਾਂ ਨਾਲ ਲੈਸ ਹੋ ਕੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਇਕ ਦੁਕਾਨ 'ਤੇ ਆਏ। ਦੁਕਾਨ 'ਚ ਦਾਖਲ ਹੁੰਦਿਆਂ ਹੀ ਉਨ੍ਹਾਂ ਨੇ ਦੁਕਾਨਦਾਰ 'ਤੇ ਪਿਸਤੌਲ ਤਾਣ ਦਿੱਤੀ। ਆਪਣੀ ਜਾਨ ਬਚਾਉਣ ਲਈ ਦੁਕਾਨਦਾਰ ਦੁਕਾਨ ਦੇ ਪਿੱਛੇ ਵਾਲੇ ਕਮਰੇ ਵੱਲ ਭੱਜਿਆ ਤਾਂ ਲੁਟੇਰਿਆਂ ਨੇ ਉਸ 'ਤੇ ਫਾਇਰ ਕਰ ਦਿੱਤਾ। ਇਸ ਮਗਰੋਂ ਲੁਟੇਰੇ ਦੁਕਾਨ ਵਿਚੋਂ ਨਕਦੀ ਜਾਂ ਹੋਰ ਸਾਮਾਨ ਨਹੀਂ ਚੁੱਕਦੇ, ਸਗੋਂ ਇਕ ਭੁਜੀਏ ਦਾ ਪੈਕਟ ਲੈ ਕੇ ਉੱਥੋਂ ਫਰਾਰ ਹੋ ਜਾਂਦੇ ਹਨ। ਇਹ ਘਟਨਾ ਕਾਫੀ ਹੈਰਾਨੀਜਨਕ ਹੈ ਤੇ ਇਲਾਕੇ ਵਿਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ।

## ਲਾੜਾ-ਲਾੜੀ ਦੇ ਫੇਰੇ ਲੈਣ ਦੌਰਾਨ ਪੰਡਿਤ ਜੀ ਨੂੰ ਆ ਗਿਆ ਗੁੱਸਾ

ਵੈੱਬ ਡੈਸਕ 25 ਅਪ੍ਰੈਲ। ਇਨ੍ਹੀਂ ਦਿਨੀਂ ਸੋਸਲ ਮੀਡੀਆ 'ਤੇ ਵਿਆਹ ਨਾਲ ਜੁੜੀਆਂ ਕਈ ਤਰ੍ਹਾਂ ਦੀਆਂ ਵੀਡੀਓਜ ਵਾਇਰਲ ਹੋ ਰਹੀਆਂ ਹਨ। ਕਦੇ ਲਾੜੀ ਆਪਣੀ ਅਨੋਖੀ ਐਂਟਰੀ ਨਾਲ ਹੈਰਾਨ ਕਰ ਰਹੀ ਹੈ ਤਾਂ ਕਦੇ ਲਾੜਾ ਆਪਣੇ ਧਮਾਕੇਦਾਰ ਡਾਂਸ ਨਾਲ ਨੈਟੀਜਨਾਂ ਦਾ ਦਿਲ ਜਿੱਤ ਰਿਹਾ ਹੈ ਪਰ ਹੁਣ ਸਾਹਮਣੇ ਆਈ ਵੀਡੀਓ ਨੂੰ ਦੇਖ ਕੇ ਜਨਤਾ ਦੰਗ ਰਹਿ ਗਈ ਹੈ। ਕਿਉਂਕਿ ਇਸ ਤੋਂ ਪਹਿਲਾਂ ਵਿਆਹ ਕਰਵਾਉਣ ਵਾਲੇ ਪੰਡਿਤ ਜੀ ਦਾ ਅਜਿਹਾ ਰੂਪ ਤੁਸੀਂ ਸਾਇਦ ਹੀ ਦੇਖਿਆ ਹੋਵੇਗਾ। ਵੀਡੀਓ 'ਚ ਦਿਖਾਇਆ ਗਿਆ ਹੈ ਕਿ ਪੰਡਿਤ ਜੀ ਇਕ ਗੱਲ ਤੋਂ ਇੰਨੇ ਗੁੱਸੇ 'ਚ ਆ ਜਾਂਦੇ ਹਨ ਕਿ ਉਹ ਲਾੜੇ ਦੇ ਦੋਸਤ 'ਤੇ ਥਾਲ ਸੁੱਟ ਦਿੰਦੇ ਹਨ। ਇਸ ਨੂੰ ਦੇਖ ਕੇ ਹਰ ਕੋਈ ਹੈਰਾਨ ਰਹਿ ਜਾਂਦਾ ਹੈ, ਖਾਸ ਤੌਰ 'ਤੇ ਉਹ ਵਿਅਕਤੀ ਜਿਸ ਨੂੰ ਪਲੇਟ ਨਾਲ ਟਕਰਾਇਆ ਗਿਆ ਸੀ। ਹਾਲਾਂਕਿ, ਬਹੁਤੇ ਲੋਕ ਕਹਿੰਦੇ ਹਨ ਕਿ ਪੰਡਿਤ ਜੀ ਨੇ ਬਿਲਕੁਲ ਸਹੀ ਕੀਤਾ। ਇਹ ਹੈਰਾਨ ਕਰਨ ਵਾਲੀ ਘਟਨਾ ਉਸ ਸਮੇਂ ਵਾਪਰੀ ਜਦੋਂ ਲਾੜਾ-ਲਾੜੀ ਆਪਣੇ ਗਵਾਹ ਵਜੋਂ ਅਗਨੀ ਨਾਲ ਚੱਕਰ ਲਗਾ ਰਹੇ ਸਨ। ਵੀਡੀਓ 'ਚ ਤੁਸੀਂ ਦੇਖ ਸਕਦੇ ਹੋ ਕਿ ਲਾੜਾ-ਲਾੜੀ ਚੱਕਰ ਲਗਾ ਰਹੇ ਹਨ ਅਤੇ ਨੇੜੇ ਖੜ੍ਹੇ ਲਾੜੇ ਦੇ ਰਿਸਤੇਦਾਰ ਅਤੇ ਕੁਝ ਦੋਸਤ ਉਨ੍ਹਾਂ 'ਤੇ ਫੁੱਲਾਂ ਦੀ ਵਰਖਾ ਕਰ ਰਹੇ ਹਨ ਪਰ ਜਿਸ ਤਰ੍ਹਾਂ ਲਾੜੇ ਦੇ ਦੋਸਤ ਫੁੱਲ ਸੁੱਟ ਰਹੇ ਸਨ, ਉਸ ਨੂੰ ਦੇਖ ਕੇ ਪੰਡਿਤ ਜੀ ਨੂੰ ਗੁੱਸਾ ਆ ਗਿਆ। ਫਿਰ ਕੁਝ ਅਜਿਹਾ ਹੋਇਆ ਜਿਸ ਦੀ ਕਿਸੇ ਨੇ ਸੁਪਨੇ ਵਿੱਚ ਵੀ ਉਮੀਦ ਨਹੀਂ ਕੀਤੀ ਹੋਵੇਗੀ। ਵੀਡੀਓ 'ਚ ਤੁਸੀਂ ਦੇਖੋਂਗੇ ਕਿ ਪੰਡਿਤ ਜੀ ਲਾੜੇ ਦੇ ਦੋਸਤਾਂ ਦੇ ਰਵੱਈਏ ਤੋਂ ਇੰਨੇ ਗੁੱਸੇ 'ਚ ਆ ਗਏ ਕਿ ਉਨ੍ਹਾਂ ਨੇ ਆਪਣੇ ਹੱਥ 'ਚ ਫੜੀ ਪਲੇਟ ਨੂੰ ਸਿੱਧਾ ਨੌਜਵਾਨ 'ਤੇ ਸੁੱਟ ਦਿੱਤਾ ਅਤੇ ਉਸ ਨੂੰ ਮਾਰਿਆ।

### ਨੌਜਵਾਨ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਲੱਖਾਂ ਦੀ ਠੱਗੀ

ਫਿਰੋਜ਼ਪੁਰ 25 ਅਪ੍ਰੈਲ। ਇਕ ਨੌਜਵਾਨ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ 6 ਲੱਖ 15 ਹਜ਼ਾਰ ਰੁਪਏ ਦੀ ਠੱਗੀ ਮਾਰਨ ਦੇ ਦੋਸ਼ 'ਚ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਇਕ ਵਿਅਕਤੀ ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਲਖਵਿੰਦਰ ਸਿੰਘ ਨੇ ਦੱਸਿਆ ਕਿ ਗੁਰਮੀਤ ਸਿੰਘ ਪੁੱਤਰ ਵੀਰ ਸਿੰਘ ਵਾਸੀ ਗੰਗਾਨਗਰ ਰਾਜਸਥਾਨ ਨੇ ਦੱਸਿਆ ਕਿ ਦੋਸ਼ੀ ਦਵਿੰਦਰ ਸਿੰਘ ਪੁੱਤਰ ਸ਼ਵਿੰਦਰ ਸਿੰਘ ਵਾਸੀ ਰਾਮੇਵਾਲਾ ਜ਼ਿਲ੍ਹਾ ਫਿਰੋਜ਼ਪੁਰ ਨੇ ਉਸ ਦੇ ਲੜਕੇ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦਿੱਤਾ ਸੀ। ਇਸ ਤਰ੍ਹਾਂ ਉਸ ਨੇ 6 ਲੱਖ 15 ਹਜ਼ਾਰ ਰੁਪਏ ਦੀ ਠੱਗੀ ਮਾਰੀ ਹੈ।

## ਮਹਾਕੁੰਭ ਦੀਆਂ ਤਿਆਰੀਆਂ ਦੌਰਾਨ ਵਾਪਰ ਗਿਆ ਵੱਡਾ ਹਾਦਸਾ, ਮਚ ਗਈ ਹਫੜਾ-ਦਫੜੀ

ਪ੍ਰਯਾਗਰਾਜ 25 ਅਪ੍ਰੈਲ। ਪ੍ਰਯਾਗਰਾਜ 'ਚ ਅਗਲੇ ਸਾਲ ਸ਼ੁਰੂ ਹੋਣ ਵਾਲੇ ਮਹਾਕੁੰਭ ਦੀਆਂ ਤਿਆਰੀਆਂ ਜ਼ੋਰਾਂ 'ਤੇ ਚੱਲ ਰਹੀਆਂ ਹਨ। ਇਸ ਦੌਰਾਨ ਪ੍ਰਯਾਗਰਾਜ 'ਚ ਵੱਡਾ ਹਾਦਸਾ ਵਾਪਰ ਗਿਆ। ਇਸ ਹਾਦਸੇ ਵਿੱਚ ਕੁੱਲ 8 ਮਜਦੂਰਾਂ ਦੇ ਜਖਮੀ ਹੋਣ ਦੀ ਖਬਰ ਹੈ। ਸੂਚਨਾ ਮਿਲਦੇ ਹੀ ਉੱਚ ਅਧਿਕਾਰੀ ਮੌਕੇ 'ਤੇ ਪਹੁੰਚ ਗਏ। ਸਾਰੇ ਜਖਮੀਆਂ ਨੂੰ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਪ੍ਰਯਾਗਰਾਜ ਦੇ ਸਰਾਏਨਾਯਤ ਥਾਣਾ ਖੇਤਰ ਵਿੱਚ 33 ਹਜਾਰ ਵੋਲਟ ਹਾਈ ਟੈਂਸਨ ਲਾਈਨ ਨੂੰ ਬਦਲਣ ਦਾ ਕੰਮ ਚੱਲ ਰਿਹਾ ਸੀ। ਇਸ ਦੌਰਾਨ ਤਾਰ ਖਿੱਚਦੇ ਸਮੇਂ ਬ੍ਰਿਜ ਟਾਵਰ ਡਿੱਗ ਗਿਆ। ਹਾਦਸੇ ਵਿੱਚ ਇੱਕ ਮਜਦੂਰ ਦੀ ਲੱਤ ਵੱਢੀ ਗਈ। ਇਸ ਦੇ ਨਾਲ ਹੀ ਦੋ ਮਜਦੂਰ ਟਾਵਰ ਦੇ ਹੇਠਾਂ ਦੱਬੇ ਗਏ। ਵੱਡੀ ਗਿਣਤੀ 'ਚ ਪਹੁੰਚੇ ਲੋਕਾਂ ਨੇ ਕਾਫੀ ਮੁਸੱਕਤ ਤੋਂ ਬਾਅਦ ਟਾਵਰ ਦੇ ਹੇਠਾਂ ਦੱਬੇ ਮਜਦੂਰਾਂ ਨੂੰ ਬਾਹਰ ਕੱਢਿਆ। ਇਸ



ਵਿੱਚ ਪੱਛਮੀ ਬੰਗਾਲ ਦੇ ਮਾਲਦਾ ਟਾਊਨ ਜ਼ਿਲ੍ਹੇ ਦੇ ਵਸਨੀਕ ਆਮਿਰ ਪੁੱਤਰ ਭੌਦੂ, ਕਾਸਿਮ ਪੁੱਤਰ ਇਦੂਵਾ, ਅਨਿਰੁਧ ਸਿੰਘ ਪੁੱਤਰ ਸੱਤਾਰ, ਅਬਦੁਲ ਪੁੱਤਰ ਸੇਖ ਅਖਤਰ, ਪੁਤੁਲ ਸੇਖ ਪੁੱਤਰ ਭਾਦੂ ਸੇਖ, ਸਲੀਮ ਅਤੇ ਛੋਟਨ ਵਾਸੀ ਮਜਦੂਰ ਸਾਮਲ ਸਨ। ਸਾਰਿਆਂ ਨੂੰ ਸਥਾਨਕ ਹਸਪਤਾਲ ਲਿਜਾਇਆ ਗਿਆ, ਜਿੱਥੇ ਸਲੀਮ ਅਤੇ ਆਮਿਰ ਦੀ ਗੰਭੀਰ ਹਾਲਤ ਨੂੰ ਦੇਖਦੇ ਹੋਏ ਡਾਕਟਰਾਂ ਨੇ ਉਨ੍ਹਾਂ ਨੂੰ ਐੱਸਆਰਐੱਨ ਹਸਪਤਾਲ ਰੈਫਰ ਕਰ ਦਿੱਤਾ। ਮੌਕੇ 'ਤੇ ਕੰਮ ਕਰ ਰਹੇ ਹੋਰ ਮਜਦੂਰਾਂ ਨੇ ਦੱਸਿਆ ਕਿ ਮਸੀਨ ਰਾਹੀਂ ਤਾਰ ਨੂੰ ਦੋਵੇਂ ਪਾਸੇ ਤੋਂ ਖਿੱਚਿਆ ਜਾ ਰਿਹਾ ਸੀ। ਟਾਵਰ ਦੇ ਹੇਠਾਂ ਕੁਝ ਮਜਦੂਰ ਕੰਮ ਕਰ ਰਹੇ ਸਨ। ਟਾਵਰ ਡਿੱਗਣ ਨਾਲ ਹੇਠਾਂ ਕੰਮ ਕਰ ਰਹੇ ਮਜਦੂਰ ਉਸ ਹੇਠਾਂ ਫਸ ਗਏ। ਸਲੀਮ ਦਾ ਪੈਰ ਕੁਚਲਿਆ ਗਿਆ, ਜਿਸ ਕਾਰਨ ਉਸ ਨੂੰ ਗੰਭੀਰ ਸੱਟਾਂ ਲੱਗੀਆਂ। ਆਮਿਰ ਦੇ ਹੱਥਾਂ ਅਤੇ ਲੱਤਾਂ 'ਚ ਵੀ ਗੰਭੀਰ ਸੱਟਾਂ ਲੱਗੀਆਂ ਹਨ।

## 50 ਲੱਖ ਦੇ ਬੀਮੇ ਲਈ ਪਤੀ ਦੀ ਹੱਤਿਆ; ਪਤਨੀ, ਸਾਲੀ ਤੇ ਪ੍ਰੇਮੀ ਗ੍ਰਿਫ਼ਤਾਰ

ਬਾਂਸਵਾੜਾ 25 ਅਪ੍ਰੈਲ। ਬਾਂਸਵਾੜਾ 'ਚ 50 ਲੱਖ ਰੁਪਏ ਦੇ ਬੀਮੇ ਲਈ ਪਤਨੀ ਨੇ ਆਪਣੇ ਪ੍ਰੇਮੀ ਤੇ ਭੈਣ ਨਾਲ ਮਿਲ ਕੇ ਪਤੀ ਦੀ ਹੱਤਿਆ ਕਰ ਦਿੱਤੀ। ਮੁਲਜ਼ਮਾਂ ਨੇ ਕਤਲ ਨੂੰ ਸੜਕ ਹਾਦਸੇ ਦਾ ਰੂਪ ਦੇਣ ਲਈ ਲਾਸ਼ ਨੂੰ ਹਾਈਵੇਅ 'ਤੇ ਸੁੱਟ ਕੇ ਕਾਰ ਨਾਲ ਦਰੜ ਦਿੱਤਾ। ਪੁਲਸ ਨੇ ਮਾਮਲੇ ਦਾ ਖੁਲਾਸਾ ਕਰਦੇ ਹੋਏ ਪਤਨੀ ਕਾਂਤਾ, ਉਸ ਦੀ ਭੈਣ ਕਮਲਾ ਅਤੇ ਪ੍ਰੇਮੀ ਦਿਨੇਸ ਨੂੰ ਗ੍ਰਿਫਤਾਰ ਕਰ ਲਿਆ ਹੈ। 2 ਹੋਰ ਮੁਲਜਮ ਫਰਾਰ ਹਨ। ਇਹ ਘਟਨਾ ਬਾਂਸਵਾੜਾ ਦੇ ਸਦਰ ਇਲਾਕੇ ਦੀ ਹੈ। ਐੱਸ. ਪੀ. ਹਰਸਵਰਧਨ ਅਗਰਵਾਲ ਅਨੁਸਾਰ ਕਾਂਤਾ (35), ਉਸਦੀ ਭੈਣ ਕਮਲਾ (42) ਅਤੇ ਪ੍ਰੇਮੀ ਦਿਨੇਸ ਮਈਡਾ (38) ਨੇ ਮਿਲ ਕੇ ਇਸ ਸਾਜ਼ਿਸ ਨੂੰ ਅੰਜਾਮ ਦਿੱਤਾ। 25 ਦਸੰਬਰ ਦੀ ਰਾਤ ਨੂੰ ਨੈਸਨਲ ਹਾਈਵੇਅ 'ਤੇ ਇਕ ਕੱਟੀ ਹੋਈ ਲਾਸ ਮਿਲੀ ਸੀ, ਜਿਸ ਦੀ ਪਛਾਣ ਕਾਲੂ (37) ਵਜੋਂ ਹੋਈ ਸੀ। ਕਾਲੂ ਦੀ ਸਨਾਖਤ ਸੋਸਲ ਮੀਡੀਆ ਰਾਹੀਂ ਹੋਈ ਸੀ ਅਤੇ ਜਾਂਚ ਤੋਂ ਪਤਾ ਲੱਗਾ ਹੈ ਕਿ ਉਸ ਦੀ ਪਤਨੀ ਕਾਂਤਾ ਦਾ ਦਿਨੇਸ ਮਈਡਾ ਨਾਲ ਨਾਜਾਇਜ ਸਬੰਧ ਚੱਲ ਰਹੇ ਸਨ

## ਓਡੀਸਾ 'ਚ ਵੱਡਾ ਹਾਦਸਾ: ਬੱਸ ਪਲਟਣ ਕਾਰਨ 4 ਯਾਤਰੀਆਂ ਦੀ ਮੌਤ, 40 ਜਖਮੀ

ਕੋਰਾਪੁਟ 25 ਅਪ੍ਰੈਲ। ਓਡੀਸਾ ਦੇ ਕੋਰਾਪੁਟ ਜ਼ਿਲ੍ਹੇ 'ਚ ਐਤਵਾਰ ਸਵੇਰੇ ਇਕ ਬੱਸ ਪਲਟਣ ਕਾਰਨ 4 ਯਾਤਰੀਆਂ ਦੀ ਮੌਤ ਹੋ ਗਈ ਅਤੇ 40 ਹੋਰ ਲੋਕ ਜਖਮੀ ਹੋ ਗਏ। ਪੁਲਸ ਨੇ ਇਸ ਘਟਨਾ ਦੀ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਇਹ ਹਾਦਸਾ ਬੋਇਪਰੀਗੁਡਾ ਥਾਣਾ ਖੇਤਰ ਦੇ ਗੁਪਤੇਸਵਰ ਨੇੜੇ ਡੋਕਰੀਘਾਟ 'ਤੇ ਸਵੇਰੇ 5.30 ਵਜੇ ਵਾਪਰਿਆ। ਹਾਦਸੇ ਦਾ ਸ਼ਿਕਾਰ ਹੋਈ ਬੱਸ ਕਰੀਬ 50 ਸਰਧਾਲੂਆਂ ਨੂੰ ਲੈ ਕੇ ਕਟਕ ਦੇ ਨਿਯਾਲੀ ਤੋਂ ਗੁਪਤੇਸਵਰ ਮੰਦਰ ਜਾ ਰਹੀ ਸੀ। ਇੱਕ ਅਧਿਕਾਰੀ ਨੇ ਦੱਸਿਆ ਕਿ ਸੀਮਾ ਸੁਰੱਖਿਆ ਬਲ (ਬੀ.ਐੱਸ.ਐੱਫ.) ਅਤੇ ਪੁਲਸ ਨੇ ਜਖਮੀ ਯਾਤਰੀਆਂ ਨੂੰ ਬਚਾਇਆ ਅਤੇ ਉਨ੍ਹਾਂ ਨੂੰ ਬੋਇਪਾਰੀਗੁਡਾ ਹਸਪਤਾਲ 'ਚ ਦਾਖਲ ਕਰਵਾਇਆ। ਉਨ੍ਹਾਂ ਦੱਸਿਆ ਕਿ ਸੱਕ ਹੈ ਕਿ ਪਹਾੜੀ ਸੜਕ 'ਤੇ ਔਖੇ ਮੋੜ 'ਤੇ ਡਰਾਈਵਰ ਕੰਟਰੋਲ ਗੁਆ ਬੈਠਾ। ਅਧਿਕਾਰੀਆਂ ਨੇ ਦੱਸਿਆ ਕਿ ਮਰਨ ਵਾਲਿਆਂ ਵਿੱਚ ਇੱਕ



12 ਸਾਲ ਦਾ ਬੱਚਾ ਵੀ ਸਾਮਲ ਹੈ। ਜਖਮੀਆਂ ਵਿੱਚੋਂ ਕਈਆਂ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ, ਜਿਨ੍ਹਾਂ ਵਿੱਚੋਂ ਕਈਆਂ ਦੀਆਂ ਬਾਹਾਂ ਅਤੇ ਲੱਤਾਂ ਟੁੱਟ ਗਈਆਂ ਹਨ। ਜਖਮੀਆਂ ਵਿੱਚ ਕਈ ਔਰਤਾਂ ਤੇ ਬੱਚੇ ਵੀ ਸਾਮਲ ਹਨ। ਮੁੱਖ ਮੰਤਰੀ ਮੋਹਨ ਚਰਨ ਮਾਝੀ ਨੇ ਇਸ ਹਾਦਸੇ ਵਿਚ ਲੋਕਾਂ ਦੀਆਂ ਹੋਈਆਂ ਮੌਤਾਂ 'ਤੇ ਦੁੱਖ ਪ੍ਰਗਟ ਕੀਤਾ ਹੈ ਅਤੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ 2-2 ਲੱਖ ਰੁਪਏ ਦੀ ਐਕਸ-ਗ੍ਰੇਸੀਆ ਦੇਣ ਦਾ ਐਲਾਨ ਕੀਤਾ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਗੰਭੀਰ ਰੂਪ ਵਿਚ ਜਖਮੀ ਵਿਅਕਤੀਆਂ ਦਾ ਜ਼ਿਲ੍ਹਾ ਹੈੱਡਕੁਆਰਟਰ ਹਸਪਤਾਲ ਵਿੱਚ ਇਲਾਜ ਯਕੀਨੀ ਕਰਨ ਦੇ ਨਿਰਦੇਸ਼ ਦਿੱਤੇ ਹਨ

# ਠੰਡ ਦੇ ਨਾਲ ਵਾਇਰਸ ਦਾ ਵੀ ਵਧਿਆ ਖਤਰਾ, ਬੱਚਿਆਂ ਅਤੇ ਬਜੁਰਗਾਂ ਲਈ ਬਣੀ ਚਿੰਤਾ

ਅੰਮ੍ਰਿਤਸਰ 25 ਅਪ੍ਰੈਲ। ਸਵੇਰ ਤੋਂ ਹੋ ਰਹੀ ਬੂੰਦਾਬਾਂਦੀ ਕਾਰਨ ਠੰਡ ਦਾ ਅਸਰ ਅੱਗੇ ਨਾਲੋਂ ਵੱਧ ਗਿਆ ਹੈ। ਠੰਡ ਵਧਣ ਨਾਲ ਖਾਂਸੀ, ਜ਼ੁਕਾਮ ਅਤੇ ਬੁਖਾਰ ਤੋਂ ਇਲਾਵਾ ਵਾਇਰਸ ਆਦਿ ਦੀਆਂ ਬੀਮਾਰੀਆਂ ਫੈਲਨ ਦਾ ਖਦਸ਼ਾ ਵੀ ਵੱਧ ਗਿਆ ਹੈ। ਸਿਹਤ ਵਿਭਾਗ ਵੱਲੋਂ ਭਾਵੇਂ ਸੀਤ ਰੁੱਤ ਨੂੰ ਲੈ ਕੇ ਲੋਕਾਂ ਲਈ ਐਡਵਾਈਜਰੀ ਜਾਰੀ ਕੀਤੀ ਗਈ ਹੈ ਪਰ ਸਿਹਤ ਮਾਹਿਰਾਂ ਵੱਲੋਂ ਬੱਚਿਆਂ ਅਤੇ ਬਜੁਰਗਾਂ ਨੂੰ ਇਨ੍ਹਾਂ ਦਿਨਾਂ ਵਿਚ ਖਾਸ ਆਪਣਾ ਧਿਆਨ ਰੱਖਣ ਦੀ ਹਦਾਇਤ ਕੀਤੀ ਹੈ। ਇਸ ਦੇ ਨਾਲ ਹੀ ਦਿਲ ਦੇ ਰੋਗੀਆਂ ਨੂੰ ਵੀ ਆਪਣਾ ਧਿਆਨ ਰੱਖਣ ਦੀ ਜਰੂਰਤ ਹੈ। ਜਾਣਕਾਰੀ ਅਨੁਸਾਰ ਜ਼ਿਲ੍ਹੇ ਵਿਚ ਪਿਛਲੇ ਕੁਝ ਦਿਨਾਂ ਤੋਂ ਸੁੱਕੀ ਠੰਡ ਕਾਰਨ ਬੀਮਾਰੀਆਂ ਦੀ ਲਪੇਟ ਵਿਚ ਕਾਫੀ ਲੋਕ ਆ ਰਹੇ ਸਨ ਪਰ ਹੁਣ ਸਵੇਰ ਤੋਂ ਹੋਰ ਹੀ ਬੂੰਦਾਂਬੰਦੀ ਕਾਰਨ ਮੌਸਮ ਵਿਚ ਆਈ ਗਿਰਾਵਟ ਦੇ ਮੱਦੇਨਜਰ ਖਾਂਸੀ, ਜ਼ੁਕਾਮ, ਬੁਖਾਰ, ਫਲੂ, ਨਿਮੋਨੀਆਂ, ਅਸਥਮਾ ਅਤੇ ਵਾਰਿਸ ਆਦਿ ਬੀਮਾਰੀਆਂ ਵੱਧਣ ਦਾ ਖਤਰਾ ਵੱਧ ਗਿਆ ਹੈ। ਇਸ ਤੋਂ ਦੋ ਦਿਨ ਪਹਿਲਾਂ ਭਾਰਤ ਸਰਕਾਰ ਦੇ ਪ੍ਰਦੂਸਣ ਕੰਟਰੋਲ ਵਿਭਾਗ ਵੱਲੋਂ ਜ਼ਿਲ੍ਹੇ ਦੇ ਏ. ਕਿਊ. ਆਈ. ਦੇ ਆਧਾਰਿਤ ਔਰੰਜ ਜੋਨ ਅਲਰਟ ਜਾਰੀ ਕੀਤਾ ਗਿਆ ਸੀ ਪਰ ਹੋਣ ਬਰਸਾਤ ਦੇ ਨਾਲ ਮੌਸਮ ਵਿਚ ਫੈਲੇ ਪ੍ਰਦੂਸਣ ਦਾ ਮਿਆਰ ਵੀ ਕਾਫੀ ਹੇਠਾਂ ਚਲਾ ਗਿਆ ਹੈ। ਇਨ੍ਹਾਂ ਦਿਨਾਂ ਵਿਚ ਠੰਢ ਵੱਧਣ ਦੇ ਕਾਰਨ ਉਕਤ ਬੀਮਾਰੀਆਂ ਤੋਂ ਇਲਾਵਾ ਦਿਲ ਦੇ ਰੋਗੀਆਂ ਨੂੰ ਵੀ ਗੰਭੀਰ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਿਹਤ ਵਿਭਾਗ ਵੱਲੋਂ ਜਾਰੀ ਐਡਵਾਈਜਰੀ ਅਨੁਸਾਰ ਬੱਚਿਆਂ ਅਤੇ ਬਜੁਰਗਾਂ ਦੀ ਸਿਹਤ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ। ਬਰਸਾਤ ਤੋਂ ਬਾਅਦ ਬਜੁਰਗ ਅਤੇ ਬੱਚੇ ਦੋਵਾਂ ਦੀ ਹੀ ਸਿਹਤ ਪ੍ਰਭਾਵਿਤ ਹੁੰਦੀ ਹੈ, ਕਿਉਂਕਿ ਉਹ ਬਹੁਤ ਜਲਦ ਠੰਢ ਲੱਗਣ ਕਾਰਨ ਬੀਮਾਰ ਹੋ ਸਕਦੇ ਹਨ। ਅਜਿਹੇ ਮੌਸਮ ਵਿਚ ਸਾਰੇ ਬਜੁਰਗਾਂ ਖਾਸ ਕਰ ਕੇ ਜਿਨ੍ਹਾਂ ਨੂੰ ਸ਼ੂਗਰ, ਦਮਾ ਜਾਂ ਦਿਲ ਦੀ ਬੀਮਾਰੀਆਂ ਹਨ, ਨੂੰ ਠੰਢ ਤੋਂ ਬਚਾਅ ਕੇ ਰੱਖਣਾ ਚਾਹੀਦਾ ਹੈ ਅਤੇ ਬਿਨਾਂ ਕੰਮ ਤੋਂ ਘਰੋਂ ਬਾਹਰ ਨਹੀਂ ਜਾਣਾ ਚਾਹੀਦਾ। ਛੋਟੇ ਬੱਚਿਆਂ ਨੂੰ ਨਿੱਘਾ ਵਿਚ ਰੱਖਣਾ ਚਾਹੀਦਾ ਹੈ, ਗਰਮ ਕੱਪੜੇ ਪਾ ਕੇ ਰੱਖਣੇ ਚਾਹੀਦੇ ਹਨ, ਸਿਰ ਅਤੇ ਪੈਰਾਂ ਨੂੰ ਪੂਰੀ ਤਰ੍ਹਾਂ ਕਵਰ ਕਰ ਕੇ ਰੱਖਣਾ ਚਾਹੀਦਾ ਹੈ ਅਤੇ ਖਾਂਸੀ, ਜ਼ੁਕਾਮ, ਦਸਤ, ਉਲਟੀ ਜਾਂ ਬੁਖਾਰ ਹੋਣ 'ਤੇ ਤੁਰੰਤ ਮਾਹਿਰ ਡਾਕਟਰਾਂ ਕੋਲ ਜਾਣਾ ਚਾਹੀਦਾ ਹੈ। ਬੰਦ ਕਮਰੇ ਵਿਚ ਅੰਗੀਠੀ ਨਾ ਬਾਲੋ, ਕਿਉਂਕਿ ਇਸ ਨਾਲ ਕਾਰਬਨ ਮੋਨੋਅਕਸਾਈਡ ਗੈਸ ਪੈਦਾ ਹੁੰਦੀ ਹੈ, ਜੋ ਕਿ ਜਾਨਲੇਵਾ ਸਾਬਿਤ ਹੋ ਸਕਦੀ ਹੈ। ਸਰਦੀ ਵਿਚ ਆਪਣੀ ਖੁਰਾਕ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ ਅਤੇ ਸਮੇਂ-ਸਮੇਂ 'ਤੇ ਗਰਮ ਤਰਲ ਪਦਾਰਥ ਲੈਣੇ ਚਾਹੀਦੇ ਹਨ। ਇਸ ਤੋਂ ਇਲਾਵਾ ਮੌਸਮ ਵਿਭਾਗ ਦੀਆਂ ਚਿਤਾਵਨੀਆਂ ਦਾ ਵੀ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ। ਜ਼ਿਆਦਾ ਧੁੰਦ, ਬਾਰਿਸ਼, ਕੋਹਰਾ ਜਾਂ ਗੜੇ ਪੈਣ ਦੀ ਸੂਰਤ ਵਿਚ ਘਰੋਂ ਬਾਹਰ ਨਹੀਂ ਜਾਣਾ ਚਾਹੀਦਾ ਅਤੇ ਕਾਂਬਾ ਲੱਗਣ ਵਾਲੀ ਸਥਿਤੀ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਇੰਡੀਅਨ ਮੈਡੀਕਲ ਐਸੋਸੀਏਸਨ ਦੇ ਟੀ. ਬੀ. ਪ੍ਰੋਗਰਾਮ ਦੇ ਅਧਿਕਾਰੀ ਡਾ. ਨਰੇਸ ਚਾਵਲਾ ਨੇ ਦੱਸਿਆ ਕਿ ਜ਼ਿਲ੍ਹੇ ਵਿਚ ਹੋ ਰਹੀ ਬੂੰਦਾਬਾਂਦੀ ਕਾਰਨ ਹੋਣ ਫਲੂ ਅਤੇ ਹੋਰਨਾਂ ਬੀਮਾਰੀਆਂ ਵੱਧਣ ਦਾ ਖਦਸ਼ਾ ਵੱਧ ਗਿਆ ਹੈ। ਬੱਚਿਆਂ ਅਤੇ ਬਜੁਰਗਾਂ ਨੂੰ ਖਾਸ ਤੌਰ 'ਤੇ ਇਨ੍ਹਾਂ ਦਿਨਾਂ ਵਿਚ ਆਪਣਾ ਖਾਸ ਧਿਆਨ ਰੱਖਣਾ ਚਾਹੀਦਾ ਹੈ। ਖਾਂਸੀ, ਜ਼ੁਕਾਮ, ਬੁਖਾਰ ਤੋਂ ਇਲਾਵਾ ਨਿਮੋਨੀਆ ਦੇ ਮਰੀਜਾਂ ਦੀ ਗਿਣਤੀ ਵੱਧ ਜਾਂਦੀ ਹੈ, ਨਾਲ ਹੀ ਅਸਥਮਾ ਦੇ ਅਟੈਕ ਵੀ ਮਰੀਜਾਂ ਨੂੰ ਜ਼ਿਆਦਾ ਆਪਣੇ ਗ੍ਰਿਫਤ ਵਿਚ ਲੈਂਦੇ ਹਨ। ਇਸ ਦੇ ਨਾਲ ਹੀ ਇਨਫਲੂਜਾ ਵਾਇਰਸ ਅਤੇ ਸਵਾਇਨ ਫਲੂ ਦੇ ਕੇਸਾਂ ਵਿਚ ਵੀ ਇਜਾਫਾ ਹੁੰਦਾ ਹੈ। ਬੱਚਿਆਂ ਅਤੇ ਬਜੁਰਗਾਂ ਨੂੰ ਇਨ੍ਹਾਂ ਦਿਨਾਂ ਵਿਚ ਆਪਣਾ ਖਾਸ ਧਿਆਨ ਰੱਖਣਾ ਚਾਹੀਦਾ ਹੈ। ਜੇਕਰ ਖਾਂਸੀ ਲਗਾਤਾਰ ਆਉਂਦੀ ਰਹਿੰਦੀ ਹੈ ਤਾਂ ਤੁਰੰਤ ਉਸ ਦੀ ਜਾਂਚ ਕਰਵਾਉਣੀ ਚਾਹੀਦੀ ਹੈ। ਗਰਮ ਕੱਪੜੇ ਪਾਉਣੇ ਚਾਹੀਦੇ ਹਨ ਅਤੇ ਬਾਹਰੀ ਚੀਜਾਂ ਖਾਣ ਤੋਂ ਪ੍ਰਹੇਜ ਰੱਖਣਾ ਚਾਹੀਦਾ ਹੈ। ਡਾ. ਚਾਵਲਾ ਨੇ ਦੱਸਿਆ ਕਿ ਇੰਡੀਅਨ ਮੈਡੀਕਲ ਐਸੋਸੀਏਸਨ ਵੱਲੋਂ ਸਮੇਂ-ਸਮੇਂ 'ਤੇ ਲੋਕਾਂ



ਨੂੰ ਇਸ ਸੰਬੰਧੀ ਜਾਗਰੂਕ ਵੀ ਕੀਤਾ ਜਾਂਦਾ ਹੈ। ਇੰਡੀਅਨ ਮੈਡੀਕਲ ਐਸੋਸੀਏਸਨ ਦੇ ਮੈਂਬਰ ਡਾ. ਰਜਨੀਸ ਸਰਮਾ ਨੇ ਦੱਸਿਆ ਕਿ ਉਕਤ ਬੀਮਾਰੀਆਂ ਤੋਂ ਇਲਾਵਾ ਦਿਲ ਦੀਆਂ ਬੀਮਾਰੀਆਂ ਅਤੇ ਹੋਰ ਨਾ ਬੀਮਾਰੀਆਂ ਦਾ ਵੀ ਵੱਧਣ ਦਾ ਖਤਰਾ ਬਣਿਆ ਰਹਿੰਦਾ ਹੈ। ਦਿਲ ਦੇ ਰੋਗੀਆਂ ਨੂੰ ਚਿਕਨਾਹਟ ਵਾਲੀਆਂ ਚੀਜਾਂ ਅਤੇ ਬਾਹਰੀ ਚੀਜਾਂ ਖਾਣ ਤੋਂ ਪ੍ਰਹੇਜ ਰੱਖਣਾ ਚਾਹੀਦਾ ਹੈ। ਇਸ ਤੋਂ ਇਲਾਵਾ ਛਾਤੀ ਨੂੰ ਹਰ ਇਕ ਇਨਸਾਨ ਨੂੰ ਢੱਕ ਕੇ ਰੱਖਣਾ ਚਾਹੀਦਾ ਹੈ। ਛਾਤੀ ਦੀ ਲੱਗੀ ਠੰਢ ਬਾਅਦ ਵਿੱਚ ਵੱਖ-ਵੱਖ ਬੀਮਾਰੀਆਂ ਨੂੰ ਸੱਦਾ ਦੇ ਸਕਦੀ ਹੈ। ਡਾ. ਰਜਨੀਸ ਨੇ ਕਿਹਾ ਕਿ ਲੋਕਾਂ ਨੂੰ ਸਿਹਤ ਵਿਭਾਗ ਦੀ ਐਡਵਾਈਜਰੀ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਆਪਣਾ ਅਤੇ ਆਪਣੇ ਪਰਿਵਾਰਿਕ ਮੈਂਬਰਾਂ ਦਾ ਸੀਤ ਰੁੱਤ ਵਿਚ ਖਾਸ ਧਿਆਨ ਰੱਖਣਾ ਚਾਹੀਦਾ ਹੈ। ਸਰਕਾਰੀ ਟੀ. ਬੀ. ਹਸਪਤਾਲ ਦੇ ਸਾਬਕਾ ਇੰਚਾਰਜ ਡਾ. ਨਵੀਨ ਪਾਂਧੀ ਨੇ ਦੱਸਿਆ ਕਿ ਛਾਤੀ ਦੀ ਬੀਮਾਰੀ ਨਾਲ ਸੰਬੰਧਤ ਮਰੀਜਾਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਮਰੀਜ ਵੱਖ-ਵੱਖ ਤਰ੍ਹਾਂ ਦੀਆਂ ਛਾਤੀ ਨਾਲ ਸੰਬੰਧਤ ਬੀਮਾਰੀਆਂ ਤੋਂ ਪ੍ਰੇਸਾਨ ਹਨ। ਡਾ. ਪਾਂਧੀ ਨੇ ਕਿਹਾ ਕਿ ਲੋਕਾਂ ਨੂੰ ਸਿਹਤ ਵਿਭਾਗ ਦੀ ਐਡਵਾਈਜਰੀ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਨਾਲ ਹੀ ਟੀ. ਬੀ. ਦੇ ਮਰੀਜਾਂ ਨੂੰ ਵੀ ਇੰਨਾਂ ਦਿਨਾਂ ਵਿੱਚ ਆਪਣਾ ਖਾਸ ਧਿਆਨ ਰੱਖਣਾ ਚਾਹੀਦਾ ਹੈ। ਡਾਕਟਰਾਂ ਵੱਲੋਂ ਦੱਸੀ ਡਾਇਟ ਅਤੇ ਦਵਾਈ ਸਮੇਂ 'ਤੇ ਲੈਣੀ ਚਾਹੀਦੀ ਹੈ। ਜੇਕਰ ਉਨਾਂ ਨੂੰ ਕੋਈ ਤਕਲਿਫ ਆਉਂਦੀ ਹੈ ਤਾਂ ਸੰਬੰਧਤ ਡਾਕਟਰ ਨੂੰ ਸਮੇਂ 'ਤੇ ਇਤਲਾਹ ਦੇਣੀ ਚਾਹੀਦੀ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਡੰਕੀ ਲਗਾ ਕੇ ਨੌਜਵਾਨਾਂ ਨੂੰ ਡੌਂਕਰਾਂ ਕੋਲ ਫਸਾਉਣ ਦੇ ਮਾਮਲੇ 'ਚ ਵੱਡਾ ਖ਼ੁਲਾਸਾ

ਜਲੰਧਰ 25 ਅਪ੍ਰੈਲ। ਡੰਕੀ ਲਗਵਾ ਕੇ ਵਿਦੇਸ਼ ਭੇਜਣ ਵਾਲੇ ਏਜੰਟਾਂ ਦੇ ਗੈਂਗ ਦੀਆਂ ਜੜ੍ਹਾਂ ਜਲੰਧਰ ਵਿਚ ਨਿਕਲੀਆਂ ਹਨ। ਕਈ ਸਾਲਾਂ ਤੋਂ ਲਗਭਗ ਅੱਧਾ ਦਰਜਨ ਏਜੰਟ ਇਸ ਧੰਦੇ ਵਿਚ ਸ਼ਾਮਲ ਹਨ, ਜਿਨ੍ਹਾਂ ਕੋਲ ਨਾ ਤਾਂ ਕੋਈ ਦਫ਼ਤਰ ਹੈ ਅਤੇ ਨਾ ਹੀ ਲਾਇਸੈਂਸ ਪਰ ਫਿਰ ਵੀ ਉਕਤ ਏਜੰਟ ਲੋਕਾਂ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਡੰਕੀ ਰੂਟ 'ਤੇ ਭੇਜਦੇ ਹਨ ਅਤੇ ਦੇਸ਼ ਵਿਚੋਂ ਨਿਕਲਣ ਤੋਂ ਬਾਅਦ ਜੰਗਲਾਂ ਵਿਚ ਲਿਜਾ ਕੇ ਇਨ੍ਹਾਂ ਹੀ ਏਜੰਟਾਂ ਦੇ ਡੌਂਕਰ ਉਨ੍ਹਾਂ ਲੋਕਾਂ ਨੂੰ ਬੰਧਕ ਬਣਾ ਕੇ ਹੋਰ ਪੈਸਿਆਂ ਦੀ ਮੰਗ ਕਰਦੇ ਹਨ। ਮਾਮਲਾ ਜਦੋਂ ਬੰਧਕ ਬਣੇ ਲੋਕਾਂ ਦੇ ਘਰ ਵਾਲਿਆਂ ਤਕ ਪਹੁੰਚਦਾ ਹੈ ਤਾਂ ਫਿਰ ਏਜੰਟਾਂ ਦੀ ਐਂਟਰੀ ਹੁੰਦੀ ਹੈ, ਜੋ ਮੰਗੀ ਗਈ ਰਕਮ ਨੂੰ ਘੱਟ ਕਰਕੇ ਡੌਂਕਰ ਨਾਲ ਸੈਟਿੰਗ ਕਰਵਾ ਕੇ ਲੋਕਾਂ ਨੂੰ ਛੁਡਵਾ ਦਿੰਦੇ ਹਨ, ਜਦਕਿ ਉਸ ਰਕਮ ਦੀ ਅੱਧੀ ਰਾਸ਼ੀ ਏਜੰਟਾਂ ਨੂੰ ਮਿਲ ਜਾਂਦੀ ਹੈ। ਇਹ ਇਕ ਉੱਚ ਅਧਿਕਾਰੀ ਦੇ ਖ਼ਾਸ ਟਾਊਟ ਵਜੋਂ ਕੰਮ ਕਰਦੇ ਹਨ ਅਤੇ ਏਜੰਟੀ ਦੇ ਕੰਮ 'ਤੇ ਕੋਈ ਪੁਲਸ ਐਕਸ਼ਨ ਹੁੰਦਾ ਹੈ ਤਾਂ ਉਸੇ ਉੱਚ ਅਧਿਕਾਰੀ ਦੀ ਸ਼ਰਨ ਵਿਚ ਜਾ ਕੇ ਬਚ ਜਾਂਦੇ ਹਨ। ਹੈਰਾਨੀ ਦੀ ਗੱਲ ਹੈ ਕਿ ਪੁਲਸ ਦੀਆਂ ਨਜ਼ਰਾਂ ਵਿਚ ਬਿਹਤਰ ਟਾਊਟ ਬਣਨ ਲਈ ਏਜੰਟਾਂ ਨੇ ਪਹਿਲਾਂ ਨਸ਼ਾ ਸਮੱਗਲਰਾਂ ਨਾਲ ਦੋਸਤੀ ਵੀ ਕੀਤੀ ਹੁੰਦੀ ਹੈ ਅਤੇ ਫਿਰ ਉਨ੍ਹਾਂ ਹੀ ਨਸ਼ਾ ਸਮੱਗਲਰਾਂ ਨੂੰ ਟ੍ਰੈਪ ਲਗਾ ਕੇ ਫੜਾਉਣ ਦਾ ਕੰਮ ਵੀ ਕਰਦੇ ਹਨ। ਹਾਲਾਂਕਿ ਇਕ ਕਥਿਤ ਏਜੰਟ ਖ਼ਿਲਾਫ਼ ਜਲੰਧਰ ਪੁਲਸ ਨੇ ਕੇਸ ਵੀ ਦਰਜ ਕੀਤੇ ਹੋਏ ਹਨ, ਜਿਸ ਤੋਂ ਬਾਅਦ ਉਸ ਨੇ ਜਲੰਧਰ ਤੋਂ ਆਪਣਾ ਪੈਕਅਪ ਕਰਕੇ ਘੁੰਮ-ਫਿਰ ਕੇ ਹੀ ਕੰਮ ਸ਼ੁਰੂ ਕਰ ਲਿਆ ਸੀ। ਏਜੰਟ ਇੰਨੇ ਸ਼ਾਤਿਰ ਹਨ ਕਿ ਉਨ੍ਹਾਂ ਨੇ ਕਈ ਨੇਤਾਵਾਂ ਨਾਲ ਵੀ ਯਾਰੀ ਪਾਈ ਹੋਈ ਹੈ, ਜੋ ਆਉਣ ਵਾਲੇ ਸਮੇਂ ਵਿਚ ਨੇਤਾਵਾਂ ਲਈ ਵੀ ਭਾਰੀ ਪੈ ਸਕਦੀ ਹੈ ਕਿਉਂਕਿ ਇਨ੍ਹਾਂ ਏਜੰਟਾਂ ਦੀ ਪੋਲ ਖੁੱਲ੍ਹਣ ਲਈ ਦਿੱਲੀ ਤੋਂ ਪੁਲਸ ਟੀਮ ਕਦੇ ਵੀ ਜਲੰਧਰ ਵਿਚ ਦਬਿਸ਼ ਦੇ ਸਕਦੀ ਹੈ। ਏਜੰਟਾਂ ਅਤੇ ਡੌਂਕਰਾਂ ਵਿਚ ਚੱਲ ਰਹੀ ਪਾਰਟਨਰਸ਼ਿਪ ਦਾ ਵੀ ਜਲਦ ਖ਼ੁਲਾਸਾ ਕੀਤਾ ਜਾਵੇਗਾ।

# ਡਿਪੂਆਂ ਤੋਂ ਮੁਫ਼ਤ ਰਾਸ਼ਨ ਲੈਣ ਵਾਲਿਆਂ ਲਈ ਵੱਡੀ ਖ਼ੁਸ਼ਖ਼ਬਰੀ, ਪੰਜਾਬ ਸਰਕਾਰ ਨੇ ਲਿਆ ਵੱਡਾ ਫ਼ੈਸਲਾ

ਸਮਰਾਲਾ 25 ਅਪ੍ਰੈਲ। ਪੰਜਾਬ ਦੇ ਪੇਂਡੂ ਤੇ ਸ਼ਹਿਰੀ ਖੇਤਰਾਂ 'ਚ ਬਹੁਤ ਥਾਵਾਂ 'ਤੇ ਸਰਕਾਰੀ ਡਿਪੂ ਨਾ ਹੋਣ ਦੀ ਹਾਲਤ 'ਚ ਖੱਜਲ-ਖੁਆਰੀ ਝੱਲ ਰਹੇ ਲਾਭਪਾਤਰੀਆਂ ਨੂੰ ਹੁਣ ਰਾਸ਼ਨ ਲੈਣ ਲਈ ਦੂਜੇ ਡਿਪੂਆਂ 'ਤੇ ਜਾਣ ਦੀ ਖੇਚਲ ਤੋਂ ਨਿਜਾਤ ਮਿਲਣ ਜਾ ਰਹੀ ਹੈ ਕਿਉਂਕਿ ਸੂਬਾ ਸਰਕਾਰ ਵੱਲੋਂ ਪੰਜਾਬ ਦੇ 23 ਜ਼ਿਲ੍ਹਿਆਂ ਅੰਦਰ 9 ਹਜ਼ਾਰ ਦੇ ਕਰੀਬ ਨਵੇਂ ਰਾਸ਼ਨ ਡਿਪੂ ਅਲਾਟ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਨੇ ਡਿਪੂਆਂ ਦੀ ਅਲਾਟਮੈਂਟ ਕਰਨ ਤੋਂ ਪਹਿਲਾਂ ਡਿਪੂ ਲੈਣ ਦੇ ਇੱਛੁਕ ਲੋਕਾਂ ਨੂੰ ਮੌਕਾ ਦਿੰਦਿਆਂ ਕਿਹਾ ਹੈ ਕਿ ਉਹ 25 ਅਪ੍ਰੈਲ ਤੱਕ ਆਪਣੇ ਬਿਨੈ ਪੱਤਰ ਵਿਭਾਗ ਕੋਲ ਦਰਜ ਕਰਵਾਉਣ। ਇਸ ਫ਼ੈਸਲੇ ਤੋਂ ਬਾਅਦ ਜ਼ਿਲ੍ਹਾ ਲੁਧਿਆਣਾ ਦੇ ਵੱਖ-ਵੱਖ ਖੇਤਰਾਂ 'ਚ 737 ਨਵੇਂ ਰਾਸ਼ਨ ਡਿਪੂ ਅਲਾਟ ਹੋ ਜਾਣਗੇ। ਵਿਭਾਗ ਵੱਲੋਂ ਨਵੀਂ ਅਲਾਟਮੈਂਟ ਸਬੰਧੀ ਬਣਾਏ ਗਏ ਨਿਯਮਾਂ ਮੁਤਾਬਕ ਡਿਪੂ ਅਪਲਾਈ ਕਰਨ ਵਾਲੇ ਬਿਨੈਕਾਰ ਦੀ ਉਮਰ 18 ਤੋਂ 37 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ ਤੇ ਉਸ ਦੀ ਵਿਦਿਅਕ ਯੋਗਤਾ ਘੱਟੋ-ਘੱਟ ਦਸਵੀਂ ਪਾਸ ਹੋਣੀ ਚਾਹੀਦੀ ਹੈ। ਬਿਨੈਕਾਰ ਪੰਜਾਬੀ ਵਿਸ਼ੇ 'ਚੋਂ ਪਾਸ ਹੋਣਾ ਜ਼ਰੂਰੀ ਹੈ। ਸਰਕਾਰ ਵੱਲੋਂ ਬਿਨੈਕਾਰਾਂ ਨੂੰ ਰਾਸ਼ਨ ਡਿਪੂ ਲਈ ਆਨ ਲਾਈਨ ਅਪਲਾਈ ਕਰਨ ਦੀ ਥਾਂ ਆਪਣੀ ਅਰਜ਼ੀ ਸਿੱਧੇ ਰੂਪ 'ਚ 25 ਅਪ੍ਰੈਲ ਨੂੰ ਸ਼ਾਮ 5 ਵਜੇ ਤੱਕ ਖੁਰਾਕ ਤੇ ਸਪਲਾਈ ਵਿਭਾਗ ਦੇ ਦਫ਼ਤਰ 'ਚ ਪਹੁੰਚਦੀ ਕਰਨ ਨੂੰ ਕਿਹਾ ਗਿਆ ਹੈ। ਜੇਕਰ ਖ਼ਾਲੀ ਅਸਾਮੀਆਂ ਦੀ ਸ਼੍ਰੇਣੀ ਉਪਰ ਝਾਤੀ ਮਾਰੀ ਜਾਵੇ ਤਾਂ ਪਤਾ ਚੱਲਦਾ ਹੈ ਕਿ ਦਿਹਾਤੀ ਲੁਧਿਆਣਾ ਪੂਰਵੀ 'ਚ ਜਨਰਲ ਸ਼੍ਰੇਣੀ 145, ਅਨੁਸੂਚਿਤ ਜਾਤੀ 36, ਪੱਛੜੀਆਂ ਸ਼੍ਰੇਣੀਆਂ 13, ਸਾਬਕਾ ਸੈਨਿਕ 18, ਸੁਤੰਤਰਤਾ ਸੈਲਾਨੀ 13, ਦਿਵਿਆਂਗ ਸ਼੍ਰੇਣੀ 7, ਸਵੈ ਇੱਛੁਕ 5, ਦੰਗਾ ਪੀੜਤ ਜਾਂ ਅੱਤਵਾਦ ਪ੍ਰਭਾਵਿਤ 26 ਲੋਕਾਂ ਲਈ ਡਿਪੂਆਂ ਲਈ ਰਾਖਵਾਂ ਰੱਖਿਆ ਗਿਆ ਹੈ। ਇਸੇ ਤਰ੍ਹਾਂ ਸ਼ਹਿਰੀ ਖੇਤਰ ਪੂਰਵੀ 'ਚ ਆਮ ਸ਼੍ਰੇਣੀ 57, ਅਨੁਸੂਚਿਤ ਜਾਤੀ 14, ਪੱਛੜੀਆਂ ਸ਼੍ਰੇਣੀਆਂ 5, ਸਾਬਕਾ ਸੈਨਿਕ 7, ਸੁਤੰਤਰਤਾ ਸੈਲਾਨੀ 5, ਦਿਵਿਆਂਗ 3, ਸਵੈ ਇੱਛੁਕ ਔਰਤਾਂ 2 ਤੇ ਦੰਗਾ ਪੀੜਤ ਤੇ ਅੱਤਵਾਦ ਪ੍ਰਭਾਵਿਤ 10 ਲੋਕਾਂ ਲਈ ਰਾਖਵਾ ਹੈ। ਪੇਂਡੂ ਖੇਤਰ ਲੁਧਿਆਣਾ ਪੱਛਮੀ ਆਮ ਸ਼੍ਰੇਣੀ ਲਈ



152, ਅਨੁਸੂਚਿਤ ਜਾਤੀ ਲਈ 36, ਪੱਛੜੀਆਂ ਸ਼੍ਰੇਣੀਆਂ 14, ਸਾਬਕਾ ਸੈਨਿਕ 20, ਸੁਤੰਤਰਤਾ ਸੈਲਾਨੀ 14, ਦਿਵਿਆਂਗ ਸ਼੍ਰੇਣੀ 8, ਸਵੈ ਇੱਛੁਕ ਔਰਤਾਂ 6, ਦੰਗਾ ਪੀੜਤ ਤੇ ਅੱਤਵਾਦੀ ਪ੍ਰਭਾਵਿਤ ਪਰਿਵਾਰਾਂ ਲਈ 28 ਡਿਪੂ ਰਾਖਵੇਂ ਰੱਖੇ ਗਏ ਹਨ। ਲੁਧਿਆਣਾ ਪੱਛਮੀ ਦੇ ਸ਼ਹਿਰੀ ਖੇਤਰ 'ਚ ਆਮ ਸ਼੍ਰੇਣੀ ਲਈ 62, ਅਨੁਸੂਚਿਤ ਜਾਤੀ ਲਈ 15, ਪੱਛੜੀਆਂ ਸ਼੍ਰੇਣੀਆਂ 6, ਸਾਬਕਾ ਸੈਨਿਕ 8, ਸੁਤੰਤਰਤਾ ਸੈਲਾਨੀ 6, ਦਿਵਿਆਂਗ ਸ਼੍ਰੇਣੀ 3, ਸਵੈ ਇੱਛੁਕ ਔਰਤਾਂ 2, ਦੰਗਾ ਪੀੜਤ ਤੇ ਅੱਤਵਾਦੀ ਪ੍ਰਭਾਵਿਤ ਪਰਿਵਾਰਾਂ ਲਈ 11 ਡਿਪੂ ਰਾਖਵੇਂ ਰੱਖੇ ਗਏ ਹਨ। ਵਿਭਾਗ ਵੱਲੋਂ ਬੇਰੁਜ਼ਗਾਰ ਲੜਕੇ-ਲੜਕੀਆਂ ਤੇ ਹੋਰ ਲੋੜਵੰਦ ਪਰਿਵਾਰਾਂ ਨੂੰ ਇਸ ਸਕੀਮ ਦਾ ਲਾਹਾ ਲੈਣ ਲਈ ਜ਼ੋਰਦਾਰ ਅਪੀਲ ਕੀਤੀ ਗਈ ਹੈ। ਪੇਂਡੂ ਅਤੇ ਸ਼ਹਿਰੀ ਖੇਤਰਾਂ 'ਚ ਅਲਾਟ ਹੋਣ ਜਾ ਰਹੇ ਰਾਸ਼ਨ ਦੇ ਨਵੇਂ ਡਿਪੂਆਂ ਸਬੰਧੀ ਰਾਖਵੇਂਕਰਨ ਦਾ ਵੇਰਵਾ ਦਿੰਦਿਆਂ ਦੱਸਿਆ ਗਿਆ ਕਿ ਇਸ ਵਿਚ ਜਨਰਲ ਕੈਟਾਗਿਰੀ 'ਚ 3758, ਐੱਸ.ਸੀ. ਕੈਟਾਗਰੀ ਲਈ 770, ਬੀ.ਸੀ. ਵਰਗ ਲਈ 244, ਸਾਬਕਾ ਫੌਜੀਆਂ ਲਈ 1175, ਸੁਤੰਤਰ ਸੈਲਾਨੀ 902, ਅੰਗਹੀਣ 402, ਔਰਤਾਂ ਲਈ 314, ਦੰਗਾ ਪੀੜਤਾਂ ਲਈ 1763 ਲੋਕਾਂ ਨੂੰ ਰਾਖਵੇਂਕਰਨ ਦਾ ਲਾਭ ਮਿਲ ਪਾਇਗਾ।

## ਬੀੜੀ ਦੇਣ ਤੋਂ ਮਨ੍ਹਾ ਕਰਨ 'ਤੇ ਵਿਅਕਤੀ ਦੀ ਚਾਕੂ ਮਾਰ ਕੇ ਕੀਤਾ ਹੱਤਿਆ



ਨਵੀਂ ਦਿੱਲੀ, 25 ਅਪ੍ਰੈਲ ਦੱਖਣ-ਪੂਰਬੀ ਦਿੱਲੀ ਦੇ ਪੁਲ ਪ੍ਰਹਿਲਾਦਪੁਰ ਇਲਾਕੇ 'ਚ ਦੋ ਵਿਅਕਤੀਆਂ ਨੂੰ ਬੀੜੀ ਦੇਣ ਤੋਂ ਇਨਕਾਰ ਕਰਨ 'ਤੇ ਇੱਕ ਨੌਜਵਾਨ ਦੀ ਕਥਿਤ ਤੌਰ 'ਤੇ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੁਲਿਸ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਿਸ ਨੇ ਦੱਸਿਆ ਕਿ ਸੋਮਵਾਰ ਰਾਤ ਨੂੰ ਵਾਪਰੀ ਇਸ ਘਟਨਾ 'ਚ ਨੌਜਵਾਨ ਦਾ ਵੱਡਾ ਭਰਾ ਅਤੇ ਉਸਦਾ ਦੋਸਤ ਜ਼ਖਮੀ ਹੋ ਗਏ ਹਨ। ਇਸ ਘਟਨਾ ਦੇ ਸਬੰਧ ਵਿੱਚ ਤਿੰਨ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਸੋਮਵਾਰ ਨੂੰ ਸੋਹੇਬ ਨੇ ਇੱਕ ਪਾਰਕ 'ਚ ਸਥਾਨਕ ਨਿਵਾਸੀਆਂ ਮੁੰਨਾ ਅਤੇ ਸੰਨੀ ਨੂੰ ਬੀੜੀ ਦੇਣ ਤੋਂ ਇਨਕਾਰ ਕਰ ਦਿੱਤਾ, ਜਿਸ ਕਾਰਨ ਦੋਵੇਂ ਨੌਜਵਾਨ ਗੁੱਸੇ ਵਿੱਚ ਆ ਗਏ ਅਤੇ ਸੋਹੇਬ ਨੂੰ ਥੱਪੜ ਮਾਰ ਦਿੱਤਾ। ਪੁਲਿਸ ਅਨੁਸਾਰ ਸੋਹੇਬ ਨੇ ਘਰ ਜਾ ਕੇ ਆਪਣੀ ਮਾਂ ਨੂੰ ਇਸ ਬਾਰੇ ਦੱਸਿਆ। ਇਸ ਤੋਂ ਬਾਅਦ ਸਾਬੁਕਤਾ ਸੋਹੇਬ ਅਤੇ ਉਸਦੇ ਵੱਡੇ ਭਰਾ ਮੋਹਸਿਨ ਦੇ ਨਾਲ ਉਨ੍ਹਾਂ ਦੋ ਲੋਕਾਂ ਕੋਲ ਗਿਆ। ਸੋਹੇਬ ਨੇ ਆਪਣੇ ਦੋਸਤ ਅਕਰਮ ਨੂੰ ਵੀ ਮੌਕੇ 'ਤੇ ਬੁਲਾਇਆ। ਪੁਲਿਸ ਨੇ ਦੱਸਿਆ ਕਿ ਝੜਪ ਉਦੋਂ ਹਿੰਸਕ ਹੋ ਗਈ, ਜਦੋਂ ਮੁੰਨਾ (26) ਨੇ ਆਪਣੇ ਭਰਾ ਇਮਤਿਆਜ਼ (30) ਅਤੇ ਭਤੀਜੇ ਸੰਨੀ (20) ਨਾਲ ਮਿਲ ਕੇ ਸੋਹੇਬ ਅਤੇ ਉਸਦੇ ਸਾਥੀਆਂ 'ਤੇ ਚਾਕੂਆਂ ਨਾਲ ਹਮਲਾ ਕਰ ਦਿੱਤਾ। ਪੁਲਿਸ ਨੇ ਦੱਸਿਆ ਕਿ ਜ਼ਖਮੀਆਂ ਨੂੰ ਈਐੱਸਆਈ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਸੋਹੇਬ ਨੂੰ ਮ੍ਰਿਤਕ ਐਲਾਨ ਦਿੱਤਾ। ਸੋਹੇਬ ਨੂੰ ਕਈ ਵਾਰ ਚਾਕੂ ਮਾਰਿਆ ਗਿਆ ਅਤੇ ਉਹ ਸੜਕ 'ਤੇ ਡਿੱਗ ਪਿਆ, ਜਦੋਂ ਕਿ ਮੋਹਸਿਨ ਨੂੰ ਬਾਅਦ ਵਿੱਚ ਗੰਭੀਰ ਹਾਲਤ ਵਿੱਚ ਸਫਦਰਜੰਗ ਹਸਪਤਾਲ ਲਿਜਾਇਆ ਗਿਆ ਅਤੇ ਅਕਰਮ ਨੂੰ ਮਾਮੂਲੀ ਸੱਟਾਂ ਲੱਗੀਆਂ। ਇੱਕ ਅਧਿਕਾਰੀ ਨੇ ਕਿਹਾ, ÷ਇਸ ਮਾਮਲੇ ਵਿੱਚ ਐੱਫਆਈਆਰ ਦਰਜ ਕਰਨ ਤੋਂ ਬਾਅਦ, ਤਿੰਨਾਂ ਮੁਲਜ਼ਮਾਂ ਨੂੰ ਫੜਨ ਲਈ ਕਈ ਟੀਮਾਂ ਬਣਾਈਆਂ ਗਈਆਂ, ਜਿਸ ਤੋਂ ਬਾਅਦ ਮੁਲਜ਼ਮ ਫਿਰੋਜ਼ ਉਰਫ਼ ਮੁੰਨਾ, ਇਮਤਿਆਜ਼ ਅਤੇ ਸੌਦਾਗਰ ਉਰਫ਼ ਸੰਨੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।÷ ਉਨ੍ਹਾਂ ਕਿਹਾ ਕਿ ਮੁਲਜ਼ਮਾਂ ਤੋਂ ਖੂਨ ਨਾਲ ਲੱਥਪੱਥ ਦੋ ਚਾਕੂ ਵੀ ਬਰਾਮਦ ਕੀਤੇ ਗਏ ਹਨ।

## ਹਾਦਸੇ ਨੇ ਉਜਾੜ 'ਤਾ ਪਰਿਵਾਰ, ਨੌਜਵਾਨ ਦੀ ਮੌਤ, ਡੇਢ ਮਹੀਨੇ ਦੀ ਮਾਸੂਮ ਦੇ ਸਿਰ ਤੋਂ ਉੱਠਿਆ ਪਿਓ ਦਾ ਸਾਇਆ

ਕਪੂਰਥਲਾ/ਸੁਲਤਾਨਪੁਰ ਲੋਧੀ 25 ਅਪ੍ਰੈਲ। ਸੁਲਤਾਨਪੁਰ ਲੋਧੀ 'ਚ ਸੜਕ ਹਾਦਸੇ ਦੌਰਾਨ ਇਕ ਨੌਜਵਾਨ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਜਸਪਾਲ ਸਿੰਘ ਪੁੱਤਰ ਬਲਬੀਰ ਸਿੰਘ ਵਾਸੀ ਅੰਮ੍ਰਿਤਪੁਰ ਥਾਣਾ ਤਲਵੰਡੀ ਚੌਧਰੀਆਂ ਵਜੋਂ ਹੋਈ ਹੈ। ਉਕਤ ਨੌਜਵਾਨ ਵਿਆਹੁਤਾ ਸੀ ਅਤੇ ਉਸ ਦੀ ਇਕ ਡੇਢ ਮਹੀਨੇ ਦੀ ਛੋਟੀ ਬੱਚੀ ਵੀ ਹੈ। ਮ੍ਰਿਤਕ ਦੀ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਸੁਲਤਾਨਪੁਰ ਲੋਧੀ ਦੀ ਮੋਰਚਰੀ ਵਿੱਚ ਰੱਖਵਾ ਦਿੱਤਾ ਗਿਆ ਹੈ। ਜਾਣਕਾਰੀ ਅਨੁਸਾਰ ਜਸਪਾਲ ਸਿੰਘ (27) ਕਪੂਰਥਲਾ ਤੋਂ ਕੰਮ ਕਰਕੇ ਬੀਤੇ ਦਿਨ ਘਰ ਵਾਪਸ ਜਾ ਰਿਹਾ ਸੀ। ਇਸ ਦੌਰਾਨ ਜਦੋਂ ਉਹ ਮੁੰਡੀ ਮੋੜ ਤੋਂ ਅੱਗੇ ਗੋਇੰਦਵਾਲ ਸਾਹਿਬ ਮਾਰਗ 'ਤੇ ਪੁੱਜਾ ਤਾਂ ਸਾਹਮਣੇ ਤੋਂ ਆਉਂਦੀ ਇਕ ਪ੍ਰਾਈਵੇਟ ਬੱਸ ਨਾਲ ਉਸ ਦੀ ਜ਼ਬਰਦਸਤ ਟੱਕਰ ਹੋ ਗਈ, ਜਿਸ ਕਾਰਨ ਜਸਪਾਲ ਦੇ ਗੰਭੀਰ ਸੱਟਾਂ ਲੱਗੀਆਂ। ਉਸ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਉਧਰ ਮ੍ਰਿਤਕ ਦੇ ਪਰਿਵਾਰਿਕ ਮੈਂਬਰਾਂ ਦਾ ਦੋਸ਼ ਹੈ ਕਿ ਡਰਾਈਵਰ ਨਸ਼ੇ ਦੀ ਹਾਲਤ ਵਿੱਚ ਸੀ ਅਤੇ ਉਸ ਦੇ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇ। ਮਾਮਲੇ ਨੂੰ ਲੈ ਕੇ ਸਬ ਡਿਵੀਜ਼ਨ ਸੁਲਤਾਨਪੁਰ ਲੋਧੀ ਦੇ ਥਾਣਾ ਤਲਵੰਡੀ ਚੌਧਰੀਆਂ ਦੀ ਪੁਲਸ ਟੀਮ ਵੱਲੋਂ ਦੋਸ਼ੀ ਬਸ ਚਾਲਕ ਖ਼ਿਲਾਫ਼ ਮੁਕੱਦਮਾ ਦਰਜ ਕਰ ਲਿਆ ਗਿਆ ਹੈ ਅਤੇ ਬਸ ਅਤੇ ਚਾਲਕ ਨੂੰ ਹਿਰਾਸਤ ਵਿੱਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪਰਿਵਾਰ ਦੇ ਚਾਲਕ ਦੇ ਨਸ਼ੇ 'ਚ ਹੋਣ ਦੇ ਦੋਸ਼ਾਂ ਨੂੰ ਲੈ ਕੇ ਪੁਲਸ ਕਰਮਚਾਰੀ ਦਾ ਕਹਿਣਾ ਹੈ ਕਿ ਮਾਮਲੇ ਦੀ ਜਾਂਚ ਕੀਤੀ ਜਾਵੇਗੀ। ਫਿਲਹਾਲ ਲਾਸ਼ ਨੂੰ ਸਿਵਲ ਹਸਪਤਾਲ ਸੁਲਤਾਨਪੁਰ ਲੋਧੀ ਦੀ ਮੋਰਚਰੀ ਵਿੱਚ ਰੱਖਿਆ ਗਿਆ ਹੈ, ਜਿੱਥੇ ਉਸ ਦਾ ਪੋਸਟਮਾਰਟਮ ਕਰਨ ਤੋਂ ਬਾਅਦ ਲਾਸ਼ ਵਾਰਸਾਂ ਦੇ ਹਵਾਲੇ ਕਰ ਦਿੱਤੀ ਜਾਵੇਗੀ।

## ਅਮਰੀਕਾ 'ਚ ਗ੍ਰਿਫ਼ਤਾਰ ਹੈਪੀ ਪਾਸੀਆ ਬਾਰੇ ਵੱਡੇ ਖ਼ੁਲਾਸੇ, ਮਾਂ ਤੇ ਭੈਣ ਬਾਰੇ ਸਾਹਮਣੇ ਆਈਆਂ ਹੈਰਾਨੀਜਨਕ ਗੱਲਾਂ




ਜਲੰਧਰ/ਚੰਡੀਗੜ੍ਹ 25 ਅਪ੍ਰੈਲ। ਅਮਰੀਕਾ 'ਚ ਗ੍ਰਿਫ਼ਤਾਰ ਹੋਏ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਮੁੱਖ ਸੰਚਾਲਕ ਹੈਪੀ ਪਾਸੀਆ ਦੀ ਮਾਂ ਭੁਪਿੰਦਰ ਕੌਰ ਅਤੇ ਭੈਣ ਕਿਰਨਦੀਪ ਕੌਰ ਨੂੰ ਪੰਜਾਬ ਪੁਲਸ ਵੱਲੋਂ ਪਿਛਲੇ ਸਾਲ 26 ਨਵੰਬਰ ਨੂੰ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਉਨ੍ਹਾਂ ਵਿਰੁੱਧ ਰਾਮਦਾਸ ਥਾਣੇ ਵਿਚ ਕੇਸ ਦਰਜ ਕੀਤਾ ਗਿਆ ਸੀ। 24 ਨਵੰਬਰ 2024 ਨੂੰ ਅੱਤਵਾਦੀ ਕਾਰਕੁੰਨਾਂ ਨੇ ਅਜਨਾਲਾ ਪੁਲਸ ਸਟੇਸ਼ਨ ਨੂੰ ਇਕ ਆਈ. ਈ. ਡੀ. ਨਾਲ ਉਡਾਉਣ ਦੀ ਸਾਜ਼ਿਸ਼ ਰਚੀ ਸੀ ਪਰ ਆਈ. ਈ. ਡੀ. ਨੂੰ ਕਾਰਕੁੰਨ ਤਕਨੀਕੀ ਤੌਰ 'ਤੇ ਤਿਆਰ ਨਹੀਂ ਕਰ ਸਕੇ। ਇਸ ਕਾਰਨ ਬੰਬ ਫਟ ਨਹੀਂ ਸਕਿਆ। ਹੈਪੀ ਪਾਸੀਆ ਦੀ ਮਾਂ ਅਤੇ ਭੈਣ 'ਤੇ ਦੋਸ਼ ਸਨ, ਉਨ੍ਹਾਂ ਨੇ ਹੈਪੀ ਦੇ ਇਸ਼ਾਰੇ 'ਤੇ ਵਿਸਫੋਟਕ ਤਿਆਰ ਕਰਨ ਵਾਲਿਆਂ ਨੂੰ ਪਨਾਹ ਦਿੱਤੀ ਸੀ। ਇਸ ਵੇਲੇ ਹੈਪੀ ਪਾਸੀਆ ਦੀ ਮਾਂ ਅਤੇ ਭੈਣ ਜੇਲ੍ਹ ਵਿਚ ਹਨ। ਆਪਣੀ ਮਾਂ ਅਤੇ ਭੈਣ ਦੀ ਗ੍ਰਿਫ਼ਤਾਰੀ ਤੋਂ ਬਾਅਦ ਹੈਪੀ ਪਾਸੀਆ ਨੇ ਪੰਜਾਬ ਵਿਚ ਗ੍ਰਨੇਡ ਹਮਲੇ ਤੇਜ਼ ਕਰ ਦਿੱਤੇ ਸਨ। ਉਹ ਪੰਜਾਬ ਦੇ ਨੌਜਵਾਨਾਂ ਨੂੰ ਭੜਕਾਉਣ ਵਿਚ ਰੁੱਝਿਆ ਹੋਇਆ ਸੀ। ਉਹ ਨੌਜਵਾਨਾਂ ਨੂੰ ਗੁੰਮਰਾਹ ਕਰਕੇ ਗੂਗਲ ਅਤੇ ਯੂ-ਟਿਊਬ ਰਾਹੀਂ ਆਈ. ਈ. ਡੀ. ਤਿਆਰ ਕਰਨ ਦੀ ਜਾਣਕਾਰੀ ਦਿੰਦਾ ਸੀ। ਅਮਰੀਕਾ ਵਿਚ ਹੈਪੀ ਪਾਸੀਆ ਦੀ ਗ੍ਰਿਫ਼ਤਾਰੀ ਤੋਂ ਬਾਅਦ ਅੰਮ੍ਰਿਤਸਰ ਜ਼ਿਲ੍ਹੇ ਵਿਚ ਉਸ ਦੇ ਘਰ ਨੂੰ ਤਾਲਾ ਲੱਗਾ ਹੋਇਆ ਹੈ। ਉਸ ਦੇ ਪਰਿਵਾਰ ਦੇ ਹੋਰ ਮੈਂਬਰ ਵੀ ਰੂਪੋਸ਼ ਹੋ ਗਏ ਹਨ। ਉਨ੍ਹਾਂ ਨੂੰ ਡਰ ਹੈ ਕਿ ਪੰਜਾਬ ਪੁਲਸ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਸਕਦੀ ਹੈ। ਜ਼ਿਕਰਯੋਗ ਹੈ ਕਿ ਪਾਸੀਆ 'ਤੇ ਪੰਜਾਬ ਵਿਚ 14 ਅੱਤਵਾਦੀ ਹਮਲੇ ਕਰਨ ਦਾ ਦੋਸ਼ ਹੈ। ਪੰਜਾਬ ਵਿਚ ਪੁਲਸ ਅਦਾਰਿਆਂ 'ਤੇ ਹਮਲੇ ਵੀ ਪਾਸੀਆ ਵੱਲੋਂ ਕਰਵਾਏ ਜਾ ਰਹੇ ਸਨ ਕਿਉਂਕਿ ਪੰਜਾਬ ਪੁਲਸ ਨੇ ਉਸ ਦੀ ਮਾਂ ਅਤੇ ਭੈਣ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਸੂਬੇ ਦੇ ਸੀਨੀਅਰ ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਹੈਪੀ ਪਾਸੀਆ ਦੀ ਗ੍ਰਿਫ਼ਤਾਰੀ ਤੋਂ ਬਾਅਦ ਪੰਜਾਬ ਪੁਲਸ ਹੁਣ ਉਸ ਦੇ ਹੋਰ ਰਿਸ਼ਤੇਦਾਰਾਂ ਦੀ ਭੂਮਿਕਾ ਦੀ ਵੀ ਜਾਂਚ ਸ਼ੁਰੂ ਕਰ ਸਕਦੀ ਹੈ। ਪੰਜਾਬ ਪੁਲਸ ਨੇ ਉਸ ਦੇ ਸੰਪਰਕ ਸਰੋਤਾਂ ਦਾ ਪਤਾ ਲਾਉਣਾ ਵੀ ਸ਼ੁਰੂ ਕਰ ਦਿੱਤਾ ਹੈ ਅਤੇ ਇਸ ਸਬੰਧ ਵਿਚ ਸੀਨੀਅਰ ਪੁਲਸ ਅਧਿਕਾਰੀਆਂ ਨੂੰ ਵੀ ਡਿਊਟੀਆਂ ਸੌਂਪੀਆਂ ਗਈਆਂ ਹਨ। ਆਉਣ ਵਾਲੇ ਦਿਨਾਂ ਵਿਚ ਹੋਰ ਗ੍ਰਿਫ਼ਤਾਰੀਆਂ ਸੰਭਵ ਹਨ।

## ਸੌਤੇਲੇ ਦਾਦੇ ਨੇ 5,000 ਰੁਪਏ 'ਚ ਵੇਚੀ ਮਾਸੂਮ ਬੱਚੀ, ਪੁਲਸ ਨੇ ਬਚਾਇਆ

ਗੁਹਾਟੀ, 25 ਅਪ੍ਰੈਲ- ਅਸਾਮ 'ਚ ਪੁਲਸ ਨੇ ਇੱਕ ਸਾਲ ਦੀ ਬੱਚੀ ਨੂੰ ਬਚਾਇਆ ਹੈ, ਜਿਸਨੂੰ ਉਸਦੇ ਸੌਤੇਲੇ ਦਾਦੇ ਨੇ ਲਗਭਗ 11 ਮਹੀਨੇ ਪਹਿਲਾਂ ਵੇਚ ਦਿੱਤਾ ਸੀ ਅਤੇ ਇਸ ਮਾਮਲੇ 'ਚ ਕਥਿਤ ਸ਼ਮੂਲੀਅਤ ਦੇ ਦੋਸ਼ 'ਚ ਦੋ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਇੱਕ ਸੀਨੀਅਰ ਅਧਿਕਾਰੀ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਗੁਹਾਟੀ ਪੁਲਿਸ ਦੇ ਡਿਪਟੀ ਕਮਿਸ਼ਨਰ (ਪੂਰਬੀ) ਮ੍ਰਿਨਾਲ ਡੇਕਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਬੱਚੀ ਨੂੰ 5,000 ਰੁਪਏ ਵਿੱਚ ਵੇਚਣ ਅਤੇ ਖਰੀਦਣ ਦੇ ਦੋਸ਼ ਵਿੱਚ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਲੜਕੀ ਨੂੰ ਸੁਰੱਖਿਅਤ ਬਚਾ ਲਿਆ



ਗਿਆ ਹੈ। ਉਨ੍ਹਾਂ ਕਿਹਾ ਕਿ ÷ਕੱਲ੍ਹ ਬੱਚੀ ਦੀ ਮਾਂ ਤੋਂ ਇੱਕ ਸ਼ਿਕਾਇਤ ਮਿਲੀ ਸੀ, ਜੋ ਇੱਥੇ ਖੇਲ ਪਿੰਡ ਦੇ ਨੇੜੇ ਇੱਕ ਇਲਾਕੇ ਵਿੱਚ ਰਹਿੰਦੀ ਹੈ, ਜਿਸ ਵਿੱਚ ਕਿਹਾ ਗਿਆ ਸੀ ਕਿ ਪਿਛਲੇ ਸਾਲ 30 ਮਈ ਨੂੰ ਕੁੜੀ ਦਾ ਸੌਤੇਲਾ ਦਾਦਾ ਉਸਦੇ ਪਤੀ ਦੀ ਗੈਰਹਾਜ਼ਰੀ ਵਿੱਚ ਉਸਦਾ ਇਲਾਜ ਕਰਵਾਉਣ ਦੇ ਬਹਾਨੇ ਉਸਨੂੰ ਲੈ ਗਿਆ ਸੀ।÷ ਉਸ ਨੇ ਕਿਹਾ ਕਿ ਇਸ ਤੋਂ ਬਾਅਦ ਔਰਤ ਨੂੰ ਪਤਾ ਲੱਗਾ ਕਿ ਉਸਦੀ ਇੱਕ ਮਹੀਨੇ ਦੀ ਧੀ ਨੂੰ ਉਸਦੇ ਸੌਤੇਲੇ ਦਾਦੇ ਨੇ ਕਿਸੇ ਨੂੰ 5,000 ਰੁਪਏ ਵਿੱਚ ਵੇਚ ਦਿੱਤਾ ਸੀ। ÷ਇਸ ਅਨੁਸਾਰ, ਬਸਿਸ਼ਠਾ ਪੁਲਸ ਸਟੇਸ਼ਨ ਵਿੱਚ ਇੱਕ ਕੇਸ ਦਰਜ ਕੀਤਾ ਗਿਆ ਸੀ ਅਤੇ ਜਾਂਚ ਸ਼ੁਰੂ ਕੀਤੀ ਗਈ ਸੀ। ਪੁਲਿਸ ਦੀ ਇੱਕ ਟੀਮ ਨੇ ਕਾਮਰੂਪ ਜ਼ਿਲ੍ਹੇ ਦੇ ਸੋਨਤਾਲੀ ਇਲਾਕੇ ਤੋਂ ਲੜਕੀ ਨੂੰ ਬਚਾਇਆ। ਡੀਸੀਪੀ ਨੇ ਕਿਹਾ ਕਿ ਪੁਲਿਸ ਨੇ ਕੁੜੀ ਦੇ ਸੌਤੇਲੇ ਦਾਦੇ ਅਤੇ ਪਿੰਡ ਦੇ ਖਰੀਦਦਾਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

## ਖੇਤਾਂ 'ਚ ਨਾੜ ਨੂੰ ਲਗਾਈ ਅੱਗ 'ਚ ਜਾ ਡਿੱਗਾ ਮੋਟਰਸਾਈਕਲ

ਫਿਰੋਜ਼ਪੁਰ 25 ਅਪ੍ਰੈਲ। ਵੀਰਵਾਰ ਪਿੰਡ ਨੂਰਪੁਰ ਸੇਠਾਂ ਵਿਚ ਇਕ ਮੋਟਰਸਾਈਕਲ ਕਣਕ ਦੀ ਨਾੜ ਨੂੰ ਲਗਾਈ ਅੱਗ ਵਿਚ ਜਾ ਡਿੱਗਿਆ ਜਿਸ ਕਾਰਨ ਮੋਟਰਸਾਈਕਲ ਸਵਾਰ ਕੁੜੀ ਦੀ ਮੌਤ ਹੋ ਗਈ ਜਦਕਿ ਉਸਦਾ ਸਾਥੀ ਜ਼ਖਮੀ ਹੋ ਗਿਆ। ਹਾਦਸੇ ਦੀ ਸੂਚਨਾ ਮਿਲਦੇ ਹੀ ਐੱਸ.ਡੀ.ਐੱਮ. ਦਿਵਿਆ ਪੀ ਅਤੇ ਪੁਲਸ ਅਧਿਕਾਰੀ ਮੌਕੇ 'ਤੇ ਪਹੁੰਚ ਗਏ। ਪਤਾ ਲੱਗਾ ਹੈ ਕਿ ਮੋਟਰਸਾਈਕਲ ਸਵਾਰ ਵਿਅਕਤੀ ਅਤੇ ਕੁੜੀ ਫਿਰੋਜ਼ਪੁਰ ਤੋਂ ਫਰੀਦਕੋਟ ਵੱਲ ਜਾ ਰਹੇ ਸਨ। ਇਸ ਦੌਰਾਨ ਜਦੋਂ ਉਹ ਪਿੰਡ ਨੂਰਪੁਰ ਸੇਠਾਂ ਦੇ ਕੋਲ ਲੰਘ ਰਹੇ ਸਨ ਤਾਂ ਸੜਕ 'ਤੇ ਫੈਲੀ ਨਾੜ ਦੀ ਅੱਗ ਕਾਰਨ ਉਨ੍ਹਾਂ ਦਾ ਮੋਟਰਸਾਈਕਲ ਅਸੰਤੁਲਤ ਹੋ ਕੇ ਖੇਤਾਂ ਵਿਚ ਜਾ ਡਿੱਗੀ। ਚੀਕ-ਚਿਹਾੜਾ ਸੁਣ ਕੇ ਆਸਪਾਸ ਖੇਤਾਂ ਵਿਚ ਕੰਮ ਕਰ ਰਹੇ ਲੋਕ ਉਥੇ ਪਹੁੰਚੇ ਤਾਂ ਅੱਗ ਵਿਚ ਸੜਣ ਕਾਰਨ ਕੁੜੀ ਦੀ ਮੌਤ ਹੋ ਚੁੱਕੀ ਸੀ ਜਦਕਿ ਗੰਭੀਰ ਜ਼ਖਮੀ ਵਿਅਕਤੀ ਨੂੰ ਉਨ੍ਹਾਂ ਅੱਗ 'ਚੋਂ ਬਾਹਰ ਕੱਢ ਕੇ ਐਂਬੂਲੈਂਸ ਰਾਹੀਂ ਫਰੀਦਕੋਟ ਮੈਡੀਕਲ ਹਸਪਤਾਲ ਭੇਜਿਆ।

## ਲੋਹਾ ਕਾਰੋਬਾਰੀ ਨੇ ਖ਼ੁਦ ਨੂੰ ਗੋਲੀ ਮਾਰ ਕੇ ਕੀਤੀ ਖ਼ੁਦਕੁਸ਼ੀ

ਲੁਧਿਆਣਾ 25 ਅਪ੍ਰੈਲ। ਸਾਊਥ ਸਿਟੀ ਰੋਡ 'ਤੇ ਸਨਵਿਊ ਇਨਕਲੇਵ ਵਿਚ ਰਹਿਣ ਵਾਲੇ ਲੋਹੇ ਦੇ ਵਪਾਰੀ ਦਲਬੀਰ ਸਿੰਘ ਨੇ ਬੁੱਧਵਾਰ ਸ਼ਾਮ ਨੂੰ ਆਪਣੇ ਘਰ ਵਿਚ ਆਪਣੇ ਲਾਇਸੈਂਸੀ ਰਿਵਾਲਵਰ ਨਾਲ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਈ। ਗੋਲੀ ਦੀ ਆਵਾਜ਼ ਸੁਣ ਕੇ, ਪਰਿਵਾਰਕ ਮੈਂਬਰ ਉਸ ਦੇ ਕਮਰੇ ਵਿਚ ਭੱਜੇ ਅਤੇ ਖ਼ੂਨ ਨਾਲ ਲੱਥਪੱਥ ਕਾਰੋਬਾਰੀ ਨੂੰ ਨੇੜਲੇ ਹਸਪਤਾਲ ਵਿਚ ਦਾਖਲ ਕਰਵਾਇਆ। ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਮਾਮਲੇ ਦੀ ਸੂਚਨਾ ਸਰਾਭਾ ਨਗਰ ਥਾਣੇ ਦੀ ਪੁਲਸ ਨੂੰ ਦਿੱਤੀ ਗਈ। ਸੂਚਨਾ ਮਿਲਣ 'ਤੇ ਪੁਲਸ ਟੀਮ ਹਸਪਤਾਲ ਪਹੁੰਚੀ, ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ।

## ਕਾਸੋ ਆਪ੍ਰੇਸ਼ਨ ਤਹਿਤ ਪੁਲਸ ਨੇ ਨਸ਼ਾ ਸਮਗਲਰਾਂ ਦੇ ਘਰਾਂ



ਭਵਾਨੀਗੜ੍ਹ 25 ਅਪ੍ਰੈਲ। ਪੰਜਾਬ ਸਰਕਾਰ ਤੇ ਪੰਜਾਬ ਪੁਲਸ ਵੱਲੋਂ ਸੂਬੇ ਨੂੰ ਪੂਰੀ ਤਰ੍ਹਾਂ ਨਸ਼ਾ ਮੁਕਤ ਬਣਾਉਣ ਲਈ 'ਯੁੱਧ ਨਸ਼ਿਆਂ ਵਿਰੁੱਧ' ਦੀ ਚਲਾਈ ਜਾ ਰਹੀ ਮੁਹਿੰਮ ਦੇ ਤਹਿਤ ਚਲਾਏ ਜਾ ਰਹੇ ਆਪਰੇਸ਼ਨ ਕਾਸੋ ਦੌਰਾਨ ਪੁਲਸ ਵੱਲੋਂ ਐੱਸਪੀ ਸੰਗਰੂਰ ਨਵਰੀਤ ਸਿੰਘ ਵਿਰਕ ਦੀ ਅਗਵਾਈ ਹੇਠ ਨਸ਼ੇ ਦੀ ਰਾਜਧਾਨੀ ਮੰਨੇ ਜਾਂਦੇ ਸਥਾਨਕ ਇਲਾਕੇ ਦੇ ਪਿੰਡ ਜੌਲੀਆਂ ਵਿਖੇ ਸਰਚ ਆਪਰੇਸ਼ਨ ਚਲਾ ਕੇ ਵੱਡੀ ਗਿਣਤੀ ਵਿੱਚ ਨਸ਼ਾ ਵੇਚਣ ਵਾਲੇ ਸਮਗਲਰਾਂ ਦੇ ਘਰਾਂ ਦੀ ਤਲਾਸ਼ੀ ਲਈ ਗਈ। ਇਸ ਮੌਕੇ ਜਾਣਕਾਰੀ ਦਿੰਦਿਆਂ ਐੱਸਪੀ ਸੰਗਰੂਰ ਨਵਰੀਤ ਸਿੰਘ ਵਿਰਕ ਨੇ ਦੱਸਿਆ ਕਿ ਪੁਲਸ ਵੱਲੋਂ ਅੱਜ ਪਿੰਡ ਜੌਲੀਆਂ ਵਿਖੇ ਅਚਨਚੇਤ ਸਰਚ ਆਪਰੇਸ਼ਨ ਚਲਾ ਕੇ ਨਸ਼ਾ ਵੇਚਣ ਵਾਲੇ ਸਮਗਲਰਾਂ ਦੇ ਘਰਾਂ ਦੀ ਤਲਾਸ਼ੀ ਲਈ ਗਈ ਹੈ। ਉਨ੍ਹਾਂ ਦੱਸਿਆ ਕਿ ਪਿੰਡ ਵਿੱਚ 8-9 ਘਰਾਂ ਨੂੰ ਤਾਲੇ ਲੱਗੇ ਮਿਲੇ ਹਨ। ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਪੁਲਸ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਦੀ ਚਲਾਈ ਗਈ ਮੁਹਿੰਮ ਦੇ ਤਹਿਤ ਨਸ਼ਿਆਂ ਦੀ ਰੋਕਥਾਮ ਲਈ ਨਸ਼ਾ ਸਮਗਲਰਾਂ ਨੂੰ ਜੇਲ੍ਹ ਦੀਆਂ ਸਲਾਖਾਂ ਪਿੱਛੇ ਭੇਜਣ ਦੀ ਵਿੱਢੀ ਇਸ ਮੁਹਿਮ ਨੂੰ ਦੇਖਦੇ ਹੋਏ ਨਸ਼ਾ ਸਮਗਲਰ ਆਪਣੇ ਘਰਾਂ ਨੂੰ ਤਾਲੇ ਮਾਰ ਕੇ ਭੱਜ ਗਏ ਹਨ। ਉਨ੍ਹਾਂ ਕਿਹਾ ਕਿ ਪੁਲਸ ਵੱਲੋਂ ਪਿੰਡ ਵਿੱਚ ਕੋਠੀਆਂ ਪਾਉਣ ਵਾਲੇ ਉਨ੍ਹਾਂ ਨਸ਼ਾ ਸਮਗਲਰਾਂ ਜਿਨ੍ਹਾਂ ਵਿਰੁੱਧ ਨਸ਼ਾ ਵੇਚਣ ਦੇ ਮਾਮਲੇ ਦਰਜ ਹਨ, ਦੀ ਪ੍ਰਾਪਰਟੀ ਜ਼ਬਤ ਕਰਨ ਸਬੰਧੀ ਕੇਸ ਤਿਆਰ ਕੀਤੇ ਜਾਣਗੇ। ਐੱਸਪੀ ਨਵਰੀਤ ਸਿੰਘ ਵਿਰਕ ਨੇ ਦੱਸਿਆ ਕਿ ਪੁਲਸ ਵੱਲੋਂ ਜ਼ਿਲ੍ਹੇ ਅੰਦਰ ਚਲਾਈ ਜਾ ਰਹੀ ਇਸ ਮੁਹਿਮ ਦੇ ਤਹਿਤ ਹੁਣ ਤੱਕ 127 ਮੁਕਦਮੇ ਦਰਜ ਕਰਕੇ 170 ਦੇ ਕਰੀਬ ਨਸ਼ਾ ਵੇਚਣ ਵਾਲੇ ਸਮਗਲਰਾਂ ਨੂੰ ਜੇਲ੍ਹ ਦੀਆਂ ਸਲਾਖਾਂ ਪਿੱਛੇ ਭੇਜਿਆ ਜਾ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਪੁਲਸ ਵੱਲੋਂ ਨਸ਼ਿਆਂ ਵਿਰੁੱਧ ਵਿੱਢੀ ਇਹ ਮੁਹਿੰਮ ਤੇ ਇਹ ਸਰਚ ਆਪਰੇਸ਼ਨ ਅਗਲੇ ਦਿਨਾਂ ਵਿੱਚ ਵੀ ਇਸੇ ਤਰ੍ਹਾਂ ਜਾਰੀ ਰਹੇਗਾ। ਇਸ ਮੌਕੇ ਉਨ੍ਹਾਂ ਦੇ ਨਾਲ ਸਬ ਡਿਵੀਜ਼ਨ ਦੇ ਡੀਐੱਸਪੀ ਰਾਹੁਲ ਕੌਸ਼ਲ ਅਤੇ ਸਥਾਨਕ ਥਾਣਾ ਮੁਖੀ ਸਬ ਇੰਸਪੈਕਟਰ ਗੁਰਨਾਮ ਸਿੰਘ ਤੇ ਹੋਰ ਪੁਲਸ ਅਧਿਕਾਰੀ ਤੇ ਵੱਡੀ ਗਿਣਤੀ ਵਿੱਚ ਕਰਮਚਾਰੀ ਵੀ ਮੌਜੂਦ ਸਨ।


**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9,
ROHINI, NEW DELHI

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

ਕੌਮੀ ਪੱਤ੍ਰਿਕਾ

# ਬੱਚੇ ਨਸ਼ਿਆਂ ਵਿਰੁੱਧ ਮੁਹਿੰਮ ਦੇ ਹੀਰੋ; ਕਦੇ ਨਸ਼ਾ ਨਾ ਕਰਕੇ ਬਨਣਗੇ ਰੋਲ ਮਾਡਲ : ਡਾ. ਬਲਬੀਰ ਸਿੰਘ

**➢‘ਯੁੱਧ ਨਸ਼ਿਆਂ ਵਿਰੁੱਧ’ ਮੈਰਾਥਨ ਨੂੰ ਡਾ. ਬਲਬੀਰ ਸਿੰਘ ਨੇ ਪੋਲੋ ਗਰਾਊਂਡ ਤੋਂ ਕੀਤਾ ਰਵਾਨਾ ➢ ਡਿਪਟੀ ਕਮਿਸ਼ਨਰ ਤੇ ਐਸ.ਐਸ.ਪੀ. ਦੀ ਅਗਵਾਈ ਹੇਠ ਸਕੂਲਾਂ ਤੇ ਕਾਲਜਾਂ ਦੇ ਹਜ਼ਾਰਾਂ ਵਿਦਿਆਰਥੀਆਂ ਤੇ ਪਟਿਆਲਵੀਆਂ ਨੇ ਨਸ਼ਿਆਂ ਵਿਰੁੱਧ ਮੈਰਾਥਨ ’ਚ ਲਿਆ ਹਿੱਸਾ**

ਪਟਿਆਲਾ, 25 ਅਪ੍ਰੈਲ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਬੱਚਿਆਂ ਨੂੰ ਸੱਦਾ ਦਿੱਤਾ ਹੈ ਕਿ ਉਹ ਨਸ਼ਿਆਂ ਵਿਰੁੱਧ ਲਾਮਬੰਦ ਹੋਕੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਬ੍ਰਾਂਡ ਅੰਬੈਸਡਰ ਬਣਕੇ ਅੱਗੇ ਆਉਣ ਅਤੇ ਅਜਿਹੇ ਵਿਦਿਆਰਥੀਆਂ ਨੂੰ ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਤੇ ਰਾਜ ਪੱਧਰ ’ਤੇ ਸਨਮਾਨਤ ਵੀ ਕੀਤਾ ਜਾਵੇਗਾ। ਉਨ੍ਹਾਂ ਨੇ ਅੱਜ ਸਵੇਰੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਤੇ ਐਸ.ਐਸ.ਪੀ. ਡਾ. ਨਾਨਕ ਸਿੰਘ ਦੀ ਅਗਵਾਈ ਹੇਠ ਇੱਥੇ ਪੋਲੋ ਗਰਾਊਂਡ ਤੋਂ ਕਰਵਾਈ ਗਈ ‘ਯੁੱਧ ਨਸ਼ਿਆਂ ਵਿਰੁੱਧ’ ਮੈਰਾਥਨ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਸਿਹਤ ਮੰਤਰੀ ਨੇ ਬੱਚਿਆਂ ਨੂੰ ਸਾਡੇ ਹੀਰੋ ਦੱਸਦਿਆਂ ਪ੍ਰੇਰਿਤ ਕੀਤਾ ਕਿ ਜਿੱਥੇ ਉਹ ਖ਼ੁਦ ਨਸ਼ਿਆਂ ਤੋਂ ਬਚਣ ਉਥੇ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਵੀ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਤੋਂ ਜਾਣੂ ਕਰਵਾਉਣ।



ਸਕੂਲਾਂ, ਕਾਲਜਾਂ ਤੇ ਹੋਰ ਸੰਸਥਾਵਾਂ ਦੇ 10 ਹਜ਼ਾਰ ਤੋਂ ਵੀ ਵਧੇਰੇ ਵਿਦਿਆਰਥੀਆਂ, ਅਧਿਆਪਕਾਂ, ਸਮਾਜ ਸੇਵੀਆਂ ਤੇ ਰੋਜ਼ਾਨਾ ਦੌੜਨ ਵਾਲੇ ਪਟਿਆਲਵੀਆਂ ਦੀ ਭਰਵੀਂ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਦੀ ਮੁਹਿੰਮ ਵਿੱਢੀ ਹੈ। ਸਿਹਤ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਨੇ ਇਹ ਬੀੜਾ ਉਠਾਇਆ ਹੈ ਕਿ ਸਾਡੇ ਨੌਜਵਾਨਾਂ ਤੇ ਵਿਦਿਆਰਥੀਆਂ ਨੂੰ ਇੱਕ ਸਿਹਤਮੰਦ ਤੇ ਨਸ਼ਾ ਮੁਕਤ ਪੰਜਾਬ ਦੇਣ ਸਮੇਤ ਪੰਜਾਬ ਨੂੰ ਖੇਡਾਂ ਦੀ ਧਰਤੀ ਬਣਾਉਣ ਲਈ ਖੇਡਾਂ ਵਤਨ ਪੰਜਾਬ ਦੀਆਂ ਸ਼ੁਰੂ ਕਰਕੇ ਹਰੇਕ ਪਿੰਡ ’ਚ ਖੇਡ ਦੇ ਮੈਦਾਨ ਤੇ ਲਾਇਬ੍ਰੇਰੀਆਂ ਬਣਾਈਆਂ ਜਾ ਰਹੀਆਂ ਹਨ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਸਾਡੇ ਕੌਮੀ ਆਦਰਸ਼ ਸ਼ਹੀਦ ਭਗਤ ਸਿੰਘ, ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ, ਲਾਲ ਬਹਾਦਰ ਸ਼ਾਸਤਰੀ ਆਦਿ ਨੇ ਸਿੱਖਿਆ ਤੇ ਕੌਮੀ ਚੇਤਨਾ ਨੂੰ ਆਪਣੀ ਸ਼ਕਤੀ ਬਣਾਇਆ ਤੇ ਅੱਜ ਅਸੀਂ ਉਨ੍ਹਾਂ ਦਾ ਨਾਲ ਮਾਣ ਨਾਲ ਲੈਂਦੇ ਹਾਂ। ਉਨ੍ਹਾਂ ਨੇ ਬੱਚਿਆਂ ਨੂੰ ਸਾਡੇ ਕੌਮੀ ਨਾਇਕਾਂ ਤੋਂ ਪ੍ਰੇਰਣਾ ਲੈਣ ਦੀ ਅਪੀਲ ਕਰਦਿਆਂ ਕਿਹਾ ਕਿ ਸਾਡੇ ਵਿਦਿਆਰਥੀ ਵੀ ਸਾਡੇ ਨਾਇਕ ਹਨ, ਜਿਹੜੇ ਜ਼ਿੰਦਗੀ ’ਚ ਕਦੇ ਨਸ਼ਾ ਨਹੀਂ ਕਰਨਗੇ ਤੇ ਦੂਜਿਆਂ ਦੇ ਆਦਰਸ਼ ਬਣਕੇ ਹੋਰਨਾਂ ਨੂੰ ਵੀ ਨਸ਼ਿਆਂ ਤੋਂ ਬਚਾਉਣ ਲਈ ਪੰਜਾਬ ਸਰਕਾਰ ਦਾ ਸਾਥ ਦੇਣਗੇ।

ਸਿਹਤ ਮੰਤਰੀ ਨੇ ਅਲਬਰਟ ਆਇਨਸਟਾਇਨ ਤੇ ਐਲਨ ਮਸਕ ਦਾ ਜ਼ਿਕਰ ਕਰਦਿਆਂ ਕਿਹਾ ਕਿ ਬੱਚੇ ਇਹ ਪੱਕਾ ਨਿਸ਼ਚਾ ਕਰ ਲੈਣ ਕਿ ਉਹ ਕਦੇ ਨਸ਼ੇ ਨਹੀਂ ਕਰਨਗੇ, ਕਿਉਂਕਿ ਨਸ਼ੇ ਸਾਨੂੰ ਅੱਗੇ ਵਧਣ ਤੋਂ ਰੋਕਣ ਵਾਲੀਆਂ ਬੇੜੀਆਂ ਹਨ ਪਰ ਸਿੱਖਿਆ ਸਾਨੂੰ ਰਸਤਾ ਦਿਖਾਉਂਦੀ ਹੈ। ਇਸ ਲਈ ਬੱਚੇ ਸਿੱਖਿਆ ਦਾ ਰਾਹ ਅਪਣਾਉਂਦੇ ਹੋਏ, ਦੂਜਿਆਂ ਲਈ ਰਾਹ ਦਸੇਰਾ ਬਣਕੇ ਨਸ਼ਾ ਮੁਕਤ ਪੰਜਾਬ ਬਣਾਉਣ ਲਈ ਅੱਗੇ ਆਉਣਗੇ ਅਤੇ ਸਰਕਾਰ ਵੱਲੋਂ ਅਜਿਹੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਜਾਵੇਗਾ। ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਸਿਹਤ ਮੰਤਰੀ ਸਮੇਤ ਮੈਰਾਥਨ ’ਚ ਭਾਗ ਲੈਣ ਵਾਲਿਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਜਿਸ ਉਤਸ਼ਾਹ ਤੇ ਜੋਸ਼ ਨਾਲ ਪਟਿਆਲਵੀ ਤੇ ਵਿਦਿਆਰਥੀਆਂ ਨੇ ਇਸ ਮੈਰਾਥਨ ’ਚ ਹਿੱਸਾ ਲਿਆ ਹੈ, ਉਸ ਤੋਂ ਉਨ੍ਹਾਂ ਉਮੀਦ ਹੈ ਕਿ ਪਟਿਆਲਾ ਜ਼ਿਲ੍ਹਾ ਵੀ ਜ਼ਰੂਰ ਨਸ਼ਾ ਮੁਕਤ ਹੋਵੇਗਾ। ਐਸ.ਐਸ.ਪੀ. ਡਾ. ਨਾਨਕ ਸਿੰਘ ਨੇ ਯੁੱਧ ਨਸ਼ਿਆਂ ਵਿਰੁੱਧ ਵਿੱਚ ਲੋਕਾਂ ਵੱਲੋਂ ਪੰਜਾਬ ਪੁਲਿਸ ਨੂੰ ਭਰਪੂਰ ਸਹਿਯੋਗ ਦੇਣ ਲਈ ਸਭਦਾ ਧੰਨਵਾਦ ਕੀਤਾ। ਇਸ ਦੌਰਾਨ ਨਸ਼ਿਆਂ ਵਿਰੁੱਧ ਸਹੁੰ ਚੁਕਾਈ ਗਈ ਅਤੇ ਪਦਮ ਸ੍ਰੀ ਪ੍ਰਾਣ ਸੱਭਰਵਾਲ ਦੀ ਅਗਵਾਈ ਹੇਠ ਨਟਾਸ ਨੇ ਨਸ਼ਿਆਂ ਵਿਰੁੱਧ ਨਾਟਕ ਵੀ ਖੇਡਿਆ।

ਮੈਰਾਥਨ ’ਚ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ, ਡਿਪਟੀ ਮੇਅਰ ਜਗਦੀਪ ਸਿੰਘ ਜੱਗਾ, ਜਸਬੀਰ ਸਿੰਘ ਗਾਂਧੀ, ਬਲਵਿੰਦਰ ਸੈਣੀ, ਏ.ਡੀ.ਸੀ. ਨਵਰੀਤ ਕੌਰ ਸੇਖੋਂ, ਐਸ.ਪੀ ਪਲਵਿੰਦਰ ਸਿੰਘ ਚੀਮਾ ਤੇ ਕੇ.ਕੇ. ਪਾਂਥੇ, ਸੰਯੁਕਤ ਕਮਿਸ਼ਨਰ ਨਗਰ ਨਿਗਮ ਦੀਪਜੋਤ ਕੌਰ, ਸਹਾਇਕ ਕਮਿਸ਼ਨਰ ਰਿਚਾ ਗੋਇਲ, ਮੁੱਖ ਮੰਤਰੀ ਫੀਲਡ ਅਫ਼ਸਰ ਡਾ. ਨਵਜੋਤ ਸ਼ਰਮਾ, ਜ਼ਿਲ੍ਹਾ ਖੇਡ ਅਫ਼ਸਰ ਹਰਪਿੰਦਰ ਸਿੰਘ, ਪ੍ਰੋ. ਸ਼ਵਿੰਦਰ ਸਿੰਘ ਰੇਖੀ, ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ ਸੰਜੀਵ ਕੁਮਾਰ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ ਤੇ ਵੱਡੀ ਗਿਣਤੀ ਸਮਾਜ ਸੇਵੀ ਸੰਸਥਾਵਾਂ ਤੇ ਪਟਿਆਲਵੀ ਵੀ ਮੌਜੂਦ ਸਨ।

ਲੋਕਾਂ ਅਤੇ ਖਾਸ ਕਰਕੇ ਨੌਜਵਾਨ ਵਿਦਿਆਰਥੀ ਵਰਗ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੁਲਿਸ, ਖੇਡ, ਸਿੱਖਿਆ ਤੇ ਸਿਹਤ ਤੇ ਹੋਰ ਕਈ ਵਿਭਾਗਾਂ ਦੇ ਸਹਿਯੋਗ ਨਾਲ ਕਰਵਾਈ ਇਹ ਮੈਰਾਥਨ ਪੋਲੋ ਗਰਾਊਂਡ ਤੋਂ ਸ਼ੁਰੂ ਹੋ ਕੇ ਵਾਈਪੀਐਸ ਚੌਕ, ਠੀਕਰੀਵਾਲ ਤੇ ਫੁਹਾਰਾ ਚੌਕ, ਲੀਲਾ ਭਵਨ, ਬਾਰਾਂਦਾਰੀ, ਸ਼ੇਰਾਂਵਾਲਾ ਗੇਟ, ਫੂਲ ਸਿਨੇਮਾ ਤੋਂ ਹੁੰਦੇ ਹੋਏ ਮੋਦੀ ਕਾਲਜ ਚੌਕ ਤੋਂ ਪੋਲੋ ਗਰਾਊਂਡ ਵਿਖੇ ਸਮਾਪਤ ਹੋਈ।

# ਡਿਪਟੀ ਕਮਿਸ਼ਨਰ ਵੱਲੋਂ ਅਨਾਜ ਮੰਡੀਆਂ ਦਾ ਦੌਰਾ, ਕਿਸਾਨਾਂ ਤੇ ਆੜ੍ਹਤੀਆਂ ਨਾਲ ਮੁਲਾਕਾਤ



ਪਟਿਆਲਾ, 25 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਜ਼ਿਲ੍ਹੇ ਦੀਆਂ ਮੰਡੀਆਂ ਵਿੱਚੋਂ ਇਸ ਰੱਬੀ ਸੀਜਨ ਦੌਰਾਨ ਖਰੀਦੀ ਕਣਕ ਦੀ ਲਿਫਟਿੰਗ ਵਿੱਚ ਤੇਜੀ ਲਿਆਉਣ ਲਈ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਪਟਿਆਲਾ ਸਮੇਤ ਹੋਰ ਅਨਾਜ ਮੰਡੀਆਂ ਦਾ ਦੌਰਾ ਕਰਕੇ ਕਣਕ ਦੀ ਖਰੀਦ ਪ੍ਰਕ੍ਰਿਆ ਦਾ ਜਾਇਜ਼ਾ ਲਿਆ।

ਡਿਪਟੀ ਕਮਿਸ਼ਨਰ ਨੇ ਮੰਡੀਆਂ ’ਚ ਕਿਸਾਨਾਂ ਤੇ ਆੜ੍ਹਤੀਆਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਤੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਸਰਕਾਰੀ ਖਰੀਦ ਏਜੰਸੀਆਂ ਵੱਲੋਂ ਕਣਕ ਦੀ ਨਿਰਵਿਘਨ ਖਰੀਦ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਉਨ੍ਹਾਂ ਦੀ ਖਰੀਦੀ ਜਿਣਸ ਦੀ ਹੁਣ ਤੱਕ 1441.91 ਕਰੋੜ ਰੁਪਏ ਦੀ ਅਦਾਇਗੀ ਕੀਤੀ ਗਈ ਹੈ। ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਬੀਤੀ ਸ਼ਾਮ ਤੱਕ ਪਟਿਆਲਾ ਜ਼ਿਲ੍ਹੇ ਦੀਆਂ ਮੰਡੀਆਂ ’ਚ 697346 ਮੀਟ੍ਰਿਕ ਟਨ ਕਣਕ ਦੀ ਖਰੀਦ ਹੋ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਰੋਜ਼ਾਨਾ 40 ਹਜ਼ਾਰ ਮੀਟ੍ਰਿਕ ਟਨ ਕਣਕ ਦੀ ਲਿਫ਼ਟਿੰਗ ਕੀਤੀ ਜਾ ਰਹੀ ਹੈ ਤੇ ਇਸ ’ਚ ਹੋਰ ਵੀ ਤੇਜੀ ਲਿਆਉਣ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ।

ਕਣਕ ਦੀ ਖਰੀਦ ਪ੍ਰਕ੍ਰਿਆ ਦਾ ਜਾਇਜ਼ਾ ਲੈਣ ਲਈ ਰੋਜ਼ਾਨਾ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਮੰਡੀਆਂ ’ਚ ਕਣਕ ਦੀ ਆਮਦ 717103 ਮੀਟ੍ਰਿਕ ਟਨ ਹੋਈ ਹੈ। ਉਨ੍ਹਾਂ ਨੇ ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈਜ਼ ਕੰਟਰੋਲਰ, ਜ਼ਿਲ੍ਹਾ ਮੰਡੀ ਅਫ਼ਸਰ, ਖਰੀਦ ਏਜੰਸੀਆਂ ਪਨਗ੍ਰੇਨ, ਮਾਰਕਫੈਡ, ਪਨਸਪ, ਵੇਅਰਹਾਊਸ ਤੇ ਐਫ.ਸੀ.ਆਈ ਦੇ ਜ਼ਿਲ੍ਹਾ ਮੈਨੇਜਰਾਂ ਨਾਲ ਮੀਟਿੰਗ ਕਰਦੇ ਕਣਕ ਦੀ ਲਿਫਟਿੰਗ ’ਚ ਹੋਰ ਤੇਜੀ ਲਿਆਉਣ ਦੇ ਨਿਰਦੇਸ਼ ਦਿੱਤੇ। ਡਿਪਟੀ ਕਮਿਸ਼ਨਰ ਨੇ ਇਸ ਮੌਕੇ ਦੱਸਿਆ ਕਿ ਪਨਗ੍ਰੇਨ ਵੱਲੋਂ 228834 ਮੀਟ੍ਰਿਕ ਟਨ, ਮਾਰਕਫੈਡ ਵੱਲੋਂ 179021 ਮੀਟ੍ਰਿਕ ਟਨ, ਪਨਸਪ ਵੱਲੋਂ 135438 ਮੀਟ੍ਰਿਕ ਟਨ, ਪੰਜਾਬ ਵੇਅਰ ਹਾਊਸ ਵੱਲੋਂ 97532 ਮੀਟ੍ਰਿਕ ਟਨ ਅਤੇ ਵਪਾਰੀਆਂ ਵੱਲੋਂ 56521 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਗਈ ਹੈ।

# ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਕੁਹਾੜਾ ਵੱਲੋਂ ਵੱਖ-ਵੱਖ ਥਾਵਾਂ ਤੇ ਪੁਸਤਕ ਪ੍ਰਦਰਸ਼ਨੀ ਲਗਾਈ



ਮਾਛੀਵਾੜਾ ਸਾਹਿਬ, 25 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਦੀ ਇਕਾਈ ਕੁਹਾੜਾ ਵੱਲੋਂ ਦੋ ਦਿਨ ਲਈ ਚਾਰ ਸਕੂਲਾਂ ਅਤੇ ਕੁਝ ਪਬਲਿਕ ਥਾਂਵਾਂ ਉੱਤੇ ਤਰਕਸ਼ੀਲ ਸੁਸਾਇਟੀ ਦੀ ਸਾਹਿਤ ਵੈਨ ਦੀਆਂ ਪੁਸਤਕ ਪ੍ਰਦਰਸ਼ਨੀਆਂ ਲਗਾਈਆਂ ਜਾ ਰਹੀਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਇਕਾਈ ਕੁਹਾੜਾ ਦੇ ਸੀਨੀਅਰ ਮੈਂਬਰ ਲੇਖਕ ਦੀਪ ਦਿਲਵਰ ਅਤੇ ਕੁਹਾੜਾ ਇਕਾਈ ਦੇ ਅਹੁਦੇਦਾਰਾਂ ਵੱਲੋਂ ਵਿਦਿਆਰਥੀਆਂ ਨਾਲ ਵਿਗਿਆਨਕ ਚੇਤਨਾ ਫੈਲਾਉਣ ਸੰਬੰਧੀ ਵਿਚਾਰਾਂ ਕੀਤੀਆਂ ਜਾ ਰਹੀਆਂ ਹਨ। ਜਿਸ ਵਿੱਚ ਵੱਖ ਵੱਖ ਥਾਵਾਂ ਤੇ ਪੁਸਤਕ ਪ੍ਰਦਰਸ਼ਨੀ ਲਗਾਈ ਗਈ। ਸਭ ਤੋਂ ਪਹਿਲਾਂ ਮਾਤਾ ਹਰਦੇਈ ਨੈਸ਼ਨਲ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ(ਲੜਕੀਆਂ) ਮਾਛੀਵਾੜਾ ਸਾਹਿਬ ਵਿਖੇ ਸਵੇਰੇ 8:30 ਤੋਂ 11:00 ਵਜੇ ਤੱਕ ਇਹ ਪੁਸਤਕ ਪ੍ਰਦਰਸ਼ਨੀ ਲਗਾਈ ਗਈ।ਇਸ ਤੋਂ ਬਾਅਦ ਸ਼ਹੀਦ ਭਗਤ ਸਿੰਘ ਪਬਲਿਕ ਹਾਈ ਸਕੂਲ ਮਾਛੀਵਾੜਾ ਸਾਹਿਬ 11:30 ਤੋਂ 2:00 ਵਜੇ ਤੱਕ ਲਗਾਈ ਗਈ ਪੁਸਤਕ ਪ੍ਰਦਰਸ਼ਨੀ ਦੇ ਵਿੱਚ ਵਿਦਿਆਰਥੀਆਂ ਨੇ ਉਤਸ਼ਾਹ ਪੂਰਵਕ ਭਾਗ ਲੈਂਦਿਆਂ ਵੱਖ-ਵੱਖ ਕਿਤਾਬਾਂ ਨੂੰ ਦੇਖਿਆ ਅਤੇ ਉਹਨਾਂ ਤੋਂ ਨਵਾਂ ਗਿਆਨ ਹਾਸਿਲ ਕਰਨ ਲਈ ਕੁਝ ਕਿਤਾਬਾਂ ਖਰੀਦੀਆਂ।ਇਸ ਤੋਂ ਬਾਅਦ ਪੁਸਤਕ ਪ੍ਰਦਰਸ਼ਨੀ ਵਾਲੀ ਵੈਨ ?ਖਾਲਸਾ ਚੌਂਕ ਮੇਨ ਬਾਜ਼ਾਰ ਮਾਛੀਵਾੜਾ ਸਾਹਿਬ ਵਿਖੇ ਕਰੀਬ 4:00 ਤੋਂ 5:00 ਵਜੇ ਤੱਕ ਰੁਕੀ ਜਿੱਥੇ ਸਾਹਿਤਿਕ ਪ੍ਰੇਮੀਆਂ ਨੇ ਇਸ ਪ੍ਰਦਰਸ਼ਨੀ ਦੌਰਾਨ ਵੱਖ ਵੱਖ ਕਿਤਾਬਾਂ ਖਰੀਦੀਆ।

ਦੀਪ ਦਿਲਬਰ ਨੇ ਦੱਸਿਆ ਕਿ ਕੱਲ੍ਹ ਵੀ ਇਸੇ ਤਰ੍ਹਾਂ ਮਾਛੀਵਾੜਾ ਸਾਹਿਬ ਇਲਾਕੇ ਵਿੱਚ ਸਰਕਾਰੀ ਸਕੂਲਾਂ ਸਮੇਤ ਵੱਖ-ਵੱਖ ਥਾਵਾਂ ਤੇ ਇਸ ਪੁਸਤਕ ਪ੍ਰਦਰਸ਼ਨੀ ਵੈਨ ਰਾਹੀਂ ਸਾਹਿਤਿਕ ਪ੍ਰੇਮੀਆਂ ਨੂੰ ਗਿਆਨ ਅਤੇ ਵਿਗਿਆਨ ਭਰਪੂਰ ਜਾਣਕਾਰੀ ਦੇਣ ਵਾਲੀਆਂ ਪੁਸਤਕਾਂ ਪੇਸ਼ ਕੀਤੀਆਂ ਜਾਣਗੀਆਂ। ਉਹਨਾਂ ਕਿਹਾ ਕਿ ਸਮਾਜ ਵਿੱਚ ਫੈਲੇ ਹੋਏ ਅਗਿਆਨਤਾ ਅਤੇ ਵਹਿਮ ਭਰਮਾਂ ਦੇ ਜਾਲ ਨੂੰ ਕੱਟਣ ਲਈ ਕਿਤਾਬਾਂ ਦੁਆਰਾ ਮਿਲਦੇ ਗਿਆਨ ਦਾ ਪ੍ਰਕਾਸ਼ ਹੋਣਾ ਬਹੁਤ ਜ਼ਰੂਰੀ ਹੈ। ਉਹਨਾਂ ਲੋਕਾਂ ਨੂੰ ਅਪੀਲ ਕਰਦੇ ਆ ਕਿਹਾ ਕਿ ਵੱਧ ਤੋਂ ਵੱਧ ਸਾਹਿਤ ਕਿਤਾਬਾਂ ਪੜ੍ਹਨ ਅਤੇ ਸਾਹਿਤ ਨਾਲ ਜੁੜਨ ਤਾਂ ਜੋ ਅੰਧ ਵਿਸ਼ਵਾਸਾਂ ਪਿੱਛੇ ਛੁਪੇ ਸੱਚ ਨੂੰ ਜਾਣਿਆ ਜਾ ਸਕੇ।

# ਭਾਸ਼ਾ ਵਿਭਾਗ ਨੇ ਮਨਾਇਆ ਵਿਸ਼ਵ ਪੁਸਤਕ ਦਿਵਸ; ਪੁਸਤਕਾਂ ਦਾ ਲੰਗਰ ਵੀ ਲਗਾਇਆ



ਪਟਿਆਲਾ, 25 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਭਾਸ਼ਾ ਵਿਭਾਗ, ਪੰਜਾਬ ਵੱਲੋਂ ਅੱਜ ਵਿਸ਼ਵ ਪੁਸਤਕ ਦਿਵਸ ਮਨਾਇਆ ਗਿਆ। ਵਿਭਾਗ ਦੀ ਹਵਾਲਾ ਲਾਇਬ੍ਰੇਰੀ ਵਿੱਚ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ ਵਿੱਚ ਕਰਵਾਏ ਗਏ ਇਸ ਸਮਾਗਮ ਦੌਰਾਨ ਉੱਘੇ ਸ਼ਾਇਰ ਸਰਦਾਰ ਪੰਛੀ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ। ਇਸ ਸਮਾਗਮ ਦੌਰਾਨ ਵਿਭਾਗ ਵੱਲੋਂ ਪੁਸਤਕਾਂ ਦਾ ਲੰਗਰ ਵੀ ਲਗਾਇਆ ਗਿਆ। ਜਸਵੰਤ ਸਿੰਘ ਜ਼ਫ਼ਰ ਨੇ ਕਿਹਾ ਕਿ ਪੰਜਾਬ ਬਹੁਤ ਸਾਰੇ ਪੱਖਾਂ ਤੋਂ ਦੁਨੀਆ ਦਾ ਖੁਸ਼ਹਾਲ ਖਿੱਤਾ ਮੰਨਿਆ ਜਾਂਦਾ ਹੈ ਪਰ ਪੁਸਤਕ ਸੱਭਿਆਚਾਰ ਪੱਖੋਂ ਇਹ ਅਜੇ ਪਛੜਿਆ ਹੋਇਆ ਹੈ। ਸਾਨੂੰ ਮਾਣ ਹੋਣਾ ਚਾਹੀਦਾ ਹੈ ਕਿ ਸੰਸਾਰ ਦੀ ਪਹਿਲੀ ਪੁਸਤਕ ਮੰਨਿਆ ਜਾਂਦਾ ਰਿਗਵੇਦ ਗ੍ਰੰਥ ਪੰਜਾਬ ਦੀ ਧਰਤੀ ਤੇ ਹੀ ਲਿਖਿਆ ਗਿਆ। ਇਸ ਦੇ ਨਾਲ ਹੀ ਸੰਸਾਰ ਦਾ ਮਹਾਨਤਮ ਤੇ ਸਭ ਤੋਂ ਵੱਡਾ ਸੰਪਾਦਤ ਗ੍ਰੰਥ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਵੀ ਪੰਜਾਬ ਦੀ ਧਰਤੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤਾ ਅਤੇ ਇਸ ਨੂੰ ਖ਼ੂਬਸੂਰਤ ਅਤੇ ਕੁਦਰਤੀ ਜਲ ਭੰਡਾਰ ਦੇ ਵਿਚਕਾਰ ਸਥਾਪਿਤ ਖ਼ੂਬਸੂਰਤ ਹਰਿਮੰਦਰ ਦੇ ਐਨ ਵਿਚਕਾਰ ਸੁਸ਼ੋਭਿਤ ਕੀਤਾ। ਸ. ਜ਼ਫ਼ਰ ਨੇ ਕਿਹਾ ਕਿ ਏਨੀ ਮਾਣਮੱਤੀ ਵਿਰਾਸਤ ਹੋਣ ਦੇ ਬਾਵਜੂਦ ਵੀ ਅਸੀਂ ਅਜੇ ਪੁਸਤਕ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਤੋਂ ਦੂਰ ਹਾਂ। ਇਸ ਲਈ ਲੋੜ ਹੈ ਕਿ ਬੌਧਿਕ ਪੱਖੋਂ ਵੀ ਖੁਸ਼ਹਾਲ ਹੋਣ ਲਈ ਪੁਸਤਕਾਂ ਨੂੰ ਆਪਣੇ ਜੀਵਨ ਦਾ ਅਟੁੱਟ ਅੰਗ ਬਣਾਈਏ ਅਤੇ ਆਪਣੇ ਬੱਚਿਆਂ ਨੂੰ ਵੀ ਪੁਸਤਕਾਂ ਪੜ੍ਹਨ ਵੱਲ ਪ੍ਰੇਰਿਤ ਕਰੀਏ। ਉਨ੍ਹਾਂ ਨੇ ਗੁਰਬਾਣੀ ਦੇ ਹਵਾਲੇ ਦੇ ਕੇ ਪੁਸਤਕਾਂ ਨੂੰ ਪ੍ਰਮਾਤਮਾ ਦੇ ਸਮਾਨ ਸਥਾਨ ਦਿੱਤਾ।

ਇਸ ਮੌਕੇ ਸ਼ਾਇਰ ਸਰਦਾਰ ਪੰਛੀ ਨੇ ਆਪਣੇ ਪੁਸਤਕਾਂ ਪੜ੍ਹਨ ਵੱਲ ਜੁੜਨ ਦੇ ਪ੍ਰਸੰਗ ਸੁਣਾਏ ਅਤੇ ਸ਼ਾਇਰਾਨਾ ਅੰਦਾਜ਼ ਨਾਲ ਮਾਹੌਲ ਨੂੰ ਖ਼ੁਸ਼ਨੁਮਾ ਬਣਾ ਦਿੱਤਾ। ਇਸ ਮੌਕੇ ਖੋਜ ਅਫਸਰ ਸ. ਸਤਪਾਲ ਸਿੰਘ ਚਹਿਲ ਨੇ ਪੁਸਤਕ ਦੀ ਮਨੁੱਖੀ ਜੀਵਨ ਵਿੱਚ ਅਹਿਮੀਅਤ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਅਤੇ ਵਿਸ਼ਵ ਪ੍ਰਸਿੱਧ ਪੁਸਤਕਾਂ ਬਾਰੇ ਚਰਚਾ ਕੀਤੀ। ਉਨ੍ਹਾਂ ਵਿਸ਼ਵ ਪੁਸਤਕ ਦਿਵਸ ਦੇ ਇਤਿਹਾਸ ਤੇ ਵੀ ਚਾਨਣਾ ਪਾਇਆ। ਖੋਜ ਅਫਸਰ ਡਾ. ਸੰਤੋਖ ਸਿੰਘ ਸੁੱਖੀ ਨੇ ਆਪਣੀ ਕਵਿਤਾ ਰਾਹੀਂ ਕਿਤਾਬ ਦੀ ਅਹਿਮੀਅਤ ਜਾਣਕਾਰੀ ਦਿੱਤੀ। ਅਖ਼ੀਰ ਵਿੱਚ ਵਿਭਾਗ ਦੇ ਡਿਪਟੀ ਡਾਇਰੈਕਟਰ ਸ. ਸਤਨਾਮ ਸਿੰਘ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਸ੍ਰੀ ਆਲੋਕ ਚਾਵਲਾ ਦੀ ਦੇਖ-ਰੇਖ ਵਿੱਚ ਹੋਏ ਇਸ ਸਮਾਗਮ ਦੌਰਾਨ ਸ਼ਾਇਰ ਸਰਦਾਰ ਪੰਛੀ ਅਤੇ ਹਰਭਜਨ ਸਿੰਘ ਸੇਲਬਰਾਹ ਨੇ ਵਿਭਾਗ ਨੂੰ ਆਪਣੀਆਂ ਸਾਹਿਤਕ ਕਿਰਤਾਂ ਭੇਂਟ ਕੀਤੀਆਂ। ਇਸ ਮੌਕੇ ਵਿਭਾਗ ਦੀ ਸੰਯੁਕਤ ਨਿਰਦੇਸ਼ਕਾ ਹਰਪ੍ਰੀਤ ਕੌਰ, ਡਿਪਟੀ ਡਾਇਰੈਕਟਰ ਹਰਭਜਨ ਕੌਰ ਤੇ ਚੰਦਨਦੀਪ ਕੌਰ, ਸਹਾਇਕ ਡਾਇਰੈਕਟਰ ਅਮਰਿੰਦਰ ਸਿੰਘ, ਆਲੋਕ ਚਾਵਲਾ, ਸੁਖਪ੍ਰੀਤ ਕੌਰ, ਸੁਰਿੰਦਰ ਕੌਰ ਤੇ ਜਸਪ੍ਰੀਤ ਕੌਰ, ਨਾਮਵਰ ਲੇਖਕ ਡਾ. ਗੁਰਇਕਬਾਲ ਸਿੰਘ ਆਦਿ ਹਾਜ਼ਰ ਸਨ।

# ਕਿਸਾਨ ਜ਼ਿਲ੍ਹਾ ਪੱਧਰੀ ਸਿਖਲਾਈ ਕੈਂਪ ਦਾ ਵੱਧ ਤੋਂ ਵੱਧ ਲਾਭ ਉਠਾਉਣ : ਡਾ. ਜਸਵਿੰਦਰ ਸਿੰਘ



ਪਟਿਆਲਾ, 25 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਖੇਤੀਬਾੜੀ ਅਫ਼ਸਰ ਪਟਿਆਲਾ ਡਾ. ਜਸਵਿੰਦਰ ਸਿੰਘ ਨੇ ਦੱਸਿਆ ਕਿ ਖੇਤੀਬਾੜੀ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਦੇ ਦਿਸ਼ਾ ਨਿਰਦੇਸ਼ਾਂ ਹੇਠ ਸਾਉਣੀ ਦੀਆਂ ਫ਼ਸਲਾਂ ਸਬੰਧੀ ਕਿਸਾਨਾਂ ਨੂੰ ਤਕਨੀਕੀ ਜਾਣਕਾਰੀ ਦੇਣ ਹਿਤ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਬਹਾਵਲਪੁਰ ਭਵਨ, ਰਾਜਪੁਰਾ ਵਿਖੇ ਮਿਤੀ 25 ਅਪ੍ਰੈਲ 2025 ਨੂੰ ਲਗਾਇਆ ਜਾ ਰਿਹਾ ਹੈ। ਇਸ ਕੈਂਪ ਵਿੱਚ ਮੁੱਖ ਮਹਿਮਾਨ ਵਜੋਂ ਐਮ.ਐਲ.ਏ, ਰਾਜਪੁਰਾ ਸ੍ਰੀਮਤੀ ਨੀਨਾ ਮਿੱਤਲ ਸ਼ਿਰਕਤ ਕਰਨਗੇ। ਕੈਂਪ ਦਾ ਉਦਘਾਟਨ ਡਿਪਟੀ ਕਮਿਸ਼ਨਰ ਪਟਿਆਲਾ ਡਾ. ਪ੍ਰੀਤੀ ਯਾਦਵ ਕਰਨਗੇ। ਕੈਂਪ ਦੀ ਪ੍ਰਧਾਨਗੀ ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ ਸ. ਜਸਵੰਤ ਸਿੰਘ ਕਰਨਗੇ ਅਤੇ ਹਾਜ਼ਰ ਕਿਸਾਨਾਂ ਨੂੰ ਖੇਤੀਬਾੜੀ ਵਿਭਾਗ ਪੰਜਾਬ ਵੱਲੋਂ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦੇਣਗੇ। ਇਸ ਕੈਂਪ ਵਿੱਚ ਵਿਸ਼ੇਸ਼ ਮਹਿਮਾਨ ਇੰਜ. ਜਗਦੀਸ਼ ਸਿੰਘ, ਸੰਯੁਕਤ ਡਾਇਰੈਕਟਰ ਖੇਤੀਬਾੜੀ (ਇੰਜ.) ਝੋਨੇ ਦੇ ਸੀਜ਼ਨ ਦੌਰਾਨ ਕਿਸਾਨਾਂ ਨੂੰ ਦਿੱਤੀਆਂ ਜਾਣ ਵਾਲੀਆਂ ਵੱਖ ਵੱਖ ਮਸ਼ੀਨਾਂ ਸਬੰਧੀ ਤਕਨੀਕੀ ਜਾਣਕਾਰੀ ਦੇਣਗੇ ਤਾਂ ਜੋ ਜ਼ਿਲ੍ਹੇ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਖ਼ਤਮ ਕੀਤਾ ਜਾ ਸਕੇ। ਇਸ ਕੈਂਪ ਵਿੱਚ ਖੇਤੀਬਾੜੀ ਵਿਭਾਗ ਦੇ ਮਾਹਿਰਾਂ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਾਇੰਸਦਾਨਾਂ ਵੱਲੋਂ ਕਿਸਾਨਾਂ ਨੂੰ ਸਾਉਣੀ ਦੀਆਂ ਫ਼ਸਲਾਂ ਸਬੰਧੀ ਤਕਨੀਕੀ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾਂ ਇਸ ਕੈਂਪ ਵਿੱਚ ਭਾਗ ਲੈਣ ਲਈ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਿਸਾਨ ਇਸ ਸਿਖਲਾਈ ਕੈਂਪ ਦਾ ਵੱਧ ਤੋਂ ਵੱਧ ਲਾਭ ਉਠਾਉਣ।

# ਜਨਤਾ ਦਲ ਯੂਨਾਈਟਿਡ ਵਲੋਂ ਪੰਜਾਬ ਦੀ ਕਾਰਜਕਾਰਨੀ ਭੰਗ ; ਦਵਿੰਦਰ ਰਾਜਪੂਤ ਨੂੰ ਲਾਇਆ ਕਾਰਜਕਾਰੀ ਪ੍ਰਧਾਨ

ਪਟਿਆਲਾ, 25 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਜਨਤਾ ਦਲ (ਯੂਨਾਈਟਿਡ) ਪਾਰਟੀ ਦੇ ਕੌਮੀ ਕਾਰਜਕਾਰੀ ਪ੍ਰਧਾਨ ਸੰਜੇ ਝਾਅ ਨੇ ਆਪਣੀ ਕੋਰ ਕਮੇਟੀ ਵਿੱਚ ਲਏ ਫੈਸਲੇ ਅਨੁਸਾਰ ਪੰਜਾਬ ਦੀਆਂ ਸਾਰੀਆਂ ਇਕਾਈਆਂ ਨੂੰ ਭੰਗ ਕਰ ਦਿੱਤਾ ਹੈ। ਇਹ ਫੈਸਲਾ ਪੰਜਾਬ ਵਿਚ ਆਉਣ ਵਾਲੀਆਂ ਅਗਾਮੀ 2027 ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਲਿਆ ਗਿਆ ਹੈ।

ਪੰਜਾਬ ਦੇ ਨਵ ਨਿਯੁਕਤ ਕਾਰਜਕਾਰੀ ਪ੍ਰਧਾਨ ਦਵਿੰਦਰ ਰਾਜਪੂਤ ਨੇ ਕਿਹਾ ਕਿ ਪੰਜਾਬ ਦੇ ਸਾਰੇ ਪੁਰਾਣੇ ਵਫ਼ਾਦਾਰ ਸਾਥੀ ਜੋ ਵੱਖ ਵੱਖ ਅਹੁਦਿਆਂ ’ਤੇ ਬਿਰਾਜਮਾਨ ਸਨ ਨੂੰ ਜਲਦੀ ਹੀ ਬਣਦਾ ਮਾਣ ਸਨਮਾਨ ਦੇ ਕੇ ਮੁੜ ਨਵੀਆਂ ਜ਼ਿੰਮੇਵਾਰੀਆਂ ਸੌਂਪੀਆਂ ਜਾਣਗੀਆਂ ਅਤੇ ਪਾਰਟੀ ਦੀਆਂ ਚੋਣ ਸਰਗਰਮੀਆਂ ਪੰਜਾਬ ਵਿੱਚ ਤੇਜ਼ ਕੀਤੀਆਂ ਜਾਣਗੀਆਂ।

ਉਹਨਾਂ ਕਿਹਾ ਕਿ ਜਨਤਾ ਦਲ ਯੂਨਾਈਟਿਡ ਵੱਲੋਂ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਇੱਕ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਜਾਵੇਗਾ ਤਾਂਕਿ ਪੰਜਾਬ ਦੀਆਂ 117 ਸੀਟਾਂ ’ਤੇ ਚੋਣ ਲੜਨ ਲਈ ਰਣਨੀਤੀ ਉਲੀਕੀ ਜਾ ਸਕੇ।.

# ਵਿਜ਼ਡਮ ਸਕੂਲ ਆਫ਼ ਅਕਾਦਮਿਕ ਐਂਡ ਸਪੋਰਟਸ ਵਿਖੇ ਵਿਸ਼ਵ ਪੁਸਤਕ ਪੜ੍ਹਨ ਦਿਵਸ ਮਨਾਇਆ




ਤਰਨ ਤਾਰਨ, 25 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਤਰਨ ਤਾਰਨ ਦੇ ਵਿਜ਼ਡਮ ਸਕੂਲ ਆਫ਼ ਅਕਾਦਮਿਕ ਐਂਡ ਸਪੋਰਟਸ ਨੇ ਵਿਸ਼ਵ ਪੁਸਤਕ ਪੜ੍ਹਨ ਦਿਵਸ ਨੂੰ ਉਤਸ਼ਾਹ ਅਤੇ ਸਿਰਜਣਾਤਮਕਤਾ ਨਾਲ ਮਨਾਇਆ।

ਵਿਦਿਆਰਥੀਆਂ ਨੇ ਕਈ ਤਰ੍ਹਾਂ ਦੀਆਂ ਸਾਹਿਤਕ ਗਤੀਵਿਧੀਆਂ ਵਿੱਚ ਹਿੱਸਾ ਲਿਆ, ਜਿਸ ਵਿੱਚ ਬੁੱਕਮਾਰਕ ਬਣਾਉਣਾ, ਪ੍ਰਸਿੱਧ ਲੇਖਕਾਂ ਅਤੇ ਕਵੀਆਂ ਦੇ ਰੋਲ ਪਲੇਅ, ਅਤੇ ਸਾਰੇ ਗ੍ਰੇਡਾਂ(ਜਮਾਤਾਂ) ਵਿੱਚ ਦਿਲਚਸਪ ਪੜ੍ਹਨ ਸੈਸ਼ਨ ਸ਼ਾਮਲ ਹਨ।

ਸਕੂਲ ਡਾਇਰੈਕਟਰ ਸ੍ਰੀਮਤੀ ਅੰਮ੍ਰਿ ਖੇੜਾ ਜੀ,ਪ ?ਬੰਧਕ ਸ੍ਰੀਮਤੀ ਸ਼ਵੇਤਾ ਸਹਿਗਲ ਜੀ,ਪ੍ਰਿੰਸੀਪਲ ਸ਼੍ਰੀਮਤੀ ਗੁਰਪ੍ਰੀਤ ਜੌਹਲ ਜੀ ਨੇ ਇਕੱਠ ਨੂੰ ਸੰਬੋਧਨ ਕੀਤਾ ਅਤੇ ਛੋਟੀ ਉਮਰ ਤੋਂ ਹੀ ਪੜ੍ਹਨ ਦੀਆਂ ਆਦਤਾਂ ਪੈਦਾ ਕਰਨ ਦੀ ਮਹੱਤਤਾ ’ਤੇ ਜ਼ੋਰ ਦਿੱਤਾ।

ਸਕੂਲ ਡਾਇਰੈਕਟਰ ਸ੍ਰੀਮਤੀ ਅੰਮ੍ਰਿ ਖੇੜਾ ਜੀ ਨੇ ਸੰਬੋਧਿਤ ਕਰਦਿਆਂ ਕਿਹਾ ਕਿ÷ਕਿਤਾਬਾਂ ਦੁਨੀਆ ਦੀਆਂ ਖਿੜਕੀਆਂ ਅਤੇ ਮਨ ਦੇ ਸ਼ੀਸ਼ੇ ਹਨ। ਬੱਚਿਆਂ ਨੂੰ ਪੜ੍ਹਨ ਲਈ ਉਤਸ਼ਾਹਿਤ ਕਰਨਾ ਵਿਚਾਰਸ਼ੀਲ, ਸੂਚਿਤ ਵਿਅਕਤੀਆਂ ਨੂੰ ਆਕਾਰ ਦੇਣ ਵੱਲ ਪਹਿਲਾ ਕਦਮ ਹੈ।

# ਪੰਜਾਬ ਦੇ ਸਰਕਾਰੀ ਸਕੂਲ ਮਾਪਿਆਂ ਦੀ ਬਣੇ ਪਹਿਲੀ ਪਸੰਦ : ਡਾ. ਬਲਬੀਰ ਸਿੰਘ

ਪਟਿਆਲਾ, 25 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੈਡੀਕਲ ਸਿੱਖਿਆ ਤੇ ਖੋਜ ਅਤੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਪਿਛਲੇ ਤਿੰਨ ਸਾਲਾਂ ’ਚ ਸਰਕਾਰੀ ਸਕੂਲਾਂ ’ਚ ਹੋਏ ਕ੍ਰਾਂਤੀਕਾਰੀ ਬਦਲਾਅ ਸਦਕਾ ਹੁਣ ਸਰਕਾਰੀ ਸਕੂਲ ਮਾਪਿਆਂ ਦੀ ਪਹਿਲੀ ਪਸੰਦ ਬਣ ਗਏ ਹਨ, ਜਿਸ ਦੀ ਮਿਸਾਲ ਪਿਛਲੇ ਸਾਲਾਂ ਤੋਂ ਲਗਾਤਾਰ ਦਾਖਲਿਆਂ ’ਚ ਹੋ ਰਿਹਾ ਵਾਧਾ ਹੈ। ਇਹ ਪ੍ਰਗਟਾਵਾਂ ਉਨ੍ਹਾਂ ਅੱਜ ਪਟਿਆਲਾ ਦਿਹਾਤੀ ਹਲਕੇ ਦੇ ਚਾਰ ਸਕੂਲਾਂ ’ਚ ਹੋਏ ਵਿਕਾਸ ਕਾਰਜ ਵਿਦਿਆਰਥੀਆਂ ਨੂੰ ਸਮਰਪਿਤ ਕਰਦਿਆਂ ਕੀਤਾ।



ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਤੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਦੀ ਦੂਰਅੰਦੇਸ਼ੀ ਸੋਚ ਸਦਕਾ ਸਰਕਾਰੀ ਸਕੂਲਾਂ ਦੇ ਅਧਿਆਪਕ ਸਿੰਗਾਪੁਰ ਤੇ ਫਿਨਲੈਂਡ ਵਰਗੇ ਦੇਸ਼ਾਂ ਤੋਂ ਟਰੇਨਿੰਗ ਲੈ ਰਹੇ ਹਨ ਤਾਂ ਜੋ ਸਾਡੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਵੀ ਕੌਮਾਂਤਰੀ ਪੱਧਰ ਦੀਆਂ ਤਕਨੀਕਾਂ ਨਾਲ ਸਿੱਖਿਅਤ ਕੀਤਾ ਜਾ ਸਕੇ ਅਤੇ ਨਾਲ ਹੀ ਵਿਦਿਆਰਥੀਆਂ ਨੂੰ ਵੀ ਵੱਡੇ ਵਿਦਿਅਕ ਅਦਾਰਿਆਂ ਦੇ ਟੂਰ ਕਰਵਾਏ ਜਾ ਰਹੇ ਹਨ ਤਾਂ ਜੋ ਇਨ੍ਹਾਂ ਅਦਾਰਿਆਂ ਨੂੰ ਦੇਖ ਕੇ ਵਿਦਿਆਰਥੀ ਆਪਣੇ ਭਵਿੱਖ ਦੇ ਟੀਚੇ ਨਿਰਧਾਰਤ ਕਰ ਸਕਣ।

ਉਨ੍ਹਾਂ ਕਿਹਾ ਕਿ ਪਿਛਲੇ ਤਿੰਨ ਸਾਲਾਂ ’ਚ ਸਰਕਾਰੀ ਸਕੂਲਾਂ ਦਾ ਮੁਹਾਂਦਰਾ ਪੂਰੀ ਤਰ੍ਹਾਂ ਬਦਲ ਗਿਆ ਹੈ ਹੁਣ ਵਿਦਿਆਰਥੀ ਬਲੈਕ ਬੋਰਡ ਤੋਂ ਡਿਜੀਟਲ ਸਕਰੀਨਾਂ ਵਾਲੇ ਹੋ ਗਏ ਹਨ, ਜੋ ਵਿਦਿਆਰਥੀਆਂ ’ਚ ਆਤਮ ਵਿਸ਼ਵਾਸ ਪੈਦਾ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਪਹਿਲੇ ਦਿਨ ਤੋਂ ਇਹ ਵਿਸ਼ਵਾਸ ਹੈ ਕਿ ਸਿੱਖਿਆ ਨਾਲ ਹੀ ਵਿਕਸਤ ਸਮਾਜ ਬਣਾਇਆ ਜਾ ਸਕਦਾ ਹੈ ਤੇ ਇਸ ’ਤੇ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਵਿਦਿਆਰਥੀਆਂ ਨੂੰ ਜ਼ਿੰਦਗੀ ’ਚ ਆਪਣੇ ਟੀਚੇ ਨਿਰਧਾਰਤ ਕਰਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਟੀਚਾ ਨਿਰਧਾਰਤ ਕਰਨ ਤੋਂ ਬਾਅਦ ਵਿਦਿਆਰਥੀ ਉਸ ਨੂੰ ਪ੍ਰਾਪਤ ਕਰਨ ਲਈ ਵਧੇਰੇ ਮਿਹਨਤ ਕਰਨ। ਉਨ੍ਹਾਂ ਅਧਿਆਪਕਾਂ ਨੂੰ ਵੀ ਵਿਦਿਆਰਥੀਆਂ ਵੱਲੋਂ ਨਿਰਧਾਰਤ ਟੀਚਿਆਂ ਨੂੰ ਪੂਰਾ ਕਰਨ ਲਈ ਉਨ੍ਹਾਂ ਦੇ ਰਾਹ ਦਸੇਰੇ ਬਣਨ ਲਈ ਕਿਹਾ। ਉਨ੍ਹਾਂ ਕਿਹਾ ਕਿ ਪੰਜਾਬ ਦੇਸ਼ ਦਾ ਪਹਿਲਾ ਸੂਬਾ ਹੈ ਜਿੱਥੇ ਸਕੂਲਾਂ ਵਿੱਚ ਕੈਂਪਸ ਮੈਨੇਜਰ ਅਤੇ ਸੁਰੱਖਿਆ ਗਾਰਡ ਨਿਯੁਕਤ ਕੀਤੇ ਗਏ ਹਨ ਅਤੇ ਸਰਕਾਰੀ ਸਕੂਲਾਂ ਦੇ ਰੱਖ-ਰਖਾਵ ’ਤੇ ਸੂਬਾ ਸਰਕਾਰ ਵੱਲੋਂ ਸਾਲਾਨਾ 200 ਕਰੋੜ ਰੁਪਏ ਤੋਂ ਵੱਧ ਖਰਚਾ ਕੀਤਾ ਜਾਂਦਾ ਹੈ। ਡਾ. ਬਲਬੀਰ ਸਿੰਘ ਨੇ ਵਿਦਿਆਰਥੀਆਂ ਵੱਲੋਂ ਲਗਾਈਆਂ ਪ੍ਰਦਰਸ਼ਨੀਆਂ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਨਿਵੇਕਲੀ ਬਿਜਨੈਸ ਬਲਾਸਟਰ ਸਕੀਮ ਨੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੇ ਹੁਨਰ ਨੂੰ ਹੋਰ ਨਿਖਾਰਿਆ ਹੈ ਤੇ ਇਥੋ ਆਉਣ ਵਾਲੇ ਸਮੇਂ ’ਚ ਉਦਮ ਨਿਕਲਣਗੇ।

ਅੱਜ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਸਰਕਾਰੀ ਸੀਨੀਅਰ ਤੇ ਪ੍ਰਾਇਮਰੀ ਸਕੂਲ ਤ੍ਰਿਪੜੀ, ਸਰਕਾਰੀ ਪ੍ਰਾਇਮਰੀ ਸਕੂਲ ਝਿੱਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚਲੈਲਾ, ਸਰਕਾਰੀ ਪ੍ਰਾਇਮਰੀ ਤੇ ਹਾਈ ਸਕੂਲ ਫੈਕਟਰੀ ਏਰੀਆ ਸਕੂਲ ਵਿਖੇ ‘ਪੰਜਾਬ ਸਿੱਖਿਆ ਕ੍ਰਾਂਤੀ’ ਤਹਿਤ ਲੱਖਾਂ ਰੁਪਏ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਡਿਪਟੀ ਡੀ.ਓ ਮਨਵਿੰਦਰ ਕੌਰ, ਜਸਵੀਰ ਸਿੰਘ ਗਾਂਧੀ, ਬਲਵਿੰਦਰ ਸੈਣੀ, ਜੈ ਸ਼ੰਕਰ, ਪ੍ਰਿੰਸੀਪਲ ਡਾ. ਨਰਿੰਦਰ ਕੁਮਾਰ, ਸੁਖਦੀਪ ਕੌਰ, ਕਰਮਜੀਤ ਸਿੰਘ, ਗੁਰਮੁਖ ਸਿੰਘ, ਸੁਖਵਿੰਦਰ ਸਿੰਘ, ਮਾਲਵਿੰਦਰ ਕੌਰ, ਖੁਸ਼ਵੰਤ ਕੌਰ, ਸੁਰੇਸ਼ ਰਾਏ, ਗੱਜਣ ਸਿੰਘ, ਵੇਦ ਕਪੂਰ, ਕੌਂਸਲਰ ਮੋਹਿਤ ਕੁਕਰੇਜਾ, ਦਵਿੰਦਰ ਕੌਰ, ਮੋਹਿਤ ਕੁਮਾਰ, ਮਨਦੀਪ ਵਿਰਦੀ, ਲਾਲ ਸਿੰਘ, ਹਤਿੰਦਰ ਅਰੋੜਾ, ਭਿੰਦਰ ਸਿੰਘ, ਦਰਸ਼ਨਾ ਅਰੋੜਾ, ਜਸਬੀਰ ਕੌਰ, ਸੋਹਨ ਲਾਲ, ਸਤੀਸ਼ ਨਾਸਰਾ ਅਤੇ ਗੌਰਵ ਸਮੇਤ ਵੱਡੀ ਗਿਣਤੀ ਸਕੂਲ ਵਿਦਿਆਰਥੀ, ਮਾਪੇ, ਅਧਿਆਪਕ ਦੇ ਪਿੰਡ ਵਾਸੀ ਮੌਜੂਦ ਸਨ।

# ਐਨਸੀਸੀ ਕੈਡਿਟ ਵਾਈਬ੍ਰੈਂਟ ਪਿੰਡ ਦੇ ਪ੍ਰੋਗਰਾਮ -2 ਅਧੀਨ ਸਰਹਦੀ ਪਿੰਡਾਂ ਦਾ ਦੌਰਾ ਕਰਨਗੇ




ਫਿਰੋਜ਼ਪੁਰ, 25 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਐਨਸੀਸੀ ਸਮੂਹ ਲੁਧਿਆਣਾ ਦੇ ਤਹਿਤ ਸਰਹੱਦੀ ਦੇ ਪਿੰਡਾਂ ਦੇ ਰਾਸ਼ਟਰੀ ਏਕਤਾ ਨੂੰ ਉਤਸ਼ਾਹਤ ਕਰਨ ਅਤੇ 150 ਐਨਸੀਸੀ ਕੈਡਿਟਸ ਦੇ 13 ਐਨਸੀਸੀ ਕੈਡਿਟਸ ਐਨ.ਸੀ.ਸੀ.।
ਇਸ ਪ੍ਰੋਗਰਾਮ ਦਾ ਉਦੇਸ਼ ਇਨ੍ਹਾਂ ਪਿੰਡਾਂ ਦੀ ਆਬਾਦੀ ਨੂੰ ਦੇਸ਼ ਨਾਲ ਏਕੀਕ੍ਰਿਤ ਕਰਨਾ ਹੈ, ਸਰਹੱਦੀ ਦੇ ਪਿੰਡਾਂ ਵਿੱਚ ਖੁਸ਼ਹਾਲੀ ਨੂੰ ਯਕੀਨੀ ਬਣਾਉਣਾ ਅਤੇ ਸਥਾਨਕ ਸਭਿਆਚਾਰ ਅਤੇ ਵਿਰਾਸਤ ਨੂੰ ਉਤਸ਼ਾਹਤ ਕਰਨਾ.ਹੈ।

ਇਸ ਯਾਤਰਾ ਦਾ ਉਦੇਸ਼ ਨੌਜਵਾਨ ਐਨ ਸੀ ਸੀ ਕੈਡਟਾਂ ਵਿੱਚ ਦੇਸ਼ ਭਗਤੀ ਦੀ ਭਾਵਨਾ ਨੂੰ ਭਰਨਾ ਸੀ ਅਤੇ ਸਰਹੱਦ ਦੇ ਪਿੰਡਾਂ ਦੇ ਭਾਈਵਾਲਾਂ ਅਤੇ ਸੁਰੱਖਿਆ ਬਲਾਂ ਨੂੰ ਸਰਹੱਦ ’ਤੇ ਲਗਾਏ ਗਏ ਚੁਣੌਤੀਆਂ ਨੂੰ ਸਮਝਣਾ ਸੀ. ਯਾਤਰਾ ਦੇ ਹਿੱਸੇ ਵਜੋਂ ਕੈਡਿਟ ਹੁਸੈਨੀਵਾਲਾ ਵਿਖੇ ਕੌਮੀ ਸ਼ਹੀਦ ਮੈਮੋਰੀਅਲ ਨੂੰ ਸ਼ਰਧਾਂਜਲੀ ਮਿਲਦੀ ਹੈ, ਜੋ ਸਾਡੇ ਤਿੰਨ ਰਾਸ਼ਟਰੀ ਸ਼ਹੀਦਾਂ ਭਾਵ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦੀ ਅਟੱਲ ਕ੍ਰਾਂਤੀਕਾਰੀ ਭਾਵਨਾ ਨੂੰ ਦਰਸਾਉਂਦੀ ਹੈ, ਜਿਨ੍ਹਾਂ ਨੇ ਮਾਤ ਭੂਮੀ ਲਈ ਸ਼ਹਾਦਤ ਨੂੰ ਅਪਣਾਇਆ. ਇਸ ਤੋਂ ਬਾਅਦ, ਕੈਡਟਸ ਨੇ ਸਰਹੱਦੀ ਅਹੁਦੇ ’ਤੇ ਸਿਪਾਹੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਅਤੇ ਸਾਡੀਆਂ ਹੱਦਾਂ ਨੂੰ ਸੁਰੱਖਿਅਤ ਕੀਤਾ ਅਤੇ ਉਨ੍ਹਾਂ ਨੇ ਚੁਣੌਤੀਆਂ ਨੂੰ ਸਮਝਿਆ ਅਤੇ ਉਨ੍ਹਾਂ ਨੇ ਮੁਸ਼ਕਲ ਰੁਟੀਨ ਬਣਾਈ ਅਤੇ ਉਹਨਾਂ ਦੀ ਸ਼ਲਾਘਾ ਕੀਤੀ।

ਕੈਡਿਟਾਂ ਨੇ ਪਿੰਡ ਰਾਜੋ ਕੀ ਗੱਟੀ ਵਿੱਚ ਅੰਤਰਰਾਸ਼ਟਰੀ ਸਰਹੱਦ ਦੀ ਲਗਾਈ ਗਈ ਅਤੇ ਯੂਥ ਨੈਟਵਰਕ ਲਾਈਨ ਸਥਾਪਤ ਕਰਨ ਲਈ ਸਥਾਨਕ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ।

# ਜ਼ਿਲ੍ਹੇ ਦੀਆਂ ਮੰਡੀਆਂ ਵਿਚ 174606 ਮੀਟ੍ਰਿਕ ਟਨ ਫਸਲ ਦੀ ਆਮਦ, 134580 ਮੀਟ੍ਰਿਕ ਟਨ ਦੀ ਖਰੀਦ: ਡਿਪਟੀ ਕਮਿਸ਼ਨਰ

ਬਰਨਾਲਾ, 25 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਨੇ ਦੱਸਿਆ ਕਿ ਰੋਜ਼ਾਨਾ ਅਨਾਜ ਮੰਡੀਆਂ ਦਾ ਦੌਰਾ ਕਰਕੇ ਕਣਕ ਦੀ ਫਸਲ ਦੇ ਖਰੀਦ ਪ੍ਰਬੰਧਾਂ ਦਾ ਲਗਾਤਾਰ ਜਾਇਜ਼ਾ ਲਿਆ ਜਾ ਰਿਹਾ ਹੈ ਤਾਂ ਜੋ ਕਿਸਾਨਾਂ ਨੂੰ ਮੰਡੀਆਂ ਵਿੱਚ ਕੋਈ ਮੁਸ਼ਕਿਲ ਪੇਸ਼ ਨਾ ਆਵੇ। ਉਨ੍ਹਾਂ ਕਿਹਾ ਕਿ ਫ਼ਸਲ ਦੀ ਚੁਕਾਈ ਵੀ ਲਗਾਤਾਰ ਕਰਵਾਈ ਜਾ ਰਹੀ ਹੈ ਤਾਂ ਜੋ ਲਿਫਟਿੰਗ ਦੀ ਕੋਈ ਸਮੱਸਿਆ ਨਾ ਆਵੇ।



ਉਨ੍ਹਾਂ ਦੱਸਿਆ ਕਿ ਕੱਲ੍ਹ 21 ਅਪ੍ਰੈਲ ਸ਼ਾਮ ਤੱਕ ਜ਼ਿਲ੍ਹੇ ਦੀਆਂ ਵੱਖ ਵੱਖ ਮੰਡੀਆਂ ਵਿੱਚ ਕੁੱਲ 174606 ਮੀਟ੍ਰਿਕ ਟਨ ਜਿਣਸ ਦੀ ਆਮਦ ਹੋਈ ਅਤੇ ਹੁਣ ਤਕ ਕੁੱਲ 134580 ਮੀਟ੍ਰਿਕ ਟਨ ਫ਼ਸਲ ਖ਼ਰੀਦੀ ਗਈ ਹੈ।
ਉਨ੍ਹਾਂ ਦੱਸਿਆ ਕਿ ਹੁਣ ਤੱਕ ਮਾਰਕਫੈੱਡ ਵਲੋਂ 36185 ਮੀਟ੍ਰਿਕ ਟਨ, ਪਨਗ੍ਰੇਨ ਵਲੋਂ 41158 ਮੀਟ੍ਰਿਕ ਟਨ, ਪਨਸਪ ਵਲੋਂ 33373 ਮੀਟ੍ਰਿਕ ਟਨ ਤੇ ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਵਲੋਂ 22160 ਮੀਟ੍ਰਿਕ ਟਨ ਫ਼ਸਲ ਦੀ ਖਰੀਦ ਕੀਤੀ ਗਈ ਹੈ।
ਉਨ੍ਹਾਂ ਦੱਸਿਆ ਕਿ ਹੁਣ ਤੱਕ 39247 ਮੀਟ੍ਰਿਕ ਟਨ ਫ਼ਸਲ ਦੀ ਲਿਫਟਿੰਗ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਹੁਣ ਤਕ 252 ਕਰੋੜ ਰੁਪਏ ਦੀ ਰਾਸ਼ੀ ਕਿਸਾਨਾਂ ਨੂੰ ਖਾਤਿਆਂ ਵਿੱਚ ਟਰਾਂਸਫਰ ਕੀਤੀ ਜਾ ਚੁੱਕੀ ਹੈ।

ਉਨ੍ਹਾਂ ਕਿਹਾ ਕਿ ਰੋਜ਼ਾਨਾ ਪੱਧਰ ’ਤੇ ਮੰਡੀਆਂ ਦਾ ਜਾਇਜ਼ਾ ਲਿਆ ਜਾ ਰਿਹਾ ਹੈ ਅਤੇ ਲਿਫਟਿੰਗ ਵੀ ਨਾਲੋ ਨਾਲ ਜਾਰੀ ਹੈ।
ਉਨ੍ਹਾਂ ਕਿਸਾਨਾਂ ਨੂੰ ਵੀ ਸੁੱਕੀ ਫ਼ਸਲ ਮੰਡੀਆਂ ਵਿੱਚ ਲਿਆਉਣ ਦੀ ਅਪੀਲ ਕੀਤੀ ਤਾਂ ਜੋ ਉਨ੍ਹਾਂ ਨੂੰ ਉਡੀਕ ਨਾ ਕਰਨੀ ਪਵੇ।

# 10 ਮਈ ਨੂੰ ਪਟਿਆਲਾ ਵਿੱਚ ਹੋਵੇਗਾ ਨੈਸ਼ਨਲ ਲੋਕ ਅਦਾਲਤ ਦਾ ਗਠਨ

ਪਟਿਆਲਾ, 25 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਨੈਸ਼ਨਲ ਲੀਗਲ ਸਰਵਿਸਿਜ਼ ਅਥਾਰਟੀ, ਨਵੀਂ ਦਿੱਲੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਮੋਹਾਲੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਰੁਪਿੰਦਰਜੀਤ ਚਾਹਲ, ਦੀ ਯੋਗ ਅਗਵਾਈ ਹੇਠ ਚੈੱਕ ਬਾਊਂਸ ਕੇਸਾਂ, ਪੈਸੇ ਦੀ ਵਸੂਲੀ ਦੇ ਕੇਸ, ਲੇਬਰ ਅਤੇ ਰੁਜ਼ਗਾਰ ਝਗੜਿਆਂ ਦੇ ਕੇਸ, ਬਿਜਲੀ, ਪਾਣੀ ਦੇ ਬਿੱਲਾਂ ਅਤੇ ਹੋਰ ਬਿੱਲਾਂ ਦੇ ਭੁਗਤਾਨ ਦੇ ਕੇਸ (ਨਾਨ-ਕੰਪਾਊਂਡੇਬਲ ਨੂੰ ਛੱਡ ਕੇ), ਰੱਖ-ਰਖਾਅ ਦੇ ਕੇਸ, ਹੋਰ ਫੌਜਦਾਰੀ ਕੰਪਾਊਂਡੇਬਲ ਕੇਸ ਅਤੇ ਹੋਰ ਦੀਵਾਨੀ ਝਗੜੇ ਅਤੇ ਅਦਾਲਤਾਂ ਵਿੱਚ ਲੰਬਿਤ ਕੇਸਾਂ ਨਾਲ ਸਬੰਧਤ ਟ੍ਰਿਬਿਊਨਲ ਜਿਵੇਂ ਕਿ ਕ੍ਰਿਮੀਨਲ ਕੰਪਾਊਂਡੇਬਲ ਓਫੈਂਸ, ਚੈੱਕ ਬਾਊਂਸ ਕੇਸ, ਮਨੀ ਰਿਕਵਰੀ ਕੇਸ, ਐਮਏਸੀਟੀ ਕੇਸ, ਲੇਬਰ ਅਤੇ ਰੁਜ਼ਗਾਰ ਝਗੜੇ ਦੇ ਕੇਸ, ਬਿਜਲੀ, ਪਾਣੀ ਦੇ ਬਿੱਲ ਅਤੇ ਹੋਰ ਬਿੱਲ ਭੁਗਤਾਨ ਕੇਸ (ਨਾ-ਕੰਪਾਊਂਡੇਬਲ ਨੂੰ ਛੱਡ ਕੇ), ਵਿਆਹੁਤਾ ਝਗੜੇ (ਤਲਾਕ ਨੂੰ ਛੱਡ ਕੇ), ਜ਼ਮੀਨ ਗ੍ਰਹਿਣ ਮਾਮਲੇ ( ਸਿਵਲ ਅਦਾਲਤਾਂ/ਟ੍ਰਿਬਿਊਨਲਾਂ ਅੱਗੇ ਲੰਬਿਤ), ਤਨਖ਼ਾਹ ਅਤੇ ਭੱਤਿਆਂ ਅਤੇ ਸੇਵਾਮੁਕਤੀ ਲਾਭਾਂ, ਮਾਲ ਕੇਸਾਂ ਆਦਿ ਨਾਲ ਸਬੰਧਤ ਕੇਸਾਂ ਲਈ ਨੈਸਨਲ ਲੋਕ ਅਦਾਲਤ ਦਾ ਆਯੋਜਨ ਮਿਤੀ 10.5.2025 ਨੂੰ ਜ਼ਿਲ੍ਹਾ ਪਟਿਆਲਾ ਵਿੱਚ ਕੀਤਾ ਜਾਵੇਗਾ। ਇਸ ਮੰਤਵ ਲਈ ਪਟਿਆਲਾ, ਰਾਜਪੁਰਾ, ਸਮਾਣਾ ਅਤੇ ਨਾਭਾ ਵਿਖੇ ਨਿਆਂਇਕ ਅਦਾਲਤਾਂ ਦੇ ਬੈਂਚਾਂ ਦਾ ਗਠਨ ਕੀਤਾ ਜਾਵੇਗਾ।

ਸੀਜੇਐਮ ਅਤੇ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਅਮਨਦੀਪ ਕੰਬੋਜ, ਨੇ ਦੱਸਿਆ ਕਿ ਲੋਕ ਅਦਾਲਤਾਂ ਦਾ ਮੁੱਢਲਾ ਉਦੇਸ਼ ਸਮਝੌਤਿਆਂ ਰਾਹੀਂ ਝਗੜਿਆਂ ਨੂੰ ਸੁਲਝਾਉਣਾ ਹੈ। ਇਸ ਦਾ ਉਦੇਸ਼ ਸ਼ਾਮਲ ਪਾਰਟੀਆਂ ਲਈ ਸਮਾਂ ਅਤੇ ਪੈਸਾ ਬਚਾਉਣਾ ਅਤੇ ਉਹਨਾਂ ਵਿਚਕਾਰ ਨਿੱਜੀ ਦੁਸ਼ਮਣੀ ਨੂੰ ਘਟਾਉਣਾ ਹੈ। ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਗੈਰ-ਕੰਪਾਊਂਡੇਬਲ ਅਪਰਾਧਿਕ ਕੇਸਾਂ ਨੂੰ ਛੱਡ ਕੇ, ਹਰ ਕਿਸਮ ਦੇ ਕੇਸ, ਇੱਥੋਂ ਤੱਕ ਕਿ ਮੁਕੱਦਮੇਬਾਜ਼ੀ ਤੋਂ ਪਹਿਲਾਂ ਦੇ ਪੜਾਅ ’ਤੇ ਵੀ, ਲੋਕ ਅਦਾਲਤਾਂ ਵਿੱਚ ਸੁਲਝਾਉਣਯੋਗ ਨਿਪਟਾਰੇ ਲਈ ਪੇਸ਼ ਕੀਤੇ ਜਾ ਸਕਦੇ ਹਨ । ਅਮਨਦੀਪ ਕੰਬੋਜ ਨੇ ਅੱਗੇ ਦੱਸਿਆ ਕਿ ਜਦੋਂ ਲੋਕ ਅਦਾਲਤ ਵਿੱਚ ਕਿਸੇ ਕੇਸ ਦਾ ਨਿਪਟਾਰਾ ਕੀਤਾ ਜਾਂਦਾ ਹੈ, ਤਾਂ ਅਵਾਰਡ ਅੰਤਿਮ ਬਣ ਜਾਂਦਾ ਹੈ ਅਤੇ ਇਸਦੇ ਵਿਰੁੱਧ ਕੋਈ ਅਪੀਲ ਨਹੀਂ ਹੁੰਦੀ। ਇਸ ਤੋਂ ਇਲਾਵਾ ਧਿਰਾਂ ਦੁਆਰਾ ਅਦਾ ਕੀਤੀ ਕੋਈ ਵੀ ਅਦਾਲਤੀ ਫੀਸ ਵਾਪਸ ਕਰ ਦਿੱਤੀ ਜਾਂਦੀ ਹੈ ਅਤੇ ਵਿਵਾਦ ਵਾਲੀਆਂ ਧਿਰਾਂ ਆਪਸੀ ਸਹਿਮਤੀ ਵਾਲੀਆਂ ਸ਼ਰਤਾਂ ਦੇ ਅਧਾਰ ਤੇ ਆਪਣੇ ਵਿਵਾਦ ਦਾ ਤੇਜ਼ੀ ਨਾਲ ਹੱਲ ਪ੍ਰਾਪਤ ਕਰਦੀਆਂ ਹਨ ਅਤੇ ਦੋਵਾਂ ਪਾਰਟੀਆਂ ਲਈ ਜਿੱਤ ਦੀ ਸਥਿਤੀ ਬਣਦੀ ਹੈ। ਇਸ ਤਰ੍ਹਾਂ, ਲੋਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪਣੇ ਵਿਵਾਦਾਂ ਨੂੰ ਆਉਣ ਵਾਲੀ ਨੈਸਨਲ ਲੋਕ ਅਦਾਲਤ ਅੱਗੇ ਪੇਸ਼ ਕਰਨ ਤਾਂ ਜੋ ਉਨ੍ਹਾਂ ਦੇ ਕੀਮਤੀ ਸਮੇਂ ਅਤੇ ਮਿਹਨਤ ਦੀ ਕਮਾਈ ਦੀ ਬਚਤ ਕੀਤੀ ਜਾ ਸਕੇ। ਇਸ ਮੰਤਵ ਲਈ, ਲੋਕ ਅਦਾਲਤ ਰਾਹੀਂ ਨਿਪਟਾਰੇ ਲਈ ਇੱਛੁਕ ਹਰ ਮੁਕੱਦਮਾਕਾਰ ਸੰਬੰਧਤ ਅਦਾਲਤ ਦੇ ਪ੍ਰੀਜ਼ਾਈਡਿੰਗ ਅਫ਼ਸਰ ਨੂੰ ਬੇਨਤੀ ਕਰ ਸਕਦਾ ਹੈ ਜਿੱਥੇ ਉਸਦਾ ਕੇਸ ਲੰਬਿਤ ਹੈ। ਇੱਥੋਂ ਤੱਕ ਕਿ ਕੰਪਾਊਂਡੇਬਲ ਕ੍ਰਿਮੀਨਲ ਕੇਸਾਂ ਵਿੱਚ ਵੀ ਪਾਰਟੀ ਲੋਕ ਅਦਾਲਤ ਵਿੱਚ ਮਾਮਲਾ ਰੱਖਣ ਲਈ ਅਰਜ਼ੀ ਭੇਜ ਸਕਦੀ ਹੈ। ਪ੍ਰੀ-ਲਿਟੀਗੇਟਿਵ ਕੇਸਾਂ ਦੇ ਮਾਮਲੇ ਵਿੱਚ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਨੂੰ ਬੇਨਤੀ ਕੀਤੀ ਜਾ ਸਕਦੀ ਹੈ। ਹੋਰ ਵਿਸਤ੍ਰਿਤ ਜਾਣਕਾਰੀ ਵੈਬਸਾਈਟ ਡਬਲਿਊ ਡਬਲਿਊਡਬਲਿਊਡਾਟ ਪਲਸਾ ਡਾਟਗੋਵਡਾਟਇਨ ਜਾਂ ਐਨਏਐਲ ਐਸਏ ਹੈਲਪਲਾਈਨ ਨੰਬਰ 15100 ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਸੰਪਰਕ ਨੰਬਰ 0175-2306500 ਤੋਂ ਲਈ ਜਾ ਸਕਦੀ ਹੈ ।

ਸ਼ਬਦੋ ਵਣਜਾਰਿਓ

# ਸਰਾਫ਼



ਪਰਮਜੀਤ ਢੀਂਗਰਾ
94173-58120

ਵੱਡੇ-ਵੱਡੇ ਸ਼ਹਿਰਾਂ ਵਿਚ ਜੌਹਰੀ ਬਜ਼ਾਰਾਂ ਵਾਂਗ ਸਰਾਫ਼ਾ ਬਜ਼ਾਰ ਵੀ ਹੁੰਦੇ ਹਨ ਜਿੱਥੇ ਆਮ ਤੌਰ ’ਤੇ ਸੋਨੇ, ਚਾਂਦੀ ਦੇ ਗਹਿਣਿਆਂ ਦਾ ਕਾਰੋਬਾਰ ਹੁੰਦਾ ਹੈ। ਮੂਲ ਰੂਪ ਵਿਚ ਇਹ ਅਰਬੀ ਜ਼ੁਬਾਨ ਦਾ ਸ਼ਬਦ ਹੈ। ਇਸ ਦੀ ਧਾਤੂ ਸਰ-ਫ਼ ਹੈ ਜਿਸ ਵਿਚ ਭੁਗਤਾਨ ਅਤੇ ਵਿਕਰੀ ਦੇ ਭਾਵ ਜੁੜੇ ਹੋਏ ਹਨ। ਇਸ ਤੋਂ ਹੀ ਸਰਾਫ਼ ਸ਼ਬਦ ਬਣਿਆ ਜਿਸ ਦਾ ਅਰਥ ਹੈ-ਰੁਪਏ, ਗਹਿਣੇ, ਸੋਨੇ, ਚਾਂਦੀ ਦੇ ਭਾਂਡੇ, ਜ਼ੇਵਰਾਤ ਆਦਿ ਦਾ ਲੈਣ ਦੇਣ ਕਰਨ ਵਾਲਾ। ਨੋਟਾਂ ਦੇ ਬਦਲੇ ਛੋਟੇ ਨੋਟ ਬਦਲਣ ਵਾਲਾ। ਅਰਬੀ ਵਿਚ ਸਰਾਫ਼ ਦਾ ਇਕ ਰੂਪ ਸੈਰਾਫ਼ ਵੀ ਹੈ।

ਫ਼ਾਰਸੀ ਕੋਸ਼ਾਂ ਅਨੁਸਾਰ-ਸਰਾਫ਼ ਦਾ ਅਰਥ ਹੈ-ਪਰਖਣ ਵਾਲਾ, ਪਾਰਖੂ, ਚਾਂਦੀ, ਸੋਨਾ, ਅਸ਼ਰਫੀਆਂ ਆਦਿ ਪਰਖਣ ਵਾਲਾ, ਸੋਨੇ ਚਾਂਦੀ ਦਾ ਵਪਾਰੀ, ਵਿਆਕਰਣ ਦਾ ਅਚਾਰੀਆ। ਸ਼ਰਾਫ਼ਤ-ਸੋਨੇ ਚਾਂਦੀ ਦੀ ਪਰਖ। ਨਿਰੁਕਤ ਕੋਸ਼ ਅਨੁਸਾਰ-ਸੋਨੇ ਚਾਂਦੀ ਦਾ ਪਾਰਖੂ, ਅਸੀਰੀ (ਸਾਮ ਦੇਸ਼ ਦੀ ਭਾਸ਼ਾ) ਸਰਾਫ਼ੀ, ਸਿੱਕਿਆਂ ਦਾ ਲੈਣ ਦੇਣ ਕਰਨ ਵਾਲਾ। ਪੰਜਾਬੀ ਕੋਸ਼ ਅਨੁਸਾਰ -ਸੋਨੇ, ਚਾਂਦੀ ਦੇ ਜ਼ੇਵਰ, ਬਰਤਨ ਆਦਿ ਬਣਾਉਣ ਜਾਂ ਵੇਚਣ ਵਾਲਾ, ਤੰਨਘੜ ਵੇਚਣ ਵਾਲਾ ਸੇਠ, ਮੰਨਿਆ ਪ੍ਰਮੰਨਿਆ ਵਿਅਕਤੀ, ਇੱਜ਼ਤਦਾਰ ਆਦਮੀ, ਪਤਵੰਤਾ, ਭਲਾਮਾਣਸ ਬੰਦਾ। ਸਰਾਫ਼ਾ-ਸਰਾਫ਼ ਦਾ ਪੇਸ਼ਾ, ਸਰਾਫ਼ਾਂ ਦਾ ਬਜ਼ਾਰ, ਸਰਾਫ਼ੀ- ਸਰਾਫ਼ੀ ਦਾ ਕੰਮ, ਸਰਾਫ਼ ਦਾ ਧੰਦਾ, ਮਹਾਜਨੀ ਲਿੱਪੀ, ਲੰਡੇ, ਟਾਕਰੇ ਆਦਿ। ਅਰਬ ਮੁਲਕਾਂ ਨਾਲ ਤਜਾਰਤੀ ਸਬੰਧਾਂ ਕਰਕੇ ਸਦੀਆਂ ਪਹਿਲਾਂ ਇਹ ਲਫ਼ਜ਼ ਭਾਰਤੀ ਜ਼ੁਬਾਨਾਂ ਵਿਚ ਸ਼ਾਮਲ ਹੋਇਆ। ਅਰਬੀ ਤੋਂ ਇਹ ਫ਼ਾਰਸੀ ਵਿਚ ਗਿਆ। ਤਕਰੀਬਨ ਇਕ ਹਜ਼ਾਰ ਵਰ੍ਹੇ ਪਹਿਲਾਂ ਪਾਰਸੀਆਂ ਨੇ ਫਾਰਸ ਅਥਵਾ ਇਰਾਨ ਤੋਂ ਪਲਾਇਨ ਕੀਤਾ ਅਤੇ ਹਿੰਦੋਸਤਾਨ ਦੇ ਪੱਛਮੀ ਤੱਟ ਅਥਵਾ ਗੁਜਰਾਤ ਵਿਚ ਪੜਾ ਕੀਤਾ। ਉਨ੍ਹਾਂ ਨੇ ਕਈ ਧੰਦਿਆਂ ਵਿਚ ਕੰਮਕਾਰ ਕੀਤਾ ਪਰ ਇਨ੍ਹਾਂ ’ਚੋਂ ਪ੍ਰਮੁੱਖ ਰੁਪਏ ਪੈਸੇ ਦਾ ਲੈਣ ਦੇਣ ਸੀ। ਗੁਜਰਾਤ ਵਿਚ ਸਰਾਫ਼ ਉਪ ਨਾਮ ਵਜੋਂ ਵੀ ਪ੍ਰਚਲਤ ਹੈ। ਇਹ ਪਾਰਸੀਆਂ ਅਤੇ ਹਿੰਦੂਆਂ ਦੋਹਾਂ ਵਿਚ ਮਿਲਦਾ ਹੈ। ਅਰਬੀ ਦੇ ਸਰਾਫ਼ ਦਾ ਅੰਗਰੇਜ਼ੀ ਉਚਾਰਣ ਸ਼ਰਾਫ਼ ਹੈ। ਹੁਣ ਇਹ ਨਾਂ ਦੁਨੀਆ ਵਿਚ ਪ੍ਰਚਲਤ ਹੋ ਗਿਆ ਹੈ। ਹਿਬਰੂ ਵਿਚ ਸਰ-ਫ਼ੱ ਧਾਤੂ ਤੋਂ ਬਣਿਆ ਸ਼ਬਦ ਸੋਰੇਫ ਪ੍ਰਚਲਤ ਹੈ ਜਿਸ ਦਾ ਅਰਥ ਹੈ-ਸੋਨੇ ਦਾ ਵਪਾਰੀ ਅਥਵਾ ਸੁਨਿਆਰਾ।

ਚੀਨ ਵਿਚ ਵੀ ਇਹ ਅੰਗਰੇਜ਼ੀ ਸ਼ਬਦ ਪ੍ਰਚਲਤ ਰਿਹਾ ਹੈ। ਚੀਨ ਦੇ ਕੈਂਟਨ ਵਿਚ ਸ਼ਰਾਫਿੰਗ ਸਕੂਲ ਚਲਦੇ ਸਨ ਜਿੱਥੇ ਲੈਣ ਦੇਣ ਸਬੰਧੀ ਸਿਖਲਾਈ ਦਿੱਤੀ ਜਾਂਦੀ ਸੀ। ਅਰਬੀ ਵਿਚ ਇਕ ਸ਼ਬਦ ਹੈ-ਮਸਰਿਫ਼- ਜਿਸ ਦਾ ਅਰਥ ਹੈ ਵਿੱਤੀ ਲੈਣ ਦੇਣ। ਅੱਜ ਇਸ ਦਾ ਅਰਥ ਬੈਂਕ ਹੋ ਗਿਐ। ਇਹ ਵੀ ਇਸੇ ਕੜੀ ਦਾ ਹੀ ਸ਼ਬਦ ਹੈ। •

## ਗ਼ਜ਼ਲਾਂ



ਕੁਲਵਿੰਦਰ ਵਿਰਕ
78146-54133

ਬਲਦੇ ਰਹਿਣ ਚਿਰਾਗ਼ ਕਿ
ਬਲਦੇ ਹੀ ਸੋਂਹਦੇ ਨੇ।
ਮੱਘਦੇ ਰਹਿਣ ਅੱਖਰ ਕਿ
ਮੱਘਦੇ ਹੀ ਸੋਂਹਦੇ ਨੇ।

ਲੱਗਣ ਮਹਿਫ਼ਲਾਂ ਤੇ
ਮਿਲਣ ਮਿੱਤਰ ਪਿਆਰੇ
ਲੱਗਦੇ ਰਹਿਣ ਮੇਲੇ ਕਿ
ਲੱਗਦੇ ਹੀ ਸੋਂਹਦੇ ਨੇ।

ਨਾ ਮੁੱਕਣ ਜਜ਼ਬਾਤ ਕਦੇ
ਨਾ ਹੀ ਰੁਕਣ ਕਲਮਾਂ
ਫਲਦੇ ਰਹਿਣ ਖ਼ਿਆਲ ਕਿ
ਫਲਦੇ ਹੀ ਸੋਂਹਦੇ ਨੇ।

ਪਹਿਨ ਕੇ ਬਾਣੇ ਰਹਿਣ
ਤਿਆਰ ਸਦਾ ‘ਸਰਦਾਰ’
ਵੱਜਦੇ ਰਹਿਣ ਨਗਾਰੇ ਕਿ
ਵੱਜਦੇ ਹੀ ਸੋਂਹਦੇ ਨੇ।

ਗਾਉਣ ਕਲੀਆਂ ਛਣਕਾਰ
ਤੇ ਲਾਉਣ ਯਾਰੋ ਹੇਕਾਂ
ਵੱਜਣ ਸਾਜ਼ ਸੁਹਾਵਣੇ ਕਿ
ਵੱਜਦੇ ਹੀ ਸੋਂਹਦੇ ਨੇ।

ਨਾ ਭੁੱਲੇ ਧੂੜ ਰਾਹਵਾਂ ਦੀ
ਨਾ ਟੁੱਟੇ ਡੋਰ ਸਾਹਵਾਂ ਦੀ
ਚਲਦੇ ਰਹਿਣ ਰਾਹੀ
ਕਿ ਚਲਦੇ ਹੀ ਸੋਂਹਦੇ ਨੇ।

ਔੜ ਰਹੇ ਨਾ ਜਾਰੀ
ਹਰੀ ਹੋਵੇ ਇਹ ਧਰਤ ਸਾਰੀ
ਵਗਦੇ ਰਹਿਣ ਦਰਿਆ ਕਿ
ਵਗਦੇ ਹੀ ਸੋਂਹਦੇ ਨੇ।

ਧੀ-ਪੁੱਤ ਨੂੰ ਮਿਲੇ ਖ਼ੁਸ਼ੀ ਨਾ
ਕਰੇ ਕਿਸਾਨ ਖ਼ੁਦਕੁਸ਼ੀ
ਭਰ ਦੇ ਰਹਿਣ ਭੰਡਾਰ ਕਿ
ਭਰਦੇ ਹੀ ਸੋਂਹਦੇ ਨੇ।



ਜਗਤਾਰ ਪੱਖੋ
94651-96946

ਫੁੱਲਾਂ ਵਾਂਗੂ ਹੁਣ ਤਾਂ ਯਾਰੋ
ਹੱਸਣ ਨੂੰ ਦਿਲ ਕਰਦਾ ਹੈ।
ਬੁੱਲ੍ਹੇ ਵਾਂਗੂ ਧਮਾਲ ਪਾ ਕੇ
ਨੱਚਣ ਨੂੰ ਦਿਲ ਕਰਦਾ ਹੈ।

ਜਿਸ ਦੇ ਨਾਲ ਨਿਰੰਤਰ ਚਲਦੀ
ਸਰਗਮ ਸਾਡੇ ਸਾਹਾਂ ਦੀ,
ਉਸ ਦੇ ਬਾਰੇ ਰੌਲਾ ਪਾ ਕੇ
ਦੱਸਣ ਨੂੰ ਦਿਲ ਕਰਦਾ ਹੈ।


ਉਸ ਦੇ ਕੋਮਲ ਅਹਿਸਾਸਾਂ ਨੂੰ
ਹੋਰ ਨਾ ਕੋਈ ਮਾਣ ਸਕੇ,
ਦਿਲ ਦੇ ਕੋਨੇ ਵਿਚ ਛੁਪਾ ਕੇ
ਰੱਖਣ ਨੂੰ ਦਿਲ ਕਰਦਾ ਹੈ।

ਜਿੱਥੇ ਸਾਡਾ ਪਿਆਰਾ ਵਸਦਾ
ਘਰ ਉਹ ਜੰਨਤ ਵਰਗਾ ਹੈ,
ਚੋਰੀ-ਚੋਰੀ ਤਾਕੀ ਰਾਹੀਂ
ਤੱਕਣ ਨੂੰ ਦਿਲ ਕਰਦਾ ਹੈ।

ਉਸ ਦੇ ਨੈਣਾਂ ਵਿਚ ਤਾਂ ਯਾਰੋ
ਇਕ ਸਮੁੰਦਰ ਸ਼ਾਂਤ ਜਿਹਾ,
ਨੀਲੇ-ਨੀਲੇ ਸਾਗਰ ਦੇ ਵਿਚ
ਵੱਸਣ ਨੂੰ ਦਿਲ ਕਰਦਾ ਹੈ।

ਅੱਖਾਂ ਦੇ ਉਹ ਸਾਹਵੇਂ ਆ ਕੇ
ਖ਼ੁਦ ਹੀ ਆਪ ਖਲੋ ਜਾਵੇ,
ਇਸ਼ਕੇ ਦੇ ਵਿਚ ਹੱਦਾਂ ਬੰਨੇ
ਟੱਪਣ ਨੂੰ ਦਿਲ ਕਰਦਾ ਹੈ।

ਹਾਸਾ ਕਲਕਲ ਵਰਗਾ ਸੱਚੀਂ
ਚਿਹਰੇ ਉੱਤੇ ਨੂਰ ਬੜਾ,
‘ਪੱਖੋ’ ਸ਼ੋਖ ਅਦਾਵਾਂ ਤਾਈਂ
ਲੁੱਟਣ ਨੂੰ ਦਿਲ ਕਰਦਾ ਹੈ।



ਡਾ. ਜਸਵੀਰ ਕੌਰ ਭੱਲਮਾਜਰਾ
98157-32852

ਮਹਿਫ਼ਿਲ ’ਚ ਬਹਿ ਕੇ
ਹੋਸ਼ ’ਚ ਰਹਿਣਾ ਕੇਹਾ ਝੱਲ ਸੀ।
ਮੈਖ਼ਾਨੇ ਅੰਦਰ ਸਾਕੀ ਦਾ
ਹੋਣਾ ਤਾਂ ਆਮ ਗੱਲ ਸੀ।

ਕਾਹਤੋਂ ਰੁੱਸ ਕੇ ਜਾ ਬੈਠਿਆ
ਤੂੰ ਮਾਰ ਉਡਾਰੀਆਂ,
ਦੱਸ ਜਾਂਦਾ ਸਾਡੀ ਖ਼ਤਾ
ਐਡੀ ਕਿਹੜੀ ਗੱਲ ਸੀ।

ਚਰਖਾ ਗ਼ਮਾਂ ਵਾਲਾ ਦੱਸ
ਕਿਵੇਂ ਕੱਤਦੀ ਨਿਮਾਣੀ ਜਿੰਦ?
ਟੋਕਰਾ ਸੀ ਪੂਣੀਆਂ ਦਾ
ਤੰਦ ਪਾਉਣ ਦਾ ਨਾ ਬਲ ਸੀ।

ਖ਼ੁਸ਼ੀਆਂ ਤਕ ਵੀ ਪਹੁੰਚ ਹੀ
ਜਾਣਾ ਸੀ ਜਿਵੇਂ-ਕਿਵੇਂ ਮੈਂ,
ਠੀਕ ਉਦੋਂ ਹੀ ਗ਼ਮਾਂ ਨੇ ਲਿਆ
ਰਾਹ ਮੇਰਾ ਮੱਲ ਸੀ।

ਵਫ਼ਾ ਪੁਗਾਉਣੀ ਤਾਂ ਹੁਣ
ਰਾਂਝੇ ਦੇ ਹੀ ਹੱਥ ’ਚ ਸੀ,
ਹੀਰ ਨੇ ਤਾਂ ਕਬੂਤਰ ਹੱਥ
ਸੁਨੇਹਾ ਦਿੱਤਾ ਘੱਲ ਸੀ।

ਮਾਫ਼ ਕਰੀਂ ਤੂੰ ਸੱਜਣਾ
ਨਿਭਾਈਆਂ ਰੀਤਾਂ ਜਗ ਦੀਆਂ,
ਦਿਲ ਦੇ ਦਰਵਾਜ਼ੇ ਢੋਹ ਲਏ,
ਹੋਰ ਨਾ ਕੋਈ ਹੱਲ ਸੀ।

ਅਜੇ ਤਕ ਵੀ ਉਹ ਘਿਰਿਆ ਸੀ
ਆਪਣਿਆਂ ਦੇ ਝੁਰਮਟ ’ਚ,
ਤੇ ਅਜੇ ਤਕ ਵੀ ਮੇਰੀ ਝੋਲੀ
ਉਹੀ ਸਦੀਵੀ ਇਕੱਲ ਸੀ।

## ਦੋਹੇ



ਸਵਰਨਦੀਪ ਸਿੰਘ ਨੂਰ
75891-19192

ਬੰਦ ਕੀਤੇ ਕੰਨ ਹਾਕਮਾਂ, ਹੋਈ ਚੁੱਪ ਜ਼ੁਬਾਨ।
ਰੱਬ ਦੇ ਵਿਹੜੇ ਬੈਠ ਕੇ, ਮਨ ਦੀ ਕਰੇ ਸ਼ੈਤਾਨ।

ਹੂਕ ਧਰਤ ਨੂੰ ਚੀਰਿਆ ਤੇ ਕੰਬ ਗਿਆ ਅਸਮਾਨ।
ਉਸ ’ਤੇ ਕੋਈ ਅਸਰ ਨਾ, ਰੂਹ ਬਣੀ ਸ਼ਮਸ਼ਾਨ।

ਧੀਆਂ ਦੇ ਕਿਉਂ ਕੀਰਨੇ, ਸੀਨੇ ਪਾਉਣ ਨਾ ਸੱਲ।
ਤਖ਼ਤਾਂ ਦਿਆ ਪੁਜਾਰੀਆ, ਕਿਉਂ ਨਾ ਕੱਢੇ ਹੱਲ।

ਜ਼ਰਾ-ਜ਼ਰਾ ਡੁਸਕਦਾ, ਕੋਸੇ ਹੰਝੂ ਕੇਰ।
ਇਹ ਭਾਣਾ ਨਾ ਵਾਪਰੇ, ਧਰਤੀ ਉੱਤੇ ਫੇਰ।

ਦੱਸ ਇਹ ਧੀਆਂ-ਧਿਆਣੀਆਂ, ਕਿੱਥੇ ਲਵਾਂ ਲੁਕਾਅ।
ਹਵਸਾਂ ਦਿਆ ਪੁਜਾਰੀਆ, ਨਾ ਇਹ ਕਹਿਰ ਕਮਾਅ।

ਜੇਕਰ ਤੂੰ ਵੀ ਹਾਕਮਾਂ, ਹੁੰਦਾ ਧੀ ਦਾ ਬਾਪ।
ਰੂਹ ਤੇਰੀ ਕੁਰਲਾਂਵਦੀ, ਵੇਖ ਕੇ ਐਡਾ ਪਾਪ।

ਗੁਰੂਆਂ ਪੀਰਾਂ ਵਾਲੜੀ, ਧਰਤੀ ਲਹੂ ਲੁਹਾਨ।
ਜ਼ਹਿਰ ਹਵਾਵਾਂ ਵਿਚ ਤੇ ਧੁੱਪਾਂ ਬੇਈਮਾਨ।

ਮਾਣ ਰਿਹਾ ਨਾ ਦੇਸ਼ ’ਤੇ, ਨਾ ਮਰਦ ਹੋਣ ਦਾ ਮਾਣ।
ਆਪਣੀ ਧੀ ਦੀ ਅੱਖ ’ਚੋਂ, ਵੱਜਣ ਰੋਹਲੇ ਬਾਣ।

ਲੋਅ ਬੁਝ ਨਾ ਜਾਏ ਸੱਚ ਦੀ, ਪਸਰ ਨਾ ਜਾਏ ਹਨੇਰ।
ਆਉ ਮਸ਼ਾਲਾਂ ਬਾਲੀਏ, ਹੋ ਨਾ ਜਾਵੇ ਦੇਰ।

# ਸਾਦ-ਮੁਰਾਦਾ ਨਾਵਲਕਾਰ ਜੀਤ ਸਿੰਘ ਸੰਧੂ



ਹਰਵਿੰਦਰ ਬਿਲਾਸਪੁਰ
98149-07020

ਨਾਵਲਕਾਰ ਜੀਤ ਸਿੰਘ ਸੰਧੂ ਨੂੰ ਭਾਵੇਂ ਘਰ ਦੇ ਆਰਥਿਕ ਹਾਲਾਤਾਂ ਨੇ ਜ਼ਿਆਦਾ ਪੜ੍ਹਾਈ ਲਿਖਾਈ ਦਾ ਮੌਕਾ ਨਹੀਂ ਦਿੱਤਾ ਪਰ ਉਸ ਦੀ ਮਾਂ ਪੜ੍ਹੀ-ਲਿਖੀ ਔਰਤ ਸੀ। ਜਿਸ ਨੇ ਉਸ ਨੂੰ ਪੜ੍ਹਨ ਦੀ ਚੇਟਕ ਬਚਪਨ ਵਿਚ ਹੀ ਲਾ ਦਿੱਤੀ। ਛੋਟੇ ਉਮਰੇ ਸਕੂਲੀ ਪੜ੍ਹਾਈ ਵਿਚ ਛੱਡ ਕੇ ਹਲ਼ ਦੀ ਮੁੰਨੀ ਫੜਨੀ ਪੈ ਗਈ ਪਰ ਉਹ ਉਸ ਵੇਲੇ ਛਪਦੇ ਪੰਜਾਬੀ ਦੇ ਚਿੱਠੇ ਲਿਆ ਕੇ ਪੜ੍ਹਦਾ ਰਿਹਾ। ਵੱਡੇ ਹੋਣ ਦੇ ਨਾਲ-ਨਾਲ ਉਸ ਦਾ ਪੜ੍ਹਨ ਦਾ ਸ਼ੌਕ ਘਟਿਆ ਨਹੀਂ ਸਗੋਂ ਵਧਦਾ ਹੀ ਗਿਆ। ਇਕ ਵਾਰ ਉਹ ਖੇਤਾਂ ’ਚੋਂ ਕੰਮ ਕਰਦਾ-ਕਰਦਾ ਸਿੱਧਾ ਫ਼ਰੀਦਕੋਟ ਕਿਤਾਬਾਂ ਖਰੀਦਣ ਚਲਿਆ ਗਿਆ ਉੱਥੇ ਜਾ ਕੇ ਦੁਕਾਨਦਾਰ ਪਾਸੋਂ ‘ਰਸ਼ੀਦੀ ਟਿੱਕਟ’ ਦੀ ਮੰਗ ਕੀਤੀ। ਦੁਕਾਨਦਾਰ ਨੇ ਉਸ ਦੇ ਮਿੱਟੀ ਨਾਲ ਲਿੱਬੜੇ-ਤਿੱਬੜੇ ਸਰੀਰ ਅਤੇ ਨੰਗੇ ਪੈਰਾਂ ਵੱਲ ਤੱਕਦਿਆਂ, ਅੱਗੇ ਵੱਲ ਹੱਥ ਕਰ ਦਿੱਤਾ ਕਿ ਡਾਕਘਰ ਵਿੱਚੋਂ ਮਿਲੇਗੀ। ਜਦ ਜੀਤ ਸਿੰਘ ਸੰਧੂ ਨੇ ਦੱਸਿਆ ਕਿ ਉਸ ਨੇ ਅੰਮ੍ਰਿਤਾ ਪ੍ਰੀਤਮ ਦੀ ਕਿਤਾਬ ‘ਰਸ਼ੀਦੀ ਟਿੱਕਟ’ ਲੈਣੀ ਹੈ ਤਾਂ ਦੁਕਾਨਦਾਰ ਸਮੇਤ ਓਥੇ ਖੜ੍ਹੇ ਹੋਰ ਦੋ ਤਿੰਨ ਆਦਮੀਆਂ ਨੇ ਵੀ ਉਸ ਵੱਲ ਹੈਰਾਨੀ ਨਾਲ ਤੱਕਿਆ। ਫਿਰ ਜਦ ਉਸ ਨੇ ਰੂਸੀ ਸਾਹਿਤ ਦੀਆਂ ਹੋਰ ਕਿਤਾਬਾਂ ਦੇ ਨਾਲ-ਨਾਲ ਲੈਨਿਨ ਬਾਰੇ ਵੀ ਇਕ ਕਿਤਾਬ ਖ਼ਰੀਦੀ ਤਾਂ ਉਸੇ ਵਕਤ ਦੁਕਾਨਦਾਰ ਤੇ ਉੱਥੇ ਖੜ੍ਹੇ ਵਿਅਕਤੀਆਂ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ।

ਜੀਤ ਸਿੰਘ ਸੰਧੂ ਨੂੰ ਪਤਾ ਵੀ ਨਾ ਲੱਗਾ ਕਿ ਕਦੋਂ ਪੜ੍ਹਨ ਦੀ ਇਸ ਇੱਛਾ ਵਿੱਚੋਂ ਲਿਖਣ ਦੀ ਉਸ ਅੰਦਰ ਕਰੂੰਬਲ ਫੁੱਟ ਪਈ। ਉਹ ਭਾਵੁਕ ਹੋਇਆ ਦੱਸਦਾ ਹੈ ਕਿ ਪਹਿਲਾ ਨਾਵਲ ‘ਵੈਰੀ ਹੋਇਆ ਜਹਾਨ’ ਉਸ ਨੇ ਮਾਂ ਦੇ ਜਿਉਂਦੇ ਜੀਅ ਲਿਖ ਦਿੱਤਾ ਸੀ ਪਰ ਅਫ਼ਸੋਸ ਕਿ ਉਸ ਦੇ ਛਪਣ ਤਕ ਮਾਂ ਦੁਨੀਆਂ ਤੋਂ ਰੁਖ਼ਸਤ ਹੋ ਚੁੱਕੀ ਸੀ। ਇਹ ਨਾਵਲ ਅੰਮ੍ਰਿਤਸਰ ਦੇ ਪ੍ਰਕਾਸ਼ਕ ਭਾਈ ਜਵਾਹਰ ਸਿੰਘ ਭਾਈ ਕਿਰਪਾਲ ਸਿੰਘ ਨੇ ਛਾਪਿਆ ਸੀ।

ਸੰਧੂ ਦਾ ਜਨਮ ਸੰਨ 1952 ਵਿਚ ਫ਼ਰੀਦਕੋਟ ਦੇ ਨਾਲ ਲੱਗਦੇ ਪਿੰਡ ਸਿੱਖਾਂ ਵਾਲੇ ਵਿਚ ਪਿਤਾ ਮੱਲਣ ਸਿੰਘ ਅਤੇ ਮਾਤਾ ਜੰਗੀਰ ਕੌਰ ਦੇ ਘਰ ਹੋਇਆ। ਕਾਫ਼ੀ ਜ਼ਮੀਨ ਹੋਣ ਦੇ ਬਾਵਜੂਦ, ਤੰਗੀਆਂ-ਤੁਰਸ਼ੀਆਂ ਨੇ ਸਾਰੀ ਉਮਰ ਉਸ ਦਾ ਪਿੱਛਾ ਨਹੀਂ ਛੱਡਿਆ। ਬੱਚਿਆਂ ਦੇ ਸੈਟਲ ਹੋਣ ਪਿੱਛੋਂ ਹੁਣ ਕਿਧਰੇ ਜਾ ਕੇ ਘਰ ਦੇ ਆਰਥਿਕ ਹਾਲਾਤ ਠੀਕ ਹੋਏ। ਉਂਜ ਉਹ ਇਸ ਗੱਲੋਂ ਬੇਹੱਦ ਸੰਤੁਸ਼ਟ ਹੈ ਕਿ ਪਹਿਲਾਂ ਘਰਵਾਲੀ ਅਤੇ ਹੁਣ ਉਸ ਦੇ ਪੁੱਤਰਾਂ ਅਤੇ ਦੋਨੋਂ ਨੂੰਹ ਰਾਣੀਆਂ ਜੋ ਸਕੀਆਂ ਭੈਣਾਂ ਹਨ, ਵੱਲੋਂ ਉਸ ਦੇ ਸਾਹਿਤਕ ਕਾਰਜਾਂ ਅਤੇ ਘਰ ਆਉਣ ਜਾਣ ਵਾਲੇ ਸਾਹਿਤਕ ਮਿੱਤਰਾਂ, ਸਨੇਹੀਆਂ ਪ੍ਰਤੀ ਕਦੇ ਮੱਥੇ ਵੱਟ ਨਹੀਂ ਪਾਇਆ ਗਿਆ। ਪਹਿਲੇ ਨਾਵਲ ਤੋਂ ਬਾਅਦ ਅਗਲੇ ਪੰਜ-ਛੇ ਨਾਵਲਾਂ ਬਾਰੇ ਉਹ ਚੁੱਪ ਧਾਰ ਲੈਂਦਾ ਹੈ। ਪ੍ਰਕਾਸ਼ਕ ਵੱਲੋਂ ਲਗਾਏ ਖ਼ਰਾਬ ਟਾਈਟਲਾਂ ਅਤੇ ਹੋਰ ਗ਼ਲਤੀਆਂ ਕਾਰਨ, ਉਹ ਇਨ੍ਹਾਂ ਦਾ ਜ਼ਿਕਰ ਕਰਨਾ ਮੁਨਾਸਿਬ ਨਹੀਂ ਸਮਝਦਾ। ਫਿਰ ਲਗਪਗ 2005 ਵਿਚ ਉਸ ਦਾ ਨਾਵਲ ‘ਪਿੱਪਲ ਵਾਲਾ ਮੋੜ’ ਆਇਆ। ਜਿਸ ਰਾਹੀਂ ਉਸ ਦੀ ਲਿਖਣ ਕਲਾ ਵਿਚ ਹੋਰ ਵੀ ਨਿਖਾਰ ਆਇਆ। ਉਸ ਤੋਂ ਬਾਅਦ ‘ਹੋਰ ਕੋਈ ਚਾਰਾ ਨਹੀਂ’, ‘ਦਿਨ ਚੜ੍ਹਨ ਤਕ’, ‘ਲੰਕਾ ਦਾਹ, ‘ਵੈਰੀ ਹੋਇਆ ਜਹਾਨ ਦਾ’ (ਸੋਧਿਆ ਰੂਪ), ‘ਸੂਲਾਂ ਦੀ ਨੋਕ ’ਤੇ’, ‘ਜ਼ਿੰਦਗੀ ਦਾ ਵਹਿਣ’, ‘ਬੁੱਕਲ ਦੇ ਸੱਪ’, ‘ਜੰਗ ਇਉਂ ਵੀ’ ਆਦਿ ਨਾਵਲ ਪ੍ਰਕਾਸ਼ਿਤ ਹੋ ਚੁੱਕੇ ਹਨ।

ਆਪਣੇ ਨਾਵਲਾਂ ਦੇ ਵਿਸ਼ੇ ਬਾਰੇ ਗੱਲ ਕਰਦਾ ਹੋਇਆ ਉਹ ਕਹਿੰਦਾ ਹੈ ਕਿ ਇਕ ਲੇਖਕ ਨੂੰ ਵਿਸ਼ਾ ਉਹੀ ਚੁਣਨਾ ਚਾਹੀਦਾ ਹੈ ਜਿਸ ਬਾਰੇ ਉਸ ਨੂੰ ਡੂੰਘਾਈ ਨਾਲ ਗਿਆਨ ਹੋਵੇ। ਇਸ ਲਈ ਉਸ ਦੇ ਸਾਰੇ ਨਾਵਲਾਂ ਦੇ ਵਿਸ਼ੇ ਉਸ ਸਮਾਜ ਦੇ ਹਨ ਜਿਸ ਵਿਚ ਉਹ ਰਹਿ ਰਿਹਾ ਹੈ। ਇਸ ਸਮਾਜ ਦੀਆਂ ਸਮੱਸਿਆਵਾਂ ਬਾਰੇ ਉਹ ਚੰਗੀ ਤਰ੍ਹਾਂ ਜਾਣਦਾ ਹੈ। ਉਸ ਦੇ ਨਾਵਲਾਂ ਵਿਚ ਆਲੇ-ਦੁਆਲੇ ਵਿਚਰ ਰਹੇ ਲੋਕਾਂ ਦੀ ਮਾਨਸਿਕਤਾ ਨੂੰ ਕਲਾਤਮਿਕ ਰੂਪ ਦਿੱਤਾ ਗਿਆ ਹੈ। ਉਹ ਕੋਈ ਭਰਮ-ਭੁਲੇਖਾ ਨਹੀਂ ਪੈਦਾ ਕਰਦਾ ਸਗੋਂ ਸਪਸ਼ਟ ਰੂਪ ਵਿਚ ਇਕ ਪਾਸੇ ਖੜ੍ਹ ਦਾ ਹੈ ਤੇ ਸਚਾਈ ਦੀ ਪ੍ਰਤੱਖ ਰੂਪ ਵਿਚ ਜਿੱਤ ਕਰਵਾਉਂਦਾ ਹੈ। ਉਹ ਸਮਾਜ ਨੂੰ ਅੰਦਰੋਂ-ਅੰਦਰੀ ਖਾ ਰਹੀਆਂ ਗ਼ਲਤ ਕਦਰਾਂ ਕੀਮਤਾਂ ਦਾ ਡਟ ਕੇ ਵਿਰੋਧ ਕਰਦਾ ਹੈ ਅਤੇ ਗ਼ਲਤ ਅਨਸਰਾਂ ਨੂੰ ਉਨ੍ਹਾਂ ਦੇ ਅੰਜਾਮ ਤਕ ਪਹੁੰਚਾਉਣ ਦੀ ਕੋਈ ਕਸਰ ਬਾਕੀ ਨਹੀਂ ਛੱਡਦਾ। ਉਹ ਚੇਤਨ ਰੂਪ ਵਿਚ ਮਾਨਵਵਾਦੀ ਹੈ ਪਰ ਸਮਝੌਤਾਵਾਦੀ ਨਹੀਂ। ਉਹ ਜ਼ੁਲਮੀ ਨੂੰ ਉਸ ਦੀ ਬਣਦੀ ਸਜ਼ਾ ਦੇ ਕੇ ਹੀ ਦਮ ਲੈਂਦਾ ਹੈ। ਵਿਸ਼ੇਸ਼ ਗੱਲ ਇਹ ਕਿ ਉਹ ਪਾਠਕ ਨੂੰ ਸ਼ੁਰੂ ਤੋਂ ਲੈ ਕੇ ਨਾਵਲ ਦੇ ਅੰਤ ਤਕ ਉਂਗਲ ਫੜਾ ਕੇ ਨਾਲ ਤੋਰੀ ਰੱਖਦਾ ਹੈ। ਉਸ ਦੇ ਨਾਵਲ ਪੜ੍ਹਦਿਆਂ ਪਾਠਕ ਨੂੰ ਬੋਰੀਅਤ ਮਹਿਸੂਸ ਨਹੀਂ ਹੁੰਦੀ, ਇਹੋ ਉਸ ਦੀ ਵੱਡੀ ਪ੍ਰਾਪਤੀ ਹੈ।



ਜੀਤ ਸਿੰਘ ਸੰਧੂ ਇੰਨਾ ਸਿੱਧਾ ਹੈ ਕਿ ਸਮਰੱਥ ਨਾਵਲਕਾਰ ਹੋਣ ਦੇ ਬਾਵਜੂਦ ਉਸ ਨੇ ਕਦੇ ਖ਼ੁਦ ਨੂੰ ਲੋਕਾਂ ’ਚ ਉਜਾਗਰ ਕਰਨ ਦਾ ਯਤਨ ਜਾਂ ਜਿਸ ਨੂੰ ਜੁਗਾੜ ਕਹਿੰਦੇ ਹਨ, ਨਹੀਂ ਕੀਤਾ...

ਉਹ ਏਨਾ ਸਿੱਧਾ-ਸਾਦਾ ਹੈ ਕਿ ਸਮਰੱਥ ਨਾਵਲਕਾਰ ਹੋਣ ਦੇ ਬਾਵਜੂਦ ਵੀ ਉਸ ਦੇ ਮਨ ਵਿਚ ਕਦੇ ਆਪਣੇ ਆਪ ਨੂੰ ਲੋਕਾਂ ਵਿਚ ਉਜਾਗਰ ਕਰਨ ਦੀ ਲਾਲਸਾ ਨਹੀਂ ਆਈ ਅਤੇ ਇਸ ਸਬੰਧੀ ਉਸ ਨੇ ਕਦੀ ਉਚੇਚਾ ਯਤਨ ਜਾਂ ਜਿਸ ਨੂੰ ਜੁਗਾੜ ਕਹਿੰਦੇ ਹਨ, ਨਹੀਂ ਕੀਤਾ। ਸ਼ਾਇਦ ਇਸੇ ਕਰਕੇ ਅੱਜ ਤਕ ਹੱਕਦਾਰ ਹੁੰਦੇ ਹੋਏ ਵੀ ਕਿਸੇ ਪਾਸਿਓਂ ਕੋਈ ਵੱਡਾ ਪੁਰਸਕਾਰ ਪ੍ਰਾਪਤ ਨਹੀਂ ਕਰ ਸਕਿਆ ਉਹ। ਹਾਂ, ਕੁਝ ਸਾਹਿਤਕ ਸੰਸਥਾਵਾਂ ਨੇ ਉਸ ਦੀ ਪ੍ਰਤਿਭਾ ਨੂੰ ਪਛਾਣ ਕੇ ਉਸ ਨੂੰ ਸਨਮਾਨਿਤ ਕੀਤਾ ਹੈ। ਥੋੜ੍ਹੇ ਦਿਨ ਪਹਿਲਾਂ ਹੀ ਅੰਤਰ-ਰਾਸ਼ਟਰੀ ਲੇਖਕ ਪਾਠਕ ਮੰਚ ਅਤੇ ਅਦਾਰਾ ਲੋਹਮਣੀ ਵੱਲੋਂ ਉਸ ਨੂੰ ਵਿਸ਼ੇਸ਼ ਤੌਰ ’ਤੇ ਸਨਮਾਨਿਤ ਕੀਤਾ ਗਿਆ।


ਉਹ ਆਪਣੀ ਲੇਖਣੀ ਦੇ ਸ਼ੁਰੂਆਤੀ ਦੌਰ ਵਿਚ ਬਾਪੂ ਕਾਮਰੇਡ ਸੁਰਜੀਤ ਗਿੱਲ , ਪ੍ਰਸਿੱਧ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ ਤੇ ਹੋਰ ਸਾਹਿਤਕ ਸ਼ਖ਼ਸੀਅਤਾਂ ਵੱਲੋਂ ਦਿੱਤੀ ਗਈ ਹੱਲਾਸ਼ੇਰੀ ਨੂੰ ਕਦੇ ਨਹੀਂ ਭੁਲਾਉਂਦਾ। ਕੁਝ ਇਕ ਜਿਗਰੀ ਦੋਸਤਾਂ ਬਾਰੇ ਉਹ ਮਿੱਠਾ-ਮਿੱਠਾ ਗਿਲਾ ਵੀ ਕਰਦਾ ਹੈ ਕਿ ਸਮਰੱਥ ਹੁੰਦੇ ਹੋਏ ਅਤੇ ਮੇਰੀਆਂ ਔਕੜਾਂ ਬਾਰੇ ਜਾਣਦੇ ਹੋਏ ਵੀ, ਕਦੇ ਮੇਰੀ ਯੋਗ ਸਹਾਇਤਾ ਬਾਰੇ ਨਹੀਂ ਸੋਚ ਸਕੇ। ਉਹ ਆਪਣੇ ਪਰਿਵਾਰ ਦਾ ਸ਼ੁਕਰਗੁਜ਼ਾਰ ਹੈ ਜਿਸ ਦੀ ਬਦੌਲਤ ਉਸ ਨੂੰ ਲਿਖਣ ਲਈ ਖੁੱਲ੍ਹਾ ਸਮਾਂ ਅਤੇ ਯੋਗ ਮਾਹੌਲ ਮਿਲ ਜਾਂਦਾ ਹੈ। •

# ਨਾਰੀ-ਕਾਵਿ ਸੰਵੇਦਨਾ ਦੀ ਵਿਆਖਿਆ

• ਜਸਵਿੰਦਰ ਦੂਹੜਾ
98723-36944

ਅਰਤਿੰਦਰ ਸੰਧੂ ਨੂੰ ਪੰਜਾਬੀ ਸਾਹਿਤ ਦੀ ਦੁਨੀਆ ਵਿਚ ਕਿਸੇ ਜਾਣ-ਪਛਾਣ ਦੀ ਜ਼ਰੂਰਤ ਨਹੀਂ। ਉਹ ਜਿੱਥੇ ਸੰਵੇਦਨਸ਼ੀਲ ਕਵਿਤਰੀ ਹੈ ਉੱਥੇ ਹੀ ਸੁਘੜ-ਸਿਆਣੀ ‘ਸਾਹਿਤਕ ਏਕਮ’ ਦੀ ਸੰਪਾਦਕ ਵੀ। ਉਸ ਦੀ ਸਖ਼ਤ ਮਿਹਨਤ ਅਤੇ ਸਾਧਨਾ ਕਰਕੇ ਏਕਮ ਦਾ ਹਰ ਅੰਕ ਸਾਂਭਣਯੋਗ ਅਤੇ ਮੁੱਲਵਾਨ ਹੁੰਦਾ ਹੈ। ਇਸ ਵਾਰੀ ਏਕਮ ਦਾ ਅੰਕ (ਅਪ੍ਰੈਲ-ਜੂਨ) ਪਿਛਲੇ ਅੰਕਾਂ ਦੇ ਮੁਕਾਬਲੇ ਵਧੀਆ ਹੀ ਨਹੀਂ ਬਲਕਿ ਅੰਦਾਜ਼ ਤੇ ਨਜ਼ਰੀਏ ਪੱਖੋਂ ਬੇਹੱਦ ਮੁੱਲਵਾਨ ਅਤੇ ਪ੍ਰਸ਼ੰਸਾਯੋਗ ਹੈ। ਇਹ ਅਡੀਸ਼ਨ ਨਾਰੀ ਕਾਵਿ ਵਿਸ਼ੇਸ਼ ਅੰਕ ਹੈ। ਇਸ ਵਿੱਚੋਂ ਬਿਨਾਂ ਸ਼ੱਕ ਅਰਤਿੰਦਰ ਸੰਧੂ ਦੀ ਮਿਹਨਤ, ਯੋਗਤਾ, ਅਤੇ ਸੂਝ-ਬੂਝ ਦਾ ਝਲਕਾਰਾ ਪੈਂਦਾ ਹੈ। ਉਸ ਨੇ 98 ਕਵਿਤਰੀਆਂ ਦੀਆਂ ਕਵਿਤਾਵਾਂ ਨੂੰ ਆਪਣੇ ਇਸ ਅੰਕ ਰਾਹੀਂ ਪ੍ਰਕਾਸ਼ਤ ਕੀਤਾ ਹੈ। ਆਪਣੀ ਉਮਰ ਅਤੇ ਤਜਰਬੇ ਨਾਲ ਪ੍ਰੌੜ੍ਹ ਹੋ ਚੁੱਕੀਆਂ ਕਵਿਤਰੀਆਂ ਦੇ ਨਾਲ-ਨਾਲ ਅਜੋਕੀ ਪੀੜ੍ਹੀ ਨੂੰ ਵੀ ਇਸ ਅੰਕ ਵਿਚ ਬਣਦਾ ਮਾਣ-ਸਤਿਕਾਰ ਦਿੱਤਾ ਹੈ। ਜੋ ਇਸ ਅੰਕ ਦੀ ਪ੍ਰਾਪਤੀ ਕਹੀ ਜਾ ਸਕਦੀ ਹੈ।

ਮੈਗਜ਼ੀਨ ਦੇ ਸੰਪਾਦਕੀ ਲੇਖ ਵਿਚ ਅਰਤਿੰਦਰ ਸੰਧੂ ਨੇ ਨਾਰੀ-ਕਾਵਿ ਅਤੇ ਕਵਿਤਰੀਆਂ ਬਾਰੇ ਬਹੁਤ ਹੀ ਖੋਜ ਭਰਪੂਰ ਲੇਖ ਲਿਖਿਆ ਹੈ। ਇਸ ਲੇਖ ਅਨੁਸਾਰ ਅੰਮ੍ਰਿਤਾ ਪ੍ਰੀਤਮ ਅਤੇ ਪ੍ਰਭਜੋਤ ਕੌਰ ਦੇ ਸਾਹਿਤਕ ਖੇਤਰ ਵਿਚ ਆਉਣ ਨਾਲ ਵੀਹਵੀਂ ਸਦੀ ਦੇ ਨਾਰੀ-ਕਾਵਿ ਦੇ ਨੈਣ-ਨਕਸ਼ ਉਭਰਦੇ ਹਨ। ਪਰ ਇਸ ਬਾਰੇ ਖੋਜ ਕਰਨ ’ਤੇ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਪੰਜਾਬੀ ਦੀ ਪਹਿਲੀ ਕਵਿਤਰੀ ‘ਪੀਰੋ ਪ੍ਰੇਮਣ ਸੀ। ਉਸ ਦੀਆਂ ਸਮਕਾਲੀ ਨੁਰੰਗ ਦੇਵੀ ਅਤੇ ਸਹਿਜੋ ਬਾਈ ਹਨ ਅਤੇ ਅਹ ਸੰਤ ਗੁਲਾਬ ਦਾਸ ਦੀਆ ਸ਼ਾਗਿਰਦ ਸਮਨ। ਇਨ੍ਹਾਂ ਕਵਿਤਰੀਆਂ ਦੀਆਂ ਰਚਨਾਵਾਂ ਦੇ ਵਿਸ਼ੇ ਧਾਰਮਿਕ ਵਿਰਤੀ ਵਾਲੇ ਸਨ। ਇੱਥੇ ਇਹ ਵੀ ਸੱਚ ਹੈ ਕਿ ਧਾਰਮਿਕ ਵਿਸ਼ੇ ਨਾਲ ਸਬੰਧਤ ਹੋਣ ਕਰਕੇ ਇਨ੍ਹਾਂ ਦੀ ਕਵਿਤਾ ਧਾਰਮਿਕ ਡੇਰਿਆਂ ਵਿਚ ਸਾਂਭੀ ਗਈ ਅਤੇ ਸਾਡੇ ਤਕ ਪਹੁੰਚੀ ਹੈ।




ਬੇਸ਼ੱਕ ਇਨ੍ਹਾਂ ਤੋਂ ਪਹਿਲਾਂ ਵੀ ਨਾਰੀ ਮਨ ਦੀ ਸੰਵੇਦਨਾ ਨਾਲ ਸਬੰਧਤ ਪੰਜਾਬੀ ਵਿਚ ਕਾਵਿ ਦੀਆਂ ਬਹੁਤ ਸਾਰੀਆਂ ਵੰਨਗੀਆਂ ਲੋਕ ਸਾਹਿਤ ਦੇ ਰੂਪ ਵਿਚ ਮੌਜੂਦ ਹਨ ਜੋ ਔਰਤ ਮਨ ਦੀ ਅਭਿਵਿਅਕਤੀ ਕਰਦੀਆਂ ਹਨ। ਪਰ ਇਨ੍ਹਾਂ ਰਚਨਾਵਾਂ ਦੀਆਂ ਰਚਨਹਾਰੀਆਂ ਦੇ ਨਾਂ ਨਹੀਂ ਮਿਲਦੇ ਇਸ ਲਈ ‘ਪੀਰੋ ਪ੍ਰੇਮਣ’ ਹੀ ਪੰਜਾਬੀ ਦੀ ਪਹਿਲੀ ਕਵਿਤਰੀ ਮੰਨੀ ਗਈ ਹੈ। ਉਸ ਦੀਆਂ ਰਚਨਾਵਾਂ ਗੁਲਾਬ ਦਾਸੀ ਪਰੰਪਰਾ ਅਧੀਨ ਰਹੀਆਂ ਮਿਲਦੀਆਂ ਹਨ। ਇਨ੍ਹਾਂ ਤੋਂ ਇਲਾਵਾ ਦਯਾ (ਦਇਆ) ਬਾਈ, ਲੱਛਮੀ ਦੇਵੀ, ਫ਼ਾਫਲ ਖਾਤੂਨ, ਜੀਵਨ ਖਾਤੂਨ ਨਿਰੰਮੀ, ਆਇਸ਼ਾ ਬੀਬੀ, ਮਖ਼ਫ਼ੀ, ਹਰਨਾਮ ਕੌਰ ਨਾਭਾ, ਜਗਜੀਤ ਕੌਰ, ਜਸਵੰਤ ਕੌਰ ਆਹਲੂਵਾਲੀਆ, ਜੋਗਿੰਦਰ ਕੌਰ, ਤਜਿੰਦਰ ਕੌਰ, ਮਨਜੀਤ ਮਾਧੁਰ, ਮਹਿੰਦਰ ਕੌਰ ਗਿੱਲ, ਸ਼ਰਨ ਮੱਕੜ, ਕੁਲਦੀਪ ਕਲਪਨਾ, ਮਨਜੀਤ ਟਿਵਾਣਾ, ਕੁਲਦੀਪ ਗਿੱਲ, ਮਨਜੀਤ ਪਾਲ ਕੌਰ ਆਦਿ ਕਵਿਤਰੀਆਂ ਬਾਰੇ ਸੰਪਾਦਕੀ ਲੇਖ ਵਿਚ ਖੋਜ ਭਰਪੂਰ ਜ਼ਿਕਰ ਕੀਤਾ ਗਿਆ ਹੈ। ਇਨ੍ਹਾਂ ਕਵਿਤਰੀਆਂ ਨੇ ਨਾਰੀ ਕਾਵਿ ਦੇ ਨੈਣ-ਨਕਸ਼ ਉਭਾਰਨ ਲਈ 18ਵੀ, 19ਵੀ ਸਦੀ ਵਿਚ ਆਪਣਾ-ਆਪਣਾ ਯੋਗਦਾਨ ਪਾਇਆ।

ਅਜੋਕੀ ਨਾਰੀ, ਆਪਣੀ ਪਹਿਲੀ ਪੀੜ੍ਹੀ ਨਾਲੋਂ ਕਿਤੇ ਜ਼ਿਆਦਾ ਜਾਗਰੂਕ ਹੈ। ਉਸ ਦੀ ਕਵਿਤਾ ਸਵੈ ਦੇ ਨਾਲ-ਨਾਲ ਆਪਣੇ ਆਲੇ-ਦੁਆਲੇ, ਰਿਸ਼ਤਿਆਂ ਦੇ ਟੁੱਟਣ-ਬਣਨ, ਮੁਹੱਬਤ ਅਤੇ ਸਮਾਜਿਕ ਘਟਨਾਵਾਂ ਦੀ ਵਿਆਖਿਆ ਕਰਦੀ ਹੈ। ਹੱਥਲੇ ਅੰਕ ਵਿਚ ਸ਼ਾਮਲ 98 ਕਵਿਤਰੀਆਂ ਦੀਆਂ ਕਵਿਤਾ ਨਾਰੀ ਜੀਵਨ ਦੇ ਨਾਲ-ਨਾਲ ਸਮਾਜ ਦੇ ਹਰ ਪਹਿਲੂ ਨਾਲ ਸਬੰਧ ਰੱਖਦੀ ਹੈ। ਇਨ੍ਹਾਂ ਰਚਨਾਵਾਂ ਵਿਚ ਨਾਰੀ-ਕਾਵਿ ਸੰਵੇਦਨਾ, ਸਮਾਜਿਕ ਤਾਨੇ-ਬਾਣੇ ਦੀ ਵਿਆਖਿਆ, ਵਸਲ, ਵਿਛੋੜੇ, ਦੁੱਖ-ਦਰਦ, ਵਿਰਾਗ ਆਦਿ ਬਹੁਤ ਸਾਰੇ ਹੋਰ ਰੰਗ ਮਿਲਦੇ ਹਨ। 19ਵੀ, 20ਵੀਂ ਤੇ 21ਵੀ ਸਦੀ ਦੀਆ ਇਨ੍ਹਾਂ ਕਵਿਤਰੀਆ ਨੇ ਔਰਤ ਦੀ ਤ੍ਰਾਸਦੀ ਤੇ ਸੰਵੇਦਨਾ ਨੂੰ ਆਪਣੀਆ ਰਚਨਾਵਾਂ ਰਾਹੀਂ ਸਮਾਜ ਦੇ ਦ੍ਰਿਸ਼ਟੀਗੋਚਰ ਕੀਤਾ ਹੈ। ਇਹ ਅਰਤਿੰਦਰ ਸੰਧੂ ਦੀ ਪ੍ਰਾਪਤੀ ਕਹੀ ਜਾ ਸਕਦੀ ਹੈ।

ਬੇਸ਼ੱਕ ਅਜੋਕੇ ਸਮੇਂ ਵਿਚ ਇਸ ਦੀਆਂ ਬੁਲੰਦੀਆਂ ਕਿਸੇ ਤੋਂ ਛੁਪੀਆਂ ਨਹੀਂ ਪਰ ਫਿਰ ਵੀ ਅਰਤਿੰਦਰ ਸੰਧੂ ਦੇ ਇਹ ਉਪਰਾਲੇ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਨਾਰੀ ਵਿਸ਼ੇਸ਼ ਅੰਕ ਦੇ ਅਧਿਐਨ ਤੋਂ ਬਾਅਦ ਇਹ ਗੱਲ ਭਲੀ-ਭਾਂਤੀ ਦ੍ਰਿਸ਼ਟੀਗੋਚਰ ਹੋ ਜਾਂਦੀ ਹੈ ਕਿ ਅਜੋਕੀ ਔਰਤ ਆਪਣਿਆਂ ਦੁੱਖਾਂ-ਦਰਦਾ ਦੇ ਨਾਲ-ਨਾਲ ਦੁਨੀਆ ਦੇ ਹੋਰ ਵੀ ਬਹੁਤ ਸਾਰੇ ਮਸਲਿਆ ਦੇ ਸਨਮੁੱਖ ਹੋ ਰਹੀ ਹੈ। ਏਕਮ ਦਾ ਇਹ ਅੰਕ ਨਾਰੀ ਕਾਵਿ ਦੇ ਇਤਿਹਾਸ ਵਿਚ ਮੀਲ ਪੱਥਰ ਬਣੇਗਾ। ਨਿਰਸੰਦੇਹ ਹੱਥਲਾ ਅੰਕ ਪੜ੍ਹਣ ਤੇ ਸਾਂਭਣਯੋਗ ਹੈ। •

## ਕਵਿਤਾਵਾਂ



ਗੁਰਮੀਤ ਕੜਿਆਲਵੀ
98726-40994

### ਚੱਲ ਮੁੜ ਚੱਲੀਏ

ਏਸ ਦਰਾਂ ਤੋਂ ਕੁਝ ਨਹੀਂ ਮਿਲਿਆ
ਚੱਲ ਮੁੜ ਚੱਲੀਏ
ਏਸ ਦਰਾਂ ਤੋਂ ਕੁਝ ਨਹੀਂ ਮਿਲਣਾ
ਚੱਲ ਮੁੜ ਚੱਲੀਏ।

ਧੱਕੇ-ਧੋੜੇ, ਲਾਰੇ ਮਿਲਣੇ
ਕੁਝ ਮਿੱਠੇ ਕੁਝ ਖਾਰੇ ਮਿਲਣੇ
ਚੁੱਕ ਨੀ ਹੋਣਾ ਭਾਰ ਜਿਨ੍ਹਾਂ ਦਾ
ਪਰਬਤ ਵਰਗੇ ਭਾਰੇ ਮਿਲਣੇ
ਚੱਲ ਮੁੜ ਚੱਲੀਏ।

ਰੰਗ-ਬਰੰਗੇ ਸੁਪਨੇ ਵੰਡਦੇ
ਇਹ ਦਰ ਆਪਣੇ ਹੀ ਢੰਗ ਦੇ
ਭੋਲੇ ਪੰਛੀ ਫਸ ਜਾਂਦੇ ਨੇ
ਸਿਆਣੇ ਇਸ ਰਾਹੋਂ ਨ੍ਹੀਂ ਲੰਘਦੇ
ਚੱਲ ਮੁੜ ਚੱਲੀਏ।

ਇਹ ਦਰ ਸ਼ਰਮ-ਹਯਾ ਤੋਂ ਖ਼ਾਲੀ
ਇਹ ਦਰ ਜ਼ਹਿਰੀ ਬਾਗ਼ ਦੇ ਮਾਲੀ
ਕਿੱਥੋਂ ਮੋਹ ਦੀ ਹਾਕ ਭਾਲਦੈਂ
ਇਸ ਦਰ ਅੰਦਰ ਜੀਭਾ ਕਾਲੀ
ਚੱਲ ਮੁੜ ਚੱਲੀਏ।

ਇਸ ਦਰ ਅਰਜ਼ ਨਾ ਹੂਕ ਸੁਣੇਂਦੀ
ਨਾ ਮਜ਼ਲੂਮ ਦੀ ਕੂਕ ਸੁਣੇਂਦੀ
ਇਸ ਉੱਚੇ ਦਰ ਜੇ ਕੁਝ ਸੁਣਦੈ
ਬੱਸ ਨਾਗਾਂ ਦੀ ਸ਼ੂਕ ਸੁਣੇਂਦੀ
ਚੱਲ ਮੁੜ ਚੱਲੀਏ।

ਵਕਤ ਰਹੇ ਮੁੜ ਜਾਣਾ ਚੰਗਾ
ਦਿਲ ਤਾਈਂ ਸਮਝਾਣਾ ਚੰਗਾ
ਜੇ ਲੜਨੇ ਦੀ ਚਾਹਤ ਹੈ ਨਹੀਂ
ਫਿਰ ਪਿੱਛੇ ਮੁੜ ਆਣਾ ਚੰਗਾ
ਚੱਲ ਮੁੜ ਚੱਲੀਏ।

### ਪਿਆਰੀਏ ਪੰਜਾਬੀਏ ਨੀ

ਪਿਆਰੀਏ ਪੰਜਾਬੀਏ ਨੀ, ਬੋਲੀਏ ਨਵਾਬੀਏ ਨੀ
ਤੂੰ ਤਾਂ ਮੇਰੀ ਜਿੰਦ ਮੇਰੀ ਜਾਨ।
ਗੁਰੂਆਂ ਦੀ ਜਾਈਏ ਨੀ, ਸੀਸ ਵੀ ਝੁਕਾਈਏ ਨੀ
ਦੁਨੀਆਂ ’ਚ ਉੱਚੀ ਰਹੇ ਸ਼ਾਨ।

ਅਦਬਾਂ ਦੇ ਮੋਤੀਆਂ ਦੀ ਮਾਲਾ ’ਚ ਪਰੋਈ ਏਂ
ਕੁੱਲ ਦੁਨੀਆ ’ਚ ਮਕਬੂਲ ਤਾਹੀਓਂ ਹੋਈ ਏਂ
ਸ਼ਹਿਦ ਨਾਲੋਂ ਮਿੱਠੀਏ ਨੀ, ਬਾਣੀ ਵਿੱਚੋਂ ਡਿੱਠੀਏ ਨੀ
ਜਗ ’ਤੇ ਵਧਾਇਆ ਸਾਡਾ ਮਾਣ
ਤੂੰ ਤਾਂ ਮੇਰੀ ਜਿੰਦ ਮੇਰੀ ਜਾਨ।

ਨਾਥਾਂ, ਜੋਗੀਆਂ ਬਣਾਈਆ ਤੈਨੂੰ ਸਮੇਂ ਦੀ ਹਾਣੀ
ਗੁਰੂਆਂ ਨੇ ਦਿੱਤਾ ਮਾਣ ਬਣਾ ਕੇ ਗੁਰ ਬਾਣੀ।
ਵਧੀ ਤੇਰੀ ਸ਼ਾਨ ‘ਗੁਰੂ ਗ੍ਰੰਥ ਸਾਹਿਬ ’ ਰਾਹੀ
ਸਭ ਸੀਸ ਨੂੰ ਝੁਕਾ ਕੇ ਦੇਣ ਬਹੁਤਾ ਸਨਮਾਨ।
ਤੂੰ ਤਾਂ ਮੇਰੀ ਜਿੰਦ ਮੇਰੀ ਜਾਨ।

ਬਾਬਾ ਫ਼ਰੀਦ ਦੇ ਸ਼ਲੋਕਾਂ ’ਚ ਸੰਜੋਈ ਏਂ
‘ਬੁੱਲ੍ਹੇ’ ਦੀਆਂ ਕਾਫ਼ੀਆਂ ਦੇ ਰੰਗ-ਰੰਗੀ ਹੋਈ ਏਂ
ਲਿਖੀ ਵਾਰਿਸ ਨੇ ‘ਹੀਰ’, ਹਾਸ਼ਮ, ਪੀਲੂ, ਭਾਈ ਵੀਰ
ਤੈਨੂੰ ਅਪਣਾ ਕੇ ਬਣ ਗਏ ਵਿਦਵਾਨ।
ਤੂੰ ਤਾਂ ਮੇਰੀ ਜਿੰਦ ਮੇਰੀ ਜਾਨ।

ਇਕ-ਇਕ ਬੋਲ ਤੇਰਾ ਹੀਰਿਆਂ ਦੇ ਤੁੱਲ ਹੈ
ਮਾਂ ਨੂੰ ਭੁੱਲ ਜਾਣਾ ਸਭਨਾਂ ਤੋਂ ਵੱਡੀ ਭੁੱਲ ਹੈ
ਉਹ ਕੌਮਾਂ ਮਿਟ ਜਾਣ, ਜੋ ਨਾ ਦੇਣ ਸਨਮਾਨ
ਬੋਲੀਆਂ ’ਚੋਂ ਬੋਲੀ ਤੂੰ ਮਹਾਨ
ਤੂੰ ਤਾਂ ਮੇਰੀ ਜਿੰਦ ਮੇਰੀ ਜਾਨ।

ਅੱਜ ਤੈਨੂੰ ਆਪਣੇ ਬੇਗਾਨੀ ਕਰੀ ਜਾ ਰਹੇ
ਧੀਆਂ ਪੁੱਤ ਤੇਰੇ ਅੰਗਰੇਜ਼ੀ ਗਲ਼ ਲਾ ਰਹੇ
ਭਾਵੇਂ ਸਿੱਖੇ ਹਰ ਬੋਲੀ, ਪਰ ਮਾਂ ਨਾ ਪੈਰੀਂ ਰੋਲੀ,
‘ਸਿੱਧੂ’ ਚੁੱਕ ਸਹੁੰ ਕਰੀਏ ਨਾ ਬੋਲੀ ਦਾ ਅਪਮਾਨ
ਤੂੰ ਤਾਂ ਮੇਰੀ ਜਿੰਦ ਮੇਰੀ ਜਾਨ।

• ਗੁਰਵਿੰਦਰ ਸਿੰਘ ਸਿੱਧੂ, 98154-86225



ਡਾ. ਇੰਦਰਜੀਤ ਸਿੰਘ ਸੰਧੂ
95011-05656

### ਇਤਬਾਰ

ਕੌਣ ਉਸ ਸ਼ਖ਼ਸ ਦਾ ਇਤਬਾਰ ਕਰੇਗਾ
ਕਿਉਂ ਮੁੜ ਆਪਣੇ ਜ਼ਖ਼ਮਾਂ ’ਤੇ ਵਾਰ ਕਰੇਗਾ
ਬੇਖ਼ੌਫ਼, ਵਿਸ਼ਾਲ, ਬੇਪਰਵਾਹ ਸਮੁੰਦਰ ਹੈ ਹੁਣ ਉਹ
ਕਿਉਂ ਉਹ ਨਦੀਆਂ ਦੀ ਤਬਾਹੀ ਤੋਂ ਡਰੇਗਾ।

ਉਸ ਦੀਆਂ ਰਾਤਾਂ ਵਿਚ ਹੈ ਅਜੀਬ ਹੀ ਉਲਝਣ
ਕਿਸ ਤਰ੍ਹਾਂ ਉਹ ਚੰਨ ਨੂੰ ਦਾਗ਼ੀ ਸਾਬਤ ਕਰੇਗਾ
ਪਿੱਤਲ ਦੇ ਛੱਲਿਆਂ ਦੀ ਮੁਹਤਾਜ ਹੈ ਪਰਵਾਜ਼
ਕਿਸ ਤਰ੍ਹਾਂ ਹੁਣ ਉਹ ਅਸਮਾਨਾਂ ਨੂੰ ਸਰ ਕਰੇਗਾ।

ਚਿਲਮਨ ਦੀ ਸ਼ਿਕਾਰ ਹੈ ਹਕੀਕਤ ਉਸ ਦੀ
ਕਿਉਂ ਮਹਿਫ਼ਲ ਵਿਚ ਗ਼ੈਰਾਂ ਤੋਂ ਪਰਦਾ ਕਰੇਗਾ
ਪੀਲੇ ਪੱਤਿਆਂ ਦੀ ਝਾਂਜਰ ਹੋ ਗਈ ਹੈ ਸ਼ਿੰਗਾਰ
ਕਿਉਂ ਹੁਣ ਉਹ ਨਵੀਆਂ ਬਹਾਰਾਂ ਨੂੰ ਸਜਦਾ ਕਰੇਗਾ।

## ਮਿੰਨੀ ਕਹਾਣੀ




• ਕੰਵਲਜੀਤ ਕੌਰ ਢਿੱਲੋਂ
94787-93231

ਕੁਲਬੀਰ ਦੀ ਬੱਸ ਵਿਚ ਚੜ੍ਹਦਿਆਂ ਹੀ ਨਜ਼ਰ ਖ਼ਾਲੀ ਸੀਟ ਦੀ ਭਾਲ ਵਿਚ ਸੀ। ਸ਼ੁਰੂ ਵਿਚ ਤਿੰਨਾਂ ਵਾਲੀ ਸੀਟ ’ਤੇ ਦੋ ਔਰਤਾਂ ਤੇ ਇਕ ਬੱਚਾ ਬੈਠਾ ਸੀ। ਕੁਲਬੀਰ ਨੇ ਬੜੇ ਸਤਿਕਾਰ ਦੇ ਲਹਿਜ਼ੇ ਨਾਲ ਔਰਤ ਨੂੰ ਸੰਬੋਧਨ ਕਰਦਿਆਂ ਕਿਹਾ, ‘ਦੀਦੀ ਬੱਚੇ ਨੂੰ ਗੋਦ ਵਿਚ ਬਿਠਾ ਲਓ।’ ਪਰ ਔਰਤ ਅੱਗੋਂ ਔਖੇ ਲਹਿਜੇ ਵਿਚ ਬੋਲੀ, ‘ਮੈਂ ਤਾਂ ਬੱਚੇ ਦੀ ਵੀ ਟਿਕਟ ਲੈਣੀ, ਇਹ ਸੀਟ ’ਤੇ ਹੀ ਬੈਠੇਗਾ।’ ਕੁਲਬੀਰ ਨੇ ਵੇਖਿਆ ਕਿ ਦੋ ਸੀਟ ਛੱਡ ਕੇ ਤਿੰਨਾ ਵਾਲੀ ਸੀਟ ’ਤੇ ਦੋ ਆਦਮੀ ਬੈਠੇ ਸਨ।

ਸ਼ੀਸ਼ੇ ਵੱਲ ਬੈਠੇ ਆਦਮੀ ਦੀ ਉਮਰ ਕੋਈ 30-35 ਸਾਲ ਤੇ ਉਸ ਦੇ ਨਾਲ ਬੈਠੇ ਦੀ ਉਮਰ 45-50 ਸਾਲ ਦੇ ਵਿਚਕਾਰ ਸੀ। ਕੁਲਬੀਰ ਨਾ ਚਾਹੁੰਦੇ ਹੋਏ ਵੀ ਉਨ੍ਹਾਂ ਨਾਲ ਜਾ ਬੈਠੀ। ਪਹਿਲਾਂ ਤਾਂ ਉਹ ਦੋਵੇਂ ਆਦਮੀ ਆਪਸ ਵਿਚ ਗੱਲਾਂ ਕਰਦੇ ਰਹੇ ਫਿਰ ਕੁਲਬੀਰ ਦੇ ਨਾਲ ਬੈਠੇ ਆਦਮੀ ਨੇ ਕਿਸੇ ਜਗ੍ਹਾ ਫ਼ੋਨ ਲਗਾਇਆ ਤੇ ਗੱਲਾਂ ਕਰਨ ਲੱਗ ਪਿਆ। ਉਸ ਦੀਆਂ ਗੱਲਾਂ ਵਿਚ ਜ਼ਮੀਨ ਜਾਇਦਾਦ ਤੇ ਨੌਕਰਾਂ ਦਾ ਜ਼ਿਕਰ ਸੀ, ਜਿਵੇਂ ਉਹ ਆਸ-ਪਾਸ ਦੀਆਂ ਸਵਾਰੀਆਂ ’ਤੇ ਆਪਣੀ ਅਮੀਰੀ ਦਾ ਰੋਹਬ ਪਾਉਣਾ ਚਾਹੁੰਦਾ ਹੋਵੇ।

ਕੁਲਬੀਰ ਮਨ ਵਿਚ ਸੋਚ ਰਹੀ ਸੀ ਕਿ ਜੇ ਇਹ ਏਡਾ ਹੀ ਨਾਢੂ ਖਾਂ ਹੈ ਤਾਂ ਫਿਰ ਬੱਸ ਵਿਚ ਸਫ਼ਰ ਕਿਉਂ ਕਰ ਰਿਹਾ ਸੀ। ਫ਼ੋਨ ਬੰਦ ਕਰ ਉਸ ਨੇ ਕੁਲਬੀਰ ਨਾਲ ਗੱਲਬਾਤ ਦਾ ਸਿਲਸਿਲਾ ਤੋਰਦੇ ਹੋਏ ਪੁੱਛਿਆ, ‘ਤੁਸੀਂ ਨੌਕਰੀ ਕਰਦੇ ਹੋ?’ ਤਾਂ ਕੁਲਬੀਰ ਨੇ ਕਿਹਾ, ‘ਹਾਂਜੀ, ਸਰਕਾਰੀ ਅਧਿਆਪਕ ਹਾਂ।’ ਉਸ ਦਾ ਅਗਲਾ ਸਵਾਲ ਸੀ, ‘ਤੁਸੀਂ ਸਹੁਰੇ ਜਾ ਰਹੇ ਹੋ ਜਾਂ ਪੇਕੇ?’ ਕੁਲਬੀਰ ਨੇ ਕਿਹਾ, ‘ਮੇਰਾ ਅਜੇ ਵਿਆਹ ਨਹੀਂ ਹੋਇਆ।’ ਏਨੇ ਨੂੰ ਕੰਡਕਟਰ ਟਿਕਟਾਂ ਕੱਟਣ ਆ ਗਿਆ। ਕੰਡਕਟਰ ਆਸ-ਪਾਸ ਦੀਆਂ ਸਵਾਰੀਆਂ ਦੀਆਂ ਟਿਕਟਾਂ ਕੱਟ ਰਿਹਾ ਸੀ ਕਿ ਉਸ ਆਦਮੀ ਨੇ ਕੁਲਬੀਰ ਨੂੰ ਕਿਹਾ ‘ਤੁਹਾਡੀ ਟਿਕਟ ਮੈਂ ਕਟਵਾ ਲਵਾਂ।’

ਕੁਲਬੀਰ ਨੇ ਮੋੜਵੇਂ ਜਵਾਬ ਵਿਚ ਕਿਹਾ, ‘ਨੋ ਥੈਂਕਸ।’ ਤੇ ਕੋਲ ਖੜ੍ਹੇ ਕੰਡਕਟਰ ਦੇ ਹੱਥ ਵਿਚ 20 ਰੁਪਏ ਦਾ ਨੋਟ ਧਰ, ਟਿਕਟ ਕਟਵਾ ਲਈ। ਕੰਡਕਟਰ ਨੇ ਜਦੋਂ ਉਸ ਵਿਅਕਤੀ ਕੋਲੋਂ ਟਿਕਟ ਪੁੱਛੀ ਤਾਂ ਉਸ ਨੇ ਮੁਲਾਜ਼ਮ ਕਹਿ ਟਿਕਟ ਕਟਵਾਉਣ ਤੋਂ ਇਨਕਾਰ ਕਰ ਦਿੱਤਾ। ਕੁਲਬੀਰ ਮਨ ਹੀ ਮਨ ਉਸ ਦੀ ਕਮੀਨਗੀ ’ਤੇ ਮੁਸਕਰਾਈ। ਸ਼ਾਇਦ ਉਸ ਵਿਅਕਤੀ ਨੇ ਇਕ ਦਾਣਾ ਪਾਇਆ ਸੀ, ਕੁਲਬੀਰ ਨੂੰ ਫਸਾਉਣ ਲਈ ਜੋ ਉਸ ਨੇ ਨਹੀਂ ਚੁਗਿਆ। ਕੁਲਬੀਰ ਦਾ ਪਿੰਡ ਕੁਝ ਦੂਰੀ ’ਤੇ ਸੀ ਪਰ ਉਹ ਪਹਿਲਾਂ ਹੀ ਸੀਟ ’ਤੋਂ ਖੜ੍ਹੀ ਹੋ ਗਈ। ਉਸ ਕੋਲ ਕਾਫ਼ੀ ਸਾਮਾਨ ਸੀ ਪਰ ਹੁਣ ਉਹ ਇਕ ਪਲ ਵੀ ਹੋਰ ਉਸ ਇਨਸਾਨ ਨਾਲ ਬੈਠਣਾ ਨਹੀਂ ਸੀ ਚਾਹੁੰਦੀ। ਜਦੋਂ ਕੁਲਬੀਰ ਭੀੜ ਨੂੰ ਚੀਰਦੀ ਹੋਈ ਬੱਸ ਦੀ ਬਾਰੀ ਵੱਲ ਜਾ ਰਹੀ ਸੀ ਤਾਂ ਪਿੱਛੋਂ ਆਵਾਜ਼ ਆ ਰਹੀ ਸੀ, ‘ਪਾਸੇ ਹੋ ਜਾਓ ਭੈਣ ਜੀ ਹੋਣਾ ਨੂੰ ਲੰਘ ਲੈਣ ਦਿਓ।’ ਇਹ ਆਵਾਜ਼ ਕੁਲਬੀਰ ਨਾਲ ਸੀਟ ’ਤੇ ਬੈਠੇ ਆਦਮੀ ਦੀ ਸੀ। •

## ਕਹਾਣੀ




‘ਮਾਂ ਜੇ ਮੈਂ ਮੁੰਡਾ ਹੁੰਦੀ ਤੇ ਗੋਰੀ ਵਿਆਹ ਕੇ ਲਿਆਉਂਦੀ ਤਾਂ ਬੜੇ ਖ਼ੁਸ਼ ਹੁੰਦੇ, ਕੁੜੀਆਂ ਵਾਰੀ ਇਹ ਭੂਚਾਲ ਕਿਉਂ? ਜਿੰਨਾ ਸਤਿਕਾਰ ਔਰਤਾਂ ਦਾ ਗੋਰੇ ਕਰਦੇ, ਆਪਣੇ ਨਹੀਂ। ਦਿਨ ਰਾਤ ਕੰਮ ਕਰੋ, ਨਾਲੇ ਰਸੋਈ ਸਾਂਭੋ, ਆਪ ਪੀ ਕੇ ਲਾਟ ਸਾਹਿਬ ਬਣੇ ਰਹਿੰਦੇ ਆ, ਪੰਜਾਬ ’ਚ ਬੰਦੇ ਤਾਂ...”

• ਗੁਰਮੀਤ ਸਿੰਘ ਮਰਾੜ੍ਹ
9501400397

‘ਜੇ ਨਿੰਦੀ ਨੂੰ ਬੁਲਾਉਣਾ ਤਾਂ ਮੈਂ ਨਹੀਂ ਵਿਆਹ ’ਚ ਵੜਨਾ’। ਕਈ ਦਿਨਾਂ ਤੋਂ ਘਰ ਵਿਚ ਰਮਨ ਦੇ ਵਿਆਹ ਨੂੰ ਲੈ ਕੇ ਬਹਿਸ ਚੱਲ ਰਹੀ ਸੀ ਤੇ ਰੂਪ ਸਿੰਘ ਇੱਕੋ ਗੱਲ ’ਤੇ ਅੜਿਆ ਹੋਇਆ ਸੀ। ਮੁੰਡੇ ਵਾਲੇ ਪਿਛਲੇ ਤਿੰਨ-ਚਾਰ ਮਹੀਨਿਆਂ ਤੋਂ ਵਿਆਹ ਦੀ ਕਾਹਲ ਕਰ ਰਹੇ ਸਨ ਪਰ ਰੂਪ ਸਿੰਘ ਦੇ ਘਰ ਹੋ ਰਹੀ ਖਿੱਚੋਤਾਣ ਕਾਰਨ ਵਿਆਹ ਤੋਂ ਟਾਲਾ ਵੱਟਿਆ ਜਾ ਰਿਹਾ ਸੀ। ਰੂਪ ਸਿੰਘ ਕਿਸੇ ਵੀ ਹਾਲਤ ਵਿਚ ਨਿੰਦੀ ਨੂੰ ਮੱਥੇ ਨਹੀਂ ਸੀ ਲਾਉਣਾ ਚਾਹੁੰਦਾ ਪਰ ਸੁੱਖੀ ਆਪਣੀ ਧੀ ਨੂੰ ਕਿਵੇਂ ਪਾਸੇ ਸੁੱਟਦੀ, ਅਜੀਬ ਜਿਹੀ ਹਾਲਤ ਬਣੀ ਹੋਈ ਸੀ।

ਨਿੰਦੀ ਰੂਪ ਸਿੰਘ ਦੀ ਵੱਡੀ ਧੀ ਸੀ। ਬੜੀ ਹੋਣਹਾਰ ਅਤੇ ਸੋਹਣੀ ਸੁਣੱਖੀ। ਕਈ ਡਿਗਰੀਆਂ, ਡਿਪਲੋਮਿਆਂ ਤੋਂ ਬਾਅਦ ਵੀ ਨੌਕਰੀ ਨਹੀਂ ਸੀ ਮਿਲੀ। ਆਖ਼ਰ ਜ਼ਿੱਦ ਕਰ ਕੇ ਹੋਰਨਾਂ ਸਾਥੀਆਂ ਵਾਂਗ ਕਨੇਡਾ ਵਾਲਾ ਰਾਹ ਫੜ ਲਿਆ ਸੀ। ਰੂਪ ਸਿੰਘ ਦੀ ਆਰਥਿਕ ਹਾਲਤ ਕੋਈ ਜ਼ਿਆਦਾ ਚੰਗੀ ਨਹੀਂ ਸੀ। ਭਲੇ ਸਮਿਆਂ ’ਚ ਦਸਵੀਂ ਕਰ ਕਲਰਕ ਦੀ ਨੌਕਰੀ ਲੱਗ ਗਿਆ ਸੀ। ਮਾਂ-ਪਿਉ ਨੇ ਨੌਕਰੀ ਕਾਰਨ ਘਰ ਦੀ ਜ਼ਮੀਨ ’ਚੋਂ ਵੀ ਹਿੱਸਾ ਨਹੀਂ ਦਿੱਤਾ ਸੀ ਕਿ ਉਸ ਨੂੰ ਪੜ੍ਹਾ ਨੌਕਰੀ ਲਵਾਇਆ।

ਤਨਖ਼ਾਹ ਨਾਲ ਘਰ ਦਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਹੁੰਦਾ ਸੀ। ਦੋ ਧੀਆਂ ਅਤੇ ਮੁੰਡੇ ਦੀ ਪੜ੍ਹਾਈ ਦਾ ਖ਼ਰਚਾ, ਘਰ ਦੀਆਂ ਕਿਸ਼ਤਾਂ ਅਤੇ ਕਬੀਲਦਾਰੀ ਦੇ ਸੌ ਝੰਜਟ। ਨਿੰਦੀ ਦੀ ਜ਼ਿੱਦ ਪੂਰੀ ਕਰਨ ਲਈ ਸੌ ਪਾਪੜ ਵੇਲਣੇ ਪਏ, ਬੈਂਕ ਤੋਂ ਕਰਜ਼ਾ, ਦੋਸਤਾਂ ਤੋਂ ਫੜ-ਫੜਾਈ, ਸੁੱਖੀ ਦੀਆਂ ਟੂਮਾਂ ਲੈ ਦੇ ਕਰ, ਨਿੰਦੀ ਨੂੰ ਤੋਰਿਆ ਸੀ। ਨਿੰਦੀ ਨੇ ਉੱਥੇ ਜਾ ਕਾਲਜ ਵਿਚ ਦਾਖ਼ਲਾ ਲੈ ਲਿਆ।

ਰੋਜ਼ਾਨਾ ਦੇ ਖ਼ਰਚ ਪੂਰੇ ਕਰਨ ਲਈ ਦਿਨ ਰਾਤ ਭੱਜ ਦੌੜ ਕਰਨੀ ਪੈਂਦੀ। ਫਿਰ ਵੀ ਸਲਾਨਾ ਫ਼ੀਸ ਭਰਨ ਲਈ ਘਰਦਿਆਂ ਨੂੰ ਹੀ ਕਹਿਣਾ ਪੈਂਦਾ। ਰੂਪ ਸਿੰਘ ਔਖਾ-ਸੌਖਾ ਹੋ ਪਤਾ ਨਹੀਂ ਕਿਵੇਂ ਪੈਸਿਆਂ ਦਾ ਪ੍ਰਬੰਧ ਕਰਦਾ। ਸੁੱਖੀ ਹਰ ਵੇਲੇ ਹੌਸਲਾ ਦਿੰਦੀ ਰਹਿੰਦੀ ਕਿ ਸਾਡਾ ਵੀ ਸਮਾਂ ਬਦਲੂ, ਨਿੰਦੀ ਪੈਰਾਂ ਸਿਰ ਹੋ ਜਾਵੇ। ਨਿੰਦੀ ਵੀ ਪੂਰੀ ਮਿਹਨਤ ਕਰ ਰਹੀ ਸੀ।

ਬਿਗਾਨੇ ਦੇਸ਼ ਦੀ ਖੁੱਲ੍ਹੀ ਹਵਾ ਤੇ ਜਵਾਨੀ ਦਾ ਸਮਾਂ ਨਾਲ-ਨਾਲ ਚੱਲ ਰਿਹੇ ਸਨ। ਜਦੋਂ ਕਾਲਜ ਵੱਲੋਂ ਘੁੰਮਣ ਫਿਰਨ ਦਾ ਪ੍ਰੋਗਰਾਮ ਬਣਦਾ, ਸਭ ਸਾਥੀ ਟੋਲੀਆਂ ’ਚ ਹੁੰਦੇ, ਨਿੰਦੀ ਵੀ ਆਪਣੇ ਕਾਲਜ ਦੇ ਸਾਥੀ ਅਤੇ ਸਟੋਰ ’ਚ ਨਾਲ ਕੰਮ ਕਰਨ ਵਾਲੇ ਗੋਰੇ ਨਾਲ ਕਦੋਂ ਵਿਚਰਨ ਲੱਗੀ, ਪਤਾ ਹੀ ਨਾ ਲੱਗਿਆ। ਕਦੇ ਨਿਆਗਰਾ ਫਾਲ, ਬੈਂਫ ਰਾਸ਼ਟਰੀ ਪਾਰਕ, ਟੋਰਾਂਟੋ ਦਾ ਸੀਐੱਨ ਟਾਵਰ ਘੁੰਮਦੇ ਹੋਏ ਇੱਕਠੇ ਜੀਣ ਦਾ ਸਬੱਬ ਬਣ ਗਿਆ। ਡਿਗਰੀ ਪੂਰੀ ਹੋਈ ਤਾਂ ਨਿੰਦੀ ਕੰਮ ਪ੍ਰਤੀ ਸੰਜੀਦਾ ਹੋ ਦਿਨ ਰਾਤ ਮਿਹਨਤ ਕਰ ਮਾਪਿਆਂ ਦਾ ਕਰਜ਼ਾ ਉਤਾਰਨ ਲੱਗੀ। ਰੂਪ ਸਿੰਘ ਦੇ ਹਾਲਾਤ ਵੀ ਬਦਲਣ ਲੱਗੇ। ਨਿੰਦੀ ਨੇ ਸਾਥੀ ਦੇ ਜ਼ੋਰ ਪਾਉਣ ’ਤੇ ਵਿਆਹ ਕਰ ਲਿਆ ਅਤੇ ਜ਼ਿੰਦਗੀ ਵਸਾ ਲਈ। ਉਸ ਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਘਰਦਿਆਂ ਨੇ ਇਸ ਨੂੰ ਕਦੇ ਵੀ ਮਾਨਤਾ ਨਹੀਂ ਦੇਣੀ। ਆਖ਼ਰ ਮਾਂ ਨੂੰ ਇਸ ਬਾਰੇ ਦੱਸ ਦਿੱਤਾ। ਸੁੱਖੀ ਸਿਰ ਫੜ ਬੈਠ ਗਈ। ਨਿੰਦੀ ਨੂੰ ਝਿੜਕਿਆ ਵੀ, ਮੰਦਾ-ਚੰਗਾ ਵੀ ਬੋਲਿਆ ਪਰ ਨਿੰਦੀ ਦੀ ਕਹੀ ਗੱਲ ਨੇ ਉਸ ਨੂੰ ਨਿਰ-ਉੱਤਰ ਕਰ ਦਿੱਤਾ ਸੀ ਕਿ ‘ਮਾਂ ਜੇ ਮੈਂ ਮੁੰਡਾ ਹੁੰਦੀ ਤੇ ਗੋਰੀ ਵਿਆਹ ਕੇ ਲਿਆਉਂਦੀ ਤਾਂ ਬੜੇ ਖ਼ੁਸ਼ ਹੁੰਦੇ, ਕੁੜੀਆਂ ਵਾਰੀ ਇਹ ਭੂਚਾਲ ਕਿਉਂ। ਜਿੰਨਾ ਸਤਿਕਾਰ ਔਰਤਾਂ ਦਾ ਗੋਰੇ ਕਰਦੇ, ਆਪਣੇ ਨਹੀਂ। ਦਿਨ ਰਾਤ ਕੰਮ ਕਰੋ, ਨਾਲੇ ਰਸੋਈ ਸਾਂਭੋ, ਆਪ ਪੀ ਕੇ ਲਾਟ ਸਾਹਿਬ ਬਣੇ ਰਹਿੰਦੇ ਆ, ਪੰਜਾਬ ਦੇ ਬੰਦੇ।’ ਸੁੱਖੀ ਸੁਣ ਸੁੰਨ ਹੋ ਗਈ ਸੀ।

ਸੁੱਖੀ ਨੇ ਗੋਰੇ ਨਾਲ ਵਿਆਹ ਦੀ ਗੱਲ ਰੂਪ ਸਿੰਘ ਤੋਂ ਛੁਪਾ ਲਈ ਸੀ ਪਰ ਆਖ਼ਰ ਕਿੰਨੇ ਦਿਨ ਧੀ ਨੂੰ ਕੀ ਕਹਿੰਦੀ, ਸਿਰ ਚੜ੍ਹਿਆ ਕਰਜ਼ਾ ਪਹਾੜ ਬਣਿਆਂ ਹੋਇਆ ਸੀ, ਛੋਟੇ ਭੈਣ ਭਰਾ ਸਿਰ ਚੜ੍ਹਦੇ ਆ ਰਹੇ ਸਨ। ਰੂਪ ਸਿੰਘ ਜਦੋਂ ਨਿੰਦੀ ਦੇ ਵਿਆਹ ਬਾਰੇ ਗੱਲ ਕਰਦਾ ਤਾਂ ਸੁੱਖੀ ਟਾਲ ਮਟੋਲ ਕਰ ਛੱਡਦੀ। ਨਿੰਦੀ ਤੋਂ ਛੋਟੀ ਰਮਨ ਦਾ ਵੀ ਰਿਸ਼ਤਾ ਹੋ ਗਿਆ ਸੀ। ਵਿਆਹ ਦੀ ਤਿਆਰੀ ਹੋ ਰਹੀ ਸੀ ਪਰ ਨਿੰਦੀ ਬਾਰੇ ਰੂਪ ਸਿੰਘ ਨੂੰ ਕਿਵੇਂ ਦੱਸਿਆ ਜਾਵੇ, ਇਹ ਮੁਸ਼ਕਿਲ ਬਣੀ ਹੋਈ ਸੀ। ਆਖ਼ਰ ਸੁੱਖੀ ਨੇ ਹੌਸਲਾ ਕਰ ਸਾਰੀ ਗੱਲ ਰੂਪ ਸਿੰਘ ਨੂੰ ਦੱਸ ਦਿੱਤੀ ਅਤੇ ਉਸੇ ਦਿਨ ਤੋਂ ਘਰ ਵਿਚ ਇਹ ਭੂਚਾਲ ਆ ਗਿਆ ਸੀ। ਰੂਪ ਸਿੰਘ ਲਈ ਇਹ ਬਰਦਾਸ਼ਤ ਦੀ ਹੱਦ ਤੋਂ ਬਾਹਰੀ ਦੀ ਗੱਲ ਸੀ। ਉਹ ਤਾਂ ਗੱਲ ਸੁਣ ਜਿਵੇਂ ਪੱਥਰ ਹੋ ਗਿਆ ਸੀ। ਨਾ ਕਿਸੇ ਨਾਲ ਬੋਲਦਾ, ਨਾ ਕੁਝ ਖਾਂਦਾ-ਪੀਂਦਾ।

ਸੁੱਖੀ ਸਾਰਾ ਦਿਨ ਰੂਪ ਸਿੰਘ ਦੇ ਤਰਲੇ ਕਰਦੀ, ਵਾਸਤੇ ਪਾਉਂਦੀ, ਬੱਚਿਆਂ ਨੇ ਵੀ ਮਿੰਨਤਾਂ ਤਰਲੇ ਕੀਤੇ। ਹਵਾ ਤਾਂ ਸਾਡੇ ਇੱਥੇ ਵਿਗੜੀ ਪਈ, ਉਹ ਤਾਂ ਬਿਗਾਨਾ ਦੇਸ਼ ਆ। ਆਖ਼ਰ ਰੂਪ ਸਿੰਘ ਇਸ ਸ਼ਰਤ ’ਤੇ ਮੰਨਿਆ ਕਿ ਇਸ ਸ਼ਹਿਰ ਵਿਚ ਨਹੀਂ ਰਿਹਾ ਜਾਵੇਗਾ। ਆਪਣਾ ਘਰ ਛੱਡ ਬਿਗਾਨੇ ਸ਼ਹਿਰ ’ਚ ਕਿਰਾਏ ’ਤੇ ਆ ਬੈਠੇ। ਵਿਆਹ ਦੀ ਤਿਆਰੀ ਹੋ ਰਹੀ ਸੀ, ਰੂਪ ਸਿੰਘ ਚੁੱਪ-ਚਾਪ ਕੰਮ ਸੰਭਾਲ ਰਿਹਾ ਸੀ। ਰਾਤ ਨੂੰ ਇਕੱਲਾ ਆਪਣੇ ਕਮਰੇ ਵਿਚ ਆ ਬੈਠਦਾ। ਸੁੱਖੀ ਕਿਸੇ ਅਣਜਾਣੇ ਡਰ ਕਾਰਨ ਵਿੜਕਾਂ ਲੈਂਦੀ ਰਹਿੰਦੀ। ਰੂਪ ਸਿੰਘ ਆਪਣੇ ਆਪ ਨਾਲ ਹੀ ਗੱਲਾਂ ਕਰੀ ਜਾ ਰਿਹਾ ਸੀ ‘ਸੁੱਖੀ ਸੱਚ ਹੀ ਤਾਂ ਕਹਿੰਦੀ ਹੈ, ਹਵਾ ’ਤੇ ਕਿਸ ਦਾ ਜ਼ੋਰ ਚਲਦਾ ਹੈ। ਹਵਾਵਾਂ ਤਾਂ ਅਮੋੜ ਹੁੰਦੀਆਂ। ਮੈਂ ਤਾਂ ਬੇਵੱਸ ਹਾਂ, ਕੀ ਆਖਾਂ ਹਵਾਵਾਂ ਨੂੰ...? •

## ਮਿੰਨੀ ਕਹਾਣੀ




‘ਆਪਣਾ ਕਨੇਡਾ ਦਾ ਫੈਮਲੀ ਵੀਜ਼ਾ ਲੱਗ ਗਿਆ, ਕਰ ਲੋ ਤਿਆਰੀ।’ ਦਿਲਜੀਤ ਨੇ ਘਰ ਆਉਂਦਿਆਂ ਹੀ ਆਪਣੀ ਘਰ ਵਾਲੀ ਨੂੰ ਖ਼ੁਸ਼ਖ਼ਬਰੀ ਸੁਣਾ ਦਿੱਤੀ।

‘ਵਓ, ਵੈਰੀ ਨਾਇਸ, ਬਟ ਆਹ ਬੁੱਢਾ-ਬੁੱਢੀ ਦਾ ਕੀ ਕਰਾਂਗੇ?’ ਪਤਨੀ ਨੇ ਚਿੰਤਾ ਜ਼ਾਹਿਰ ਕੀਤੀ।

‘ਕਰਨਾ ਕੀ ਆ, ਇਹ ਬਿਰਧ ਆਸ਼ਰਮ ਕਿਸ ਲਈ ਬਣੇ ਨੇ ਭਲਾ।’ ਦਿਲਜੀਤ ਨੇ ਦੰਦੀਆਂ ਕੱਢਦੇ ਹੋਏ ਜਵਾਬ ਦਿੱਤਾ।

‘ਸਹੀ ਕਿਹਾ, ਪਰ...।’

‘ਪਰ ਕੀ?’

‘ਆਪਣੇ ਟੌਮੀ ਤੇ ਸੈਮੀ ਦਾ ਕੀ ਬਣੂਗਾ, ਇਹ ਤਾਂ ਇਨ੍ਹਾਂ ਬੁੱਢੇ-ਬੁੱਢੀ ਦਾ ਕਰਦੇ ਵੀ ਬਹੁਤ ਨੇ।’ ਦਿਲਜੀਤ ਦੀ ਪਤਨੀ ਨੇ ਪਾਲਤੂ ਕੁੱਤਿਆਂ ਬਾਰੇ ਫ਼ਿਕਰਮੰਦ ਹੁੰਦੇ ਹੋਏ ਕਿਹਾ।

‘ਉਹ ਇਹ ਤਾਂ ਮੇਰੇ ਦਿਮਾਗ਼ ਵਿੱਚੋਂ ਹੀ ਨਿਕਲ ਗਿਆ, ਕੋਈ ਗੱਲ ਨਹੀਂ, ਕਰਦੇ ਹਾਂ ਕੋਈ ਹੱਲ।’

ਅਗਲੇ ਦਿਨ ਦਿਲਜੀਤ ਵੱਲੋਂ ਅਖ਼ਬਾਰ ਵਿਚ ਇਸ਼ਤਿਹਾਰ ਦਿੱਤਾ ਗਿਆ।ਜਿਸ ਵਿਚ ‘ਲੋੜ ਹੈ’ ਸਿਰਲੇਖ ਹੇਠ ਛਪਿਆ ਸੀ, ‘ਇਕ ਸੇਵਾਦਾਰ ਦੀ ਲੋੜ ਹੈ ਜੋ ਬਜ਼ੁਰਗ ਜੋੜੇ ਦੀ ਸਾਂਭ-ਸੰਭਾਲ ਤੇ ਦੋ ਕੁੱਤਿਆਂ ਦਾ ਚੰਗੀ ਤਰ੍ਹਾਂ ਖ਼ਿਆਲ ਰੱਖ ਸਕੇ। ਤਨਖ਼ਾਹ ਯੋਗਤਾ ਅਨੁਸਾਰ।

• ਚਮਨਦੀਪ ਸ਼ਰਮਾ, 95010-33005

## ਸੰਪਾਦਕੀ

# ਸਾਡੀ ਸਿਹਤ ਨਾਲ ਜੁੜੀਆਂ ਹਨ ਸਾਫ ਹਵਾ, ਪਾਣੀ ਅਤੇ ਖੁਰਾਕ

ਸਾਡੀ ਸਿਹਤ ਨਾਲ ਜੁੜੀਆਂ ਹਨ ਸਾਫ ਹਵਾ, ਪਾਣੀ ਅਤੇ ਖੁਰਾਕੇ ਧਰਤੀ ਦੀ ਸਿਹਤ ਵੀ ਇਨ੍ਹਾਂ ’ਤੇ ਹੀ ਨਿਰਭਰ ਹੈ। ਇਸ ਮਾਮਲੇ ਵਿੱਚ ਕਰੋਨਾ ਸੰਕਟ ਤੋਂ ਸਬਕ ਸਿੱਖਣਾ ਬੇਹੱਦ ਜ਼ਰੂਰੀ ਹੈ। ਉਦੋਂ ਅਸੀਂ ਨਹਿਰਾਂ ਨੂੰ ਸਾਹ ਲੈਂਦੇ ਦੇਖਿਆ, ਧਰਤੀ ਨੂੰ ਹੱਸਦੇ ਮੁਸਕਰਾਉਂਦੇ ਤੱਕਿਆ। ਅਸੀਂ ਬੰਦ ਸੀ, ਪਰ ਅਸਮਾਨ ਸਾਫ਼ ਸੀ, ਨੀਲਾ-ਨੀਲਾ। ਜਿੱਥੇ ਕਿਤੇ ਵੀ ਪਹਾੜੀਆਂ ਦਿਸਦੀਆਂ ਸੀ, ਉਨ੍ਹਾਂ ਦਾ ਨਿਖਾਰ ਵੀ ਵੱਖਰਾ ਸੀ। ਇਹ ਸਾਰੇ ਸੰਕੇਤ ਹਨ ਕਿ ਕਿਵੇਂ ਵਾਤਾਵਰਨ ਸਾਫ਼ ਹੋ ਸਕਦਾ ਹੈ। ਸਾਨੂੰ ਕਿਹੜੇ-ਕਿਹੜੇ ਕੰਮਾਂ ਵਿਚ ਵਿਗਿਆਨਕ ਨਜ਼ਰੀਆ ਅਪਣਾਉਣ ਦੀ ਲੋੜ ਹੈ। ‘ਵਿਕਾਸ’ ਦੇ ਅਰਥਾਂ ਨੂੰ ਮੁੜ ਤੋਂ ਪਰਿਭਾਸ਼ਿਤ ਕਰਨ ਦੀ ਲੋੜ ਹੈ। ਕੀ ਸਾਨੂੰ ਵਿਕਾਸ ਨਾਲ ਵਧ ਰਹੀ ਇਕੱਲਤਾ ਅਤੇ ਇਕੱਲਤਾ ਤੋਂ ਵਧ ਰਹੀ ਉਦਾਸੀ ਚਾਹੀਦੀ ਹੈ ? ਇਹ ਕਿਹੋ ਜਿਹਾ ਵਿਕਾਸ ਹੈ, ਜੋ ਹਜ਼ਾਰਾਂ ਮੀਲ ਦੂਰ ਬੈਠੇ ਬੱਚੇ ਨਾਲ ਸਿੱਧੇ ਸ਼ਕਲੋ-ਸ਼ਕਲੀ ਗੱਲ ਕਰਵਾਉਂਦਾ ਹੈ, ਆਵਾਜ਼ਾਂ ਨਾਲ ਕਲੇਜਾ ਠੰਢਾ ਹੁੰਦਾ ਹੈ ਤੇ ਸੰਪਰਕ ਟੁੱਟਦੇ ਸਾਰ ਉਦਾਸੀ ਵਧ ਜਾਂਦੀ ਹੈ, ਬਹੁਤ ਲੰਮੀ ਉਦਾਸੀ। ਸਾਡੀ ਅਤੇ ਧਰਤੀ ਦੀ ਸਿਹਤ ਨੂੰ ਲੈ ਕੇ ਉਭਾਰੇ ਵਿਸ਼ੇ ਲਈ ਤਿੰਨ ਪਹਿਲੂ ਵੀ ਸਾਹਮਣੇ ਰੱਖੇ ਗਏ ਹਨ, ਜੋ ਇਸ ਦਿਸ਼ਾ ਨੂੰ ਠੱਲ੍ਹ ਪਾ ਸਕਦੇ ਹਨ ਜਾਂ ਫਿਲਹਾਲ ਇਸ ਦੀ ਰਫ਼ਤਾਰ ਘਟਾ ਸਕਦੇ ਹਨ; ਉਹ ਹਨ- ਰਾਜਨੀਤਕ, ਸਮਾਜਿਕ ਅਤੇ ਵਪਾਰਕ। ਜੇਕਰ ਇਸ ਨੂੰ ਇਕ ਕੇਂਦਰੀ ਨੁਕਤੇ ਤੱਕ ਸੀਮਤ ਕਰ ਕੇ ਦੇਖਣਾ ਹੋਵੇ ਤਾਂ ਉਹ ਰਾਜਨੀਤਕ ਹੈ। ਰਾਜਨੀਤਕ ਇੱਛਾ ਸ਼ਕਤੀ ਬਹੁਤ ਅਸਰਦਾਰ ਹੁੰਦੀ ਹੈ; ਜੇ ਉਹ ਆਪਣੀ ਤਾਕਤ ਨੂੰ ਪਛਾਣੇ ਤੇ ਸਹੀ ਦਿਸ਼ਾ ਵਿਚ ਵਰਤੇ, ਪਰ ਦਿਨ-ਬਦਿਨ ਰਾਜਨੀਤਕ ਸ਼ਕਤੀ ਨੂੰ ਵਪਾਰਕ ਸ਼ਕਤੀ ਨੇ ਆਪਣੇ ਕਲਾਵੇ ਵਿਚ ਲੈ ਲਿਆ ਹੈ। ਵਪਾਰਕ ਸ਼ਕਤੀ ਕੌਮਾਂਤਰੀ ਪੱਧਰ ਤੱਕ ਬਣ ਰਹੀ ਹੈ ਤੇ ਉਹ ਹੁਣ ਰਾਜਨੀਤਕ ਏਜੰਡਾ ਤੈਅ ਕਰਦੀ ਹੈ। ਇਹ ਸਭ ਸਰਮਾਏਦਾਰੀ ਤੈਅ ਕਰਦੀ ਹੈ ਜੋ ਸਾਮਰਾਜਵਾਦ ਦੇ ਰੂਪ ਵਿੱਚ ਉੱਭਰ ਰਹੀ ਹੈ। ਮਨੁੱਖ ਦੀ ਸਿਹਤ ਦੀ ਗੱਲ ਕਰੀਏ ਤਾਂ ਕੌਮਾਂਤਰੀ ਪੱਧਰ ’ਤੇ ਵਿਸ਼ਵ ਸਿਹਤ ਸੰਸਥਾ ਆਪਣੇ ਸਥਾਪਨਾ ਦਿਵਸ ਮੌਕੇ 7 ਅਪਰੈਲ ਨੂੰ ‘ਵਿਸ਼ਵ ਸਿਹਤ ਦਿਵਸ’ ਮਨਾਉਂਦੀ ਹੈ। ਦਰਅਸਲ, ਸਿਹਤ ਦਾ ਮੁੱਦਾ ਬਹੁਤ ਵਿਆਪਕ ਹੈ। ਇਸ ਨੂੰ ਬਿਮਾਰੀ ਅਤੇ ਇਲਾਜ ਤੱਕ ਸੀਮਤ ਕਰ ਦੇਣਾ, ਇਸ ਦੀ ਮੂਲ ਭਾਵਨਾ ਤੋਂ ਦੂਰ ਜਾਣਾ ਹੈ। ਬਿਮਾਰ ਲਈ ਸਮੇਂ ਸਿਰ ਸਿਹਤ ਸਹੂਲਤਾਂ ਬਿਨਾਂ ਸ਼ੱਕ ਬਹੁਤ ਅਹਿਮ ਪੱਖ ਹੈ, ਪਰ ਸਾਡੇ ਗਿਆਨ ਵਿੱਚ ਉਹ ਸੰਕਲਪ ਵੀ ਹੈ ਕਿ ਬਿਮਾਰ ਹੋਇਆ ਹੀ ਨਾ ਜਾਵੇ। ਸਾਰੇ ਲੋਕ ਸਿਹਤਮੰਦ ਰਹਿਣ, ਜੋ ਸੰਭਵ ਵੀ ਹੈ। ਸਾਡੇ ਸਰੀਰ ਵਿਚ ਲਾਜਵਾਬ ਸੁਰੱਖਿਆ ਪ੍ਰਣਾਲੀ ਹੈ, ਜੋ ਇਹ ਕੰਮ ਕਰਨ ਲਈ ਮਾਹਿਰ ਹੈ ਕਿ ਬਿਮਾਰੀ ਨੇੜੇ-ਤੇੜੇ ਨਾ ਫਟਕੇ। ਜੇ ਮਨੁੱਖੀ ਸਰੀਰ ਦੀ ਗੱਲ ਕਰੀਏ, ਇਸ ਨੂੰ ਸੁਚਾਰੂ ਢੰਗ ਨਾਲ ਗਤੀਸ਼ੀਲ ਬਣਾਈ ਰੱਖਣ ਲਈ ਸਿਹਤਮੰਦ ਹਾਲਤ ਵਿਚ ਵਿਚਰਨ ਲਈ ਸਭ ਤੋਂ ਪਹਿਲੀ ਅਤੇ ਅਹਿਮ ਲੋੜ ਖੁਰਾਕ ਦੀ ਹੈ ਪਰ ਸਿਹਤ ਅਤੇ ਬਿਮਾਰੀ ਨੂੰ ਲੈ ਕੇ ਜਦੋਂ ਵੀ ਚਰਚਾ ਹੁੰਦੀ ਹੈ, ਖੁਰਾਕ ਦੀ ਗੱਲ ਉਸ ਵਿਚ ਸ਼ਾਮਲ ਨਹੀਂ ਹੁੰਦੀ। ਸਰਕਾਰਾਂ ਸਿਹਤ ਦੇ ਪਹਿਲੂ ’ਤੇ ਦਵਾਈਆਂ, ਸਿਹਤ ਕੇਂਦਰਾਂ ਦੀ ਮਜ਼ਬੂਤੀ, ਡਾਕਟਰਾਂ/ਨਰਸਾਂ ਦੀ ਭਰਤੀ ਦੀ ਗੱਲ ਕਰਦੀਆਂ ਹਨ। ਖੁਰਾਕ ਹੀ ਮੁੱਖ ਤੌਰ ’ਤੇ ਅਜਿਹਾ ਜ਼ਰੀਆ ਹੈ, ਜਿਸ ਨਾਲ ਸਰੀਰ ਦੀ ਸੁਰੱਖਿਆ ਪ੍ਰਣਾਲੀ ਨੂੰ ਮਜ਼ਬੂਤੀ ਮਿਲਦੀ ਹੈ। ਸੁਰੱਖਿਆ ਪ੍ਰਣਾਲੀ ਮਜ਼ਬੂਤ ਹੋਵੇਗੀ ਤਾਂ ਉਹ ਬਿਮਾਰ ਕਰਨ ਵਾਲੇ ਕੀਟਾਣੂਆਂ, ਵਿਸ਼ਾਣੂਆਂ ਜਾਂ ਹੋਰ ਖਤਰਨਾਕ ਕਣਾਂ ਨਾਲ ਕਾਰਗਰ ਢੰਗ ਨਾਲ ਨਜਿੱਠ ਸਕੇਗੀ। ਇਸ ਖੁਰਾਕ ਦੇ ਅਗਾਂਹ ਮਹੱਤਵਪੂਰਨ ਪੱਖ ਹਨ। ਪ੍ਰੋਟੀਨ, ਵਿਟਾਮਿਨ, ਖਣਿਜ ਪਦਾਰਥ ਜੋ ਦਾਲਾਂ, ਫਲਾਂ, ਸਬਜ਼ੀਆਂ ਤੋਂ ਮਿਲਦੇ ਹਨ। ਇਹ ਖੁਰਾਕੀ ਤੱਤ ਲੋਕਾਂ ਨੂੰ ਮੁਹੱਈਆ ਕਰਵਾਉਣੇ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਕਿਵੇਂ ਖੇਤੀ ਨੀਤੀ ਤਹਿਤ ਇਨ੍ਹਾਂ ਨੂੰ ਉਗਾਉਣ ਦੀ ਵਿਉਂਤਬੰਦੀ ਹੋਵੇ ਤੇ ਫਿਰ ਇਨ੍ਹਾਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਕਿਸ ਤਰ੍ਹਾਂ ਦੀ ਵੰਡ ਪ੍ਰਣਾਲੀ ਬਣੇ। ਖੁਰਾਕ ਮੁਹੱਈਆ ਕਰਵਾਉਣ ਤੋਂ ਅੱਗੇ ਇਕ ਹੋਰ ਅਹਿਮ ਪਹਿਲੂ ਹੈ ਕਿ ਇਹ ਕਿਸ ਰੂਪ ਵਿੱਚ ਲੋਕਾਂ ਦੇ ਮੂੰਹ ਤੱਕ ਪਹੁੰਚਦੀ ਹੈ। ਸਿਹਤ ਨੂੰ ਲੈ ਕੇ ਦੂਜਾ ਅਹਿਮ ਪੱਖ ਜੋ ਸਿਹਤ ਚਰਚਾ ਵਿਚ ਘੱਟੋ-ਘੱਟ ਸਿੱਧੇ ਤੌਰ ’ਤੇ ਕਦੇ ਵੀ ਨਹੀਂ ਆਉਂਦਾ, ਉਹ ਹੈ ਵਾਤਾਵਰਨ। ਵਾਤਾਵਰਨ ਬਹੁਤ ਵਸੀਹ ਪਹਿਲੂ ਹੈ। ਇਸ ਨੂੰ ਸਮਝਣਾ ਹੋਵੇ ਤਾਂ ਮਨੁੱਖੀ ਜੀਵਨ ਦੇ ਦੋ ਅਹਿਮ ਤੱਤ ਹਵਾ ਅਤੇ ਪਾਣੀ, ਸਾਡੇ ਵਾਤਾਵਰਣ ਦਾ ਹਿੱਸਾ ਹਨ; ਭਾਵੇਂ ਖੁਰਾਕ ਵੀ ਓਨਾ ਹੀ ਅਹਿਮ ਹਿੱਸਾ ਹੈ। ਵਾਤਾਵਰਨ ਨੂੰ ਗੰਭੀਰਤਾ ਨਾਲ ਅਸੀਂ ਕੁਝ ਕੁ ਸਾਲਾਂ ਤੋਂ ਹੀ ਸਮਝਣ ਲੱਗੇ ਹਾਂ ਪਰ ਇਸ ਨਾਲ ਨਜਿੱਠਣ ਲਈ ਅਜੇ ਵੀ ਤਿਆਰ ਨਹੀਂ ਹੋਏ। ਇਕ ਮੱਦ ਇਹ ਵੀ ਹੈ ਕਿ ਮੈਡੀਸਨ ਦੇ ਪਿਤਾਮਾ ਮੰਨੇ ਜਾਂਦੇ ਯੂਨਾਨ ਦੇ ਹਿਪੋਕਰੇਟਸ ਨੇ ਤਿੰਨ ਹਜ਼ਾਰ ਸਾਲ ਪਹਿਲਾਂ ਬਿਮਾਰੀਆਂ ਹੋਣ ਨੂੰ ਵਾਤਾਵਰਨ ਨਾਲ ਜੋੜਿਆ ਅਤੇ ਇਹ ਮੈਡੀਕਲ ਖੇਤਰ ਵਿੱਚ ਪਹਿਲਾ ਵਿਗਿਆਨਕ ਕਥਨ ਸੀ, ਨਹੀਂ ਤਾਂ ਇਹ ਦੈਵੀ ਸ਼ਕਤੀ ਦੇ ਕਹਿਰ ਵਜੋਂ ਲਈਆਂ ਜਾਂਦੀਆਂ ਸਨ। ਵਾਤਾਵਰਨ ਵਿਚ ਗੰਦਗੀ ਦੇ ਢੇਰ, ਬਦਬੂ ਆਦਿ ਨਾਲ ਪਰੇਸ਼ਾਨੀ ਤਾਂ ਹੋਈ, ਪਰ ਉਸ ਦਾ ਹੱਲ ਸ਼ਹਿਰ ਤੋਂ ਦੂਰ ਕੀਤਾ ਗਿਆ। ਇਹ ਗੱਲ ਹੌਲੀ-ਹੌਲੀ ਸਮਝ ਵਿੱਚ ਆਈ ਕਿ ਹਵਾ ਚੱਲਦੀ ਹੈ ਤਾਂ ਪ੍ਰਦੂਸ਼ਿਤ ਕਣਾਂ ਨੂੰ ਮੀਲੋਂ ਦੂਰ ਨਾਲ ਲਿਆ ਸਕਦੀ ਹੈ। ਪਿਛਲੇ ਕੁਝ ਸਾਲਾਂ ਤੋਂ ਵੱਧ ਰਿਹਾ ਤਾਪਮਾਨ ਸਭ ਨੂੰ ਪ੍ਰਭਾਵਿਤ ਕਰ ਰਿਹਾ ਹੈ, ਨਤੀਜੇ ਵਜੋਂ ਮੌਸਮਾਂ ਦੀ ਬਦਲ ਰਹੀ ਫਿਤਰਤ ਤੋਂ ਕੋਈ ਨਹੀਂ ਬਚ ਸਕਿਆ ਹੈ। ਓਜ਼ੋਨ ਪਰਤ ਦੇ ਨੁਕਸਾਨ ਨੇ ਕਿੰਨੀਆਂ ਹੀ ਬਿਮਾਰੀਆਂ ਵਿਚ ਵਾਧਾ ਕੀਤਾ ਹੈ। ਵਾਹਨਾਂ ਵਿਚ ਵਰਤੇ ਜਾਂਦੇ ਤੇਲ ਨੇ ਹਵਾ ਪ੍ਰਦੂਸ਼ਿਤ ਕੀਤੀ ਹੈ। ਵਿਸ਼ਵ ਸਿਹਤ ਸੰਸਥਾ ਦੇ ਅੰਦਾਜ਼ੇ ਮੁਤਾਬਿਕ, ਤਕਰੀਬਨ 1.2 ਕਰੋੜ ਲੋਕ ਹਰ ਸਾਲ ਇਸ ਲਈ ਮਰ ਜਾਂਦੇ ਹਨ ਕਿ ਉਨ੍ਹਾਂ ਨੂੰ ਸਿਹਤਮੰਦ ਵਾਤਾਵਰਨ ਨਹੀਂ ਮਿਲ ਰਿਹਾ। ਇਸ ਖਰਾਬੀ ਲਈ ਅਸੀਂ ਹੀ ਜ਼ਿੰਮੇਵਾਰ ਹਾਂ। ਇਹੀ ਹਾਲਤ ਪਾਣੀ ਦੀ ਹੈ ਹਾਲਾਂਕਿ ਏਅਰਪਿਊਰੀਫਾਇਰ, ਵੱਖ-ਵੱਖ ਤਰ੍ਹਾਂ ਦੇ ਏਅਰ ਕੰਡੀਸ਼ਨਰ ਆ ਰਹੇ ਹਨ ਤੇ ਇਸ ਦਿਸ਼ਾ ਵਿੱਚ ਖੋਜ ਵੀ ਕਾਫੀ ਹੋ ਰਹੀ ਹੈ, ਪਰ ਸਮੱਸਿਆ ਦੀ ਜੜ੍ਹ ਨੂੰ ਲੈ ਕੇ ਕੋਈ ਕੰਮ ਨਹੀਂ ਹੋ ਰਿਹਾ। ਤਕਨਾਲੋਜੀ ਦੀ ਡੋਰ ਸਰਮਾਏਦਾਰੀ ਦੇ ਹੱਥ ਹੈ ਤੇ ਉਹ ਮੁਨਾਫ਼ੇ ਵਾਲੀ ਦਿਸ਼ਾ ਵਿੱਚ ਖੋਜ ਕਰਦੇ ਹਨ। ਹਰ ਸਾਲ ਨਵੇਂ ਤੋਂ ਨਵਾਂ ਮਾਡਲ ਲਿਆ ਕੇ ਬਾਜ਼ਾਰ ਭਰ ਦਿੰਦੇ ਹਨ। ਇਉਂ ਸਿਹਤ ਦਾ ਨੁਕਸਾਨ ਰੁਕਣ ਦੀ ਬਜਾਏ ਵਧ ਰਿਹਾ ਹੈ। ਸਿਹਤ ਦੇ ਖੇਤਰ ਵਿਚ ਨਾ-ਬਰਾਬਰੀ ਪਹਿਲਾਂ ਹੀ ਕਾਫੀ ਹੈ, ਇਸ ਸਮੱਸਿਆ ਨਾਲ ਜਦੋਂ ਪੂਰੀ ਧਰਤੀ ਅਤੇ ਜੀਵ ਪ੍ਰਭਾਵਿਤ ਹੋ ਰਹੇ ਹਨ ਤਾਂ ਇਹ ਨਾ-ਬਰਾਬਰੀ ਹੋਰ ਵਧ ਰਹੀ ਹੈ। ਇਹ ਨਹੀਂ ਕਿ ਏਸੀ ਜਾਂ ਹਵਾ ਸਾਫ਼ ਕਰਨ ਦੀ ਮਸ਼ੀਨ ਅਮੀਰਾਂ ਦੀ ਉਮਰ ਵਧਾ ਰਹੀ ਹੈ ਜਾਂ ਸਿਹਤਮੰਦ ਰੱਖ ਰਹੀ ਹੈ; ਦਰਅਸਲ ਦੋਵੇਂ ਬਿਮਾਰੀਆਂ ਵੱਖ-ਵੱਖ ਹੋ ਰਹੀਆਂ ਹਨ ਤੇ ਸਿਹਤ ਸਹੂਲਤਾਂ ਅਮੀਰ ਆਦਮੀ ਦੀ ਪਹੁੰਚ ਵਿਚ ਹਨ। ਪ੍ਰਦੂਸ਼ਿਤ ਵਾਤਾਵਰਨ ਨੇ ਹਵਾ, ਪਾਣੀ ਅਤੇ ਹੁਣ ਖੁਰਾਕ ਨੂੰ ਵੀ ਪ੍ਰਭਾਵਿਤ ਕੀਤਾ ਹੈ ਤੇ ਕੈਂਸਰ, ਦਮਾ ਅਤੇ ਦਿਲ ਦੀਆਂ ਬਿਮਾਰੀਆਂ ਵਧਾਈਆਂ ਹਨ। ਘਰ ਦੀ ਰਸੋਈ ਤੋਂ ਬਾਹਰ ਬਾਜ਼ਾਰ ਵਿੱਚ ਮਿਲਦੀ ਫਾਸਟ-ਫੂਡ ਮੋਟਾਪੇ ਦੀ ਦਰ ਨੂੰ ਖ਼ਤਰਨਾਕ ਸੀਮਾ ਤੱਕ ਲੈ ਗਈ ਹੈ ਤੇ ਇਸ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਜ਼ਾਹਿਰ ਹੈ ਕਿ ਜਦੋਂ ਤੱਕ ਸਿਹਤ ਦਾ ਪਹਿਲੂ ਵਿਆਪਕ ਪੱਧਰ ’ਤੇ ਨਹੀਂ ਸਮਝਿਆ ਜਾਂਦਾ; ਭਾਵ, ਧਰਤੀ ਦੀ ਸਿਹਤ ਬਾਰੇ ਵਿਚਾਰ ਨਹੀਂ ਕੀਤੀ ਜਾਂਦੀ, ਤਦ ਤੱਕ ਸਿਹਤ ਦਾ ਖੇਤਰ ਮਾਰ ਹੇਠ ਰਹੇਗਾ। ਹਸਪਤਾਲਾਂ ਵਿੱਚ ਲੋੜੀਂਦੇ ਟੈਸਟ ਅਤੇ ਦਵਾਈਆਂ ਮੁਹੱਈਆ ਕਰਵਾਉਣਾ ਵੀ ਸਿਹਤ ਬਾਰੇ ਪੂਰੀ ਸਮਝ ਨਹੀਂ ਹੈ। ਇਸ ਦਿਸ਼ਾ ਵਿਚ ਚੰਗੀ ਹਵਾ, ਪਾਣੀ ਤੇ ਖੁਰਾਕ ਦੀ ਗਾਰੰਟੀ ਕੁਝ ਹੱਦ ਤੱਕ ਸਹੀ ਕਦਮ ਹੋਵੇਗਾ। ਇਸ ਦੇ ਲਈ ਸਰਮਾਏਦਾਰੀ ਨੂੰ ਆਪਣੇ ਸਨਅਤੀ ਤੌਰ-ਤਰੀਕੇ ਬਦਲਣੇ ਪੈਣਗੇ। ਹੁਣ ਸਨਅਤਕਾਰ ਆਪਣੇ ਮੁਨਾਫ਼ੇ ਘੱਟ ਕਰਨ ਲਈ ਕਿੰਨਾ ਕੁ ਰਾਜ਼ੀ ਹੋਣਗੇ, ਇਹ ਦੇਖਣ ਵਾਲਾ ਨੁਕਤਾ ਹੈ।

# ਵਿਧਾਇਕ ਮਾਲੇਰਕੋਟਲਾ ਵੱਲੋਂ ਨੱਥੋਹੇੜੀ, ਅਬਦੂਲਾਪੁਰ ਅਤੇ ਕਾਸਮਪੁਰ ਦੇ ਸਕੂਲਾਂ ਦਾ 32 ਲੱਖ 32 ਹਜਾਰ ਰੁਪਏ ਤੋਂ ਵੱਧ ਰਾਸ਼ੀ ਨਾਲ ਕਰਵਾਏ ਵਿਕਾਸ ਕਾਰਜ

**ਮਲੇਰਕੋਟਲਾ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**




ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ‘ਪੰਜਾਬ ਸਿੱਖਿਆ ਕ੍ਰਾਂਤੀ’ ਮੁਹਿੰਮ ਤਹਿਤ ਅੱਜ ਵਿਧਾਇਕ ਮਾਲੇਰਕੋਟਲਾ ਡਾ ਜਮੀਲ ਉਰ ਰਹਿਮਾਨ ਵਲੋਂ ਵਿਧਾਨ ਸਭਾ ਹਲਕਾ ਮਾਲੇਰਕੋਟਲਾ ਅਧੀਨ ਆਉਂਦੇ ਪਿੰਡ ਨੱਥੋਹੇੜੀ,ਅਬਦੂਲਾਪੁਰ ਅਤੇ ਕਾਸਮਪੁਰ ਦੇ ਵੱਖ ਵੱਖ ਸਰਕਾਰੀ ਸਕੂਲਾਂ ਦੇ ਸਕੂਲਾਂ ਦਾ 32 ਲੱਖ 32 ਹਜਾਰ ਰੁਪਏ ਤੋਂ ਵੱਧ ਰਾਸ਼ੀ ਨਾਲ ਕਰਵਾਏ ਵਿਕਾਸ ਕਾਰਜ ਕਰਵਾ ਕੇ ਲੋਕ ਅਰਪਣ ਕੀਤੇ । ਇਸ ਮੌਕੇ ਉਨ੍ਹਾਂ ਦੀ ਪਤਨੀ ਫਰਿਆਲ ਰਹਿਮਾਨ ਵੀ ਮੌਜੂਦ ਸਨਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ ਕਰੀਬੀ 08 ਲੱਖ 10 ਹਜਾਰ ਰੁਪਏ ਦੀ ਲਾਗਤ ਨਾਲ ਸਰਕਾਰੀ ਪ੍ਰਾਇਮਰੀ ਸਕੂਲ,ਨੱਥੋਹੇੜੀ ਦੀ ਨਵੀ ਚਾਰਦੀਵਾਰੀ ਅਤੇ ਪੁਰਾਣੀ ਚਾਰੀਦੀਵਾਰੀ ਦੀ ਰਿਪੇਅਰ , 08 ਲੱਖ 50 ਹਜਾਰ ਰੁਪਏ ਦੀ ਲਾਗਤ ਨਾਲ ਸਰਕਾਰੀ ਮਿਡਲ ਸਕੂਲ ਅਤੇ 3 ਲੱਖ 61 ਹਜਾਰ 840 ਰੁਪਏ ਦੀ ਲਾਗਤ ਨਾਲ ਕਮਰਿਆਂ ਦਾ ਨਵੀਨੀਕਰਨ ਅਤੇ ਚਾਰਦੀਵਾਰੀ ਦੀ ਰਿਪੇਅਰ ਅਤੇ 12 ਲੱਖ 11 ਹਜਾਰ ਰੁਪਏ ਦੀ ਲਾਗਤ ਨਾਲ ਸਰਕਾਰੀ ਪ੍ਰਾਇਮਰੀ ਸਕੂਲ ਕਾਸਮਪੁਰ ਵਿਖੇ ਸਕੂਲਾਂ ਦੇ ਸਰਵਪੱਖੀ ਵਿਕਾਸ ਤੇ ਖਰਚ ਕੀਤੇ ਗਏ ਹਨ ।

ਉਨ੍ਹਾਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਦਾ ਮਿਆਰ ਉੱਚਾ ਚੁੱਕਣ ਲਈ ਜੰਗੀ ਪੱਧਰ ’ਤੇ ਉਪਰਾਲੇ ਕਰ ਰਹੀ ਹੈ ਅਤੇ ਸਕੂਲਾਂ ਦੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਨੂੰ ਮੁਕੰਮਲ ਹੋਣ ਉਪਰੰਤ ਉਦਘਾਟਨ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਹ ਪ੍ਰੋਜੈਕਟ ਵਿਦਿਆਰਥੀਆਂ ਦਾ ਪ੍ਰਾਈਵੇਟ ਸਕੂਲਾਂ ਦੇ ਮੁਕਾਬਲੇ ਬੌਧਿਕ ਵਿਕਾਸ ਵਿੱਚ ਵਾਧਾ ਕਰਨ ਲਈ ਲਾਹੇਵੰਦ ਸਿੱਧ ਹੋਣਗੇ।ਉਹਨਾਂ ਬੱਚਿਆਂ ਦੇ ਮਾਪਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਇਸ ਗੱਲ ਦੀ ਪਰਖ ਜ਼ਰੂਰ ਕਰਨ ਕਿ ਹੁਣ ਪ੍ਰਾਈਵੇਟ ਸਕੂਲਾਂ ਦੇ ਮੁਕਾਬਲੇ ਸਰਕਾਰੀ ਸਕੂਲਾਂ ਦੇ ਅਧਿਆਪਕ ਵੱਧ ਪੜ੍ਹੇ-ਲਿਖੇ ਅਤੇ ਵੱਧ ਤਜ਼ਰਬੇ ਵਾਲੇ ਹਨ। ਇਸ ਲਈ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਸਰਕਾਰੀ ਸਕੂਲਾਂ ਵਿੱਚ ਪੜ੍ਹਾਕੇ ਉਹਨਾਂ ਦੇ ਭਵਿੱਖ ਨੂੰ ਸੁਨਹਿਰਾ ਬਨਾਉਣ।

## ਬ੍ਰਹਮਾ ਕੁਮਾਰੀਜ਼ ਸੈਂਟਰ ਵਿੱਚ ਰੋਜ਼ਾਨਾ ਅਧਿਆਨ ਦੀ ਮਹਾਨ ਮਹੱਤਤਾ

**ਸੁਨਾਮ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਤਰਰਾਸ਼ਟਰੀ ਵੈਦਿਕ ਵਕਤਾ ਸਵਾਮੀ ਓਂਕਾਰਾਨੰਦ ਸਰਸਵਤੀ, ਜੋ ਦੇਸ਼ ਵਿਦੇਸ਼ ਵਿੱਚ ਭਾਰਤੀ ਸੰਸਕ੍ਰਿਤੀ ਦਾ ਪ੍ਰਚਾਰ ਕਰਦੇ ਹਨ, ਬ੍ਰਹਮਾ ਕੁਮਾਰੀਜ਼ ਸੈਂਟਰ ਸੁਨਾਮ ਵਿੱਚ ਕੇਂਦਰ ਇੰਚਾਰਜ ਰਾਜਯੋਗਿਨੀ ਮੀਰਾ ਦੀਦੀ ਦੇ ਵਿਸ਼ੇਸ਼ ਸੱਦੇ ’ਤੇ ਵਿਸ਼ੇਸ਼ ਮਹਿਮਾਨ ਵਕਤਾ ਵਜੋਂ ਪਹੁੰਚੇ। ਬੀਕੇ ਮੀਰਾ ਦੀਦੀ ਅਤੇ ਉਥੇ ਮੌਜੂਦ ਸਾਰੇ ਭਰਾ-ਭੈਣਾਂ ਨੇ ਉਨ੍ਹਾਂ ਦਾ ਬੁਕੇ ਭੇਟ ਕਰਕੇ ਸਨਮਾਨਿਤ ਕੀਤਾ।

ਸਵਾਮੀ ਓਂਕਾਰਾਨੰਦ ਨੇ ਰੋਜ਼ਾਨਾ ਸਮੂਹਿਕ ਅਧਿਆਨ ਲਈ ਇਕੱਠੇ ਹੋਏ ਭਰਾ-ਭੈਣਾਂ ਨੂੰ ਸੰਬੋਧਨ ਕਰਦਿਆਂ ਆਪਣੇ ਅਨੁਭਵ ਸਾਂਝੇ ਕੀਤੇ।

# ਪਟਿਆਲਾ ਦੇ ਨਿਜੀ ਸਕੂਲਾਂ ‘ਚ ਸੇਫ ਵਾਹਨ ਨੀਤੀ ਨੂੰ ਸਖ਼ਤੀ ਨਾਲ ਲਾਗੂ ਕਰਨ ਦੇ ਆਦੇਸ਼-ਐਸ.ਡੀ.ਐਮ.

**ਪਟਿਆਲਾ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਨਿਜੀ ਸਕੂਲਾਂ ‘ਚ ਸੇਫ ਵਾਹਨ ਨੀਤੀ ਨੂੰ ਸਖ਼ਤੀ ਨਾਲ ਲਾਗੂ ਕਰਨ ਦੇ ਆਦੇਸ਼ ਦੇਂਦਿਆਂ ਪਟਿਆਲਾ ਦੇ ਐਸ.ਡੀ.ਐਮ. ਗੁਰਦੇਵ ਸਿੰਘ ਧੰਮ ਨੇ ਜ਼ਿਲ੍ਹਾ ਸਿੱਖਿਆ ਵਿਭਾਗ ਤੇ ਟ੍ਰੈਫਿਕ ਪੁਲਿਸ ਅਧਿਕਾਰੀਆਂ ਨੂੰ ਕਿਹਾ ਕਿ ਉਹ ਸਕੂਲੀ ਵਾਹਨਾਂ ਦੀ ਅਚਨਚੇਤ ਚੈਕਿੰਗ ਕਰਨ ।
ਉਹ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਮੂਹ ਸਕੂਲਾਂ ਦੇ ਪ੍ਰਿੰਸੀਪਲਜ਼ ਨਾਲ ਮੀਟਿੰਗ ਕਰ ਰਹੇ ਸਨ । ਮੀਟਿੰਗ ਦੌਰਾਨ ਵਿਚਾਰ ਵਟਾਂਦਰਾ ਕੀਤਾ ਗਿਆ ਕਿ ਜੇਕਰ ਵੱਡੇ ਸਕੂਲਾਂ ਦੇ ਛੁੱਟੀ ਦੇ ਸਮੇਂ ਵਿੱਚ 5-10 ਮਿੰਟ ਦਾ ਫਰਕ ਪਾ ਲਿਆ ਜਾਵੇ ਤਾਂ ਸ਼ਹਿਰ ਵਿੱਚ ਟ੍ਰੈਫਿਕ ਤੋ ਨਿਜ਼ਾਤ ਪਾਈ ਜਾ ਸਕਦੀ ਹੈ ।
\ ਗੁਰਦੇਵ ਸਿੰਘ ਧੰਮ ਨੇ ਕਿਹਾ ਕਿ ਜੇਕਰ ਕੋਈ ਸਕੂਲ ਸੇਫ਼ ਵਾਹਨ ਨੀਤੀ ਦੀ ਉਲੰਘਣਾ ਕਰਦਾ ਹੈ ਤਾਂ ਉਸ ਸਕੂਲ ਦੇ ਪ੍ਰਿੰਸੀਪਲ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ ।

ਉਹਨਾਂ ਇਹ ਵੀ ਕਿਹਾ ਕਿ ਕਈ ਵਾਰ ਅੱਗ ਬੁਝਾਊ ਯੰਤਰਾਂ ਦੀ ਮਿਆਦ ਪੂਰੀ ਹੋ ਚੁੱਕੀ ਹੁੰਦੀ ਹੈ, ਓਹਨਾ ਦੀ ਚੈਕਿੰਗ ਅਤਿ ਜਰੂਰੀ ਹੈ ਤਾਂ ਕਿ ਕਿਸੇ ਵੀ ਤਰ੍ਹਾਂ ਦੀ ਦੁਰਘਟਨਾ ਤੋ ਬਚਿਆ ਜਾ ਸਕੇ । ਉਹਨਾਂ ਇਹ ਵੀ ਕਿਹਾ ਕਿ ਲੜਕੀਆਂ ਦੀ ਸੁਰੱਖਿਆ ਲਈ ਬੱਸ ਵਿੱਚ ਇੱਕ ਮਹਿਲਾ ਕੰਡਕਟਰ ਦਾ ਹੋਣਾ ਲਾਜਮੀ ਹੈ ।

ਐਸ.ਡੀ.ਐਮ. ਨੇ ਸੇਫ ਸਕੂਲ ਵਾਹਨ ਪਾਲਿਸੀ ਲਾਗੂ ਕਰਨ ਤੇ ਜੋਰ ਦਿੰਦਿਆਂ ਕਿਹਾ ਕਿ ਸਕੂਲੀ ਬੱਸਾਂ ਤੇ ਹੋਰ ਵਾਹਨ 15 ਸਾਲ ਤੋਂ ਪੁਰਾਣੇ ਨਾ ਹੋਣ ਤੇ ਇਹ ਸੁਰੱਖਿਅਤ ਵੀ ਹੋਣ ਤਾਂ ਕਿ ਸਕੂਲ ਸੇਫ ਵਾਹਨ ਨੀਤੀ ਦੀ ਪਾਲਨਾ ਲਾਜ਼ਮੀ ਹੋਵੇ । ਉਹਨਾਂ ਕਿਹਾ ਕਿ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਹਦਾਇਤਾਂ ਮੁਤਾਬਕ ਡਰਾਇਵਰ ਦੀ ਨੇਮ ਪਲੇਟ ਤੇ ਵਰਦੀ, ਮਹਿਲਾ ਅਟੈਂਡੈਂਟ, ਮੁੱਢਲੀ ਸਹਾਇਤਾ ਬਕਸੇ, ਅੱਗ ਬੁਝਾਉ ਯੰਤਰ, ਸੀ.ਸੀ.ਟੀ.ਵੀ. ਕੈਮਰੇ ਅਤੇ ਓਵਰ ਲੋਡਿੰਗ ਕਰਨ ਵਾਲਿਆਂ ਦੇ ਸਮੇਂ ਸਮੇਂ ਤੇ ਚੈਕਿੰਗ ਕੀਤੀ ਜਾਵੇ ਅਤੇ ਚਲਾਨ ਕੱਟੇ ਜਾਣ ।
ਮੀਟਿੰਗ ਦੌਰਾਨ ਡੀ.ਐਸ.ਪੀ. ਅੱਛਰੂ ਰਾਮ , ਜ਼ਿਲ੍ਹਾ ਸਿੱਖਿਆ ਅਫਸਰ (ਪ੍ਰਾਇਮਰੀ/ਸੈਕੰਡਰੀ) ਸੰਜੀਵ ਕੁਮਾਰ ਅਤੇ ਵੱਖ-ਵੱਖ ਨਿਜੀ ਸਕੂਲਾਂ ਦੇ ਪ੍ਰਿੰਸੀਪਲ ਹਾਜ਼ਰ ਸਨ ।

# ਟਰਾਈਡੈਂਟ ਫਾਊਂਡੇਸ਼ਨ ਵੱਲੋਂ ਕੈਂਸਰ ਜਾਗਰੂਕਤਾ ਕੈਂਪ ਜਾਰੀ, ਦੂਜੇ ਦਿਨ 700 ਲੋਕਾਂ ਨੇ ਲਾਭ ਉਠਾਇਆ

**ਬਰਨਾਲਾ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਟਰਾਈਡੈਂਟ ਫਾਊਂਡੇਸ਼ਨ ਵੱਲੋਂ ਟਰਾਈਡੈਂਟ ਗਰੁੱਪ ਦੇ ਸੰਸਥਾਪਕ ਪਦਮ ਸ਼੍ਰੀ ਰਾਜਿੰਦਰ ਗੁਪਤਾ ਜੀ ਦੀ ਅਗਵਾਈ ਹੇਠ ਵਰਡ ਕੈਂਸਰ ਕੇਅਰ ਸੁਸਾਇਟੀ ਦੇ ਸਹਿਯੋਗ ਨਾਲ ਲਗਾਏ ਗਏ ਕੈਂਸਰ ਜਾਗਰੂਕਤਾ ਅਤੇ ਅਵੇਅਰਨੈਸ ਕੈਂਪ ਦੇ ਦੂਜੇ ਦਿਨ ਵੀ ਲੋਕਾਂ ਦਾ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਅੱਜ ਤਕਰੀਬਨ 700 ਲੋਕਾਂ ਨੇ ਇਸ ਕੈਂਪ ਦਾ ਲਾਹਾ ਲਿੱਤਾ ਅਤੇ ਲੋੜਵੰਦ ਮਰੀਜ਼ਾਂ ਨੂੰ ਮੁਫਤ ਨਜ਼ਰ ਦੀਆਂ ਐਨਕਾਂ ਵੀ ਦਿੱਤੀਆਂ ਗਈਆਂ।

ਵੱਖ-ਵੱਖ ਪਿੰਡਾਂ ਤੋਂ ਆਏ ਬਜ਼ੁਰਗਾਂ ਅਤੇ ਮਰੀਜ਼ਾਂ ਨੇ ਡਾਕਟਰਾਂ ਦੀਆਂ ਟੀਮਾਂ ਵੱਲੋਂ ਦਿੱਤੀਆਂ ਜਾ ਰਹੀਆਂ ਮੁਫਤ ਸੇਵਾਵਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਟਰਾਈਡੈਂਟ ਫਾਊਂਡੇਸ਼ਨ ਦੇ ਇਸ ਉਪਰਾਲੇ ਨੂੰ ਮਨੁੱਖਤਾ ਦੀ ਸੇਵਾ ਵਿੱਚ ਇੱਕ ਵੱਡਾ ਕਦਮ ਦੱਸਿਆ। ਡਾਕਟਰਾਂ ਦੀਆਂ ਟੀਮਾਂ ਨੇ ਮਰੀਜ਼ਾਂ ਦੀ ਜਾਂਚ ਕੀਤੀ ਅਤੇ ਉਨ੍ਹਾਂ ਨੂੰ ਕੈਂਸਰ ਤੋਂ ਬਚਾਅ ਅਤੇ ਇਸ ਦੇ ਸ਼ੁਰੂਆਤੀ ਲੱਛਣਾਂ ਬਾਰੇ ਜਾਣਕਾਰੀ ਦਿੱਤੀ।

ਸ਼ਹਿਰ ਦੇ ਵੱਖ-ਵੱਖ ਧਾਰਮਿਕ, ਰਾਜਨੀਤਿਕ, ਸਮਾਜਿਕ ਅਤੇ ਵਪਾਰਕ ਲੋਕਾਂ ਦਾ ਵੀ ਇਸ ਕੈਂਪ ਨੂੰ ਪੂਰਾ ਸਮਰਥਨ ਮਿਲ ਰਿਹਾ ਹੈ। ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਕੈਂਪ ਵਿੱਚ ਪਹੁੰਚ ਕੇ ਪ੍ਰਬੰਧਕਾਂ ਨੂੰ ਹੌਂਸਲਾ ਦਿੱਤਾ ਅਤੇ ਇਸ ਨੇਕ ਕਾਰਜ ਵਿੱਚ ਆਪਣਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ।ਟਰਾਈਡੈਂਟ ਗਰੁੱਪ ਵੱਲੋਂ ਕੈਂਪ ਵਿੱਚ ਆਏ ਹੋਏ ਮਰੀਜ਼ਾਂ ਵਾਸਤੇ ਚਾਹ-ਬਿਸਕੁਟ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ, ਤਾਂ ਜੋ ਉਨ੍ਹਾਂ ਨੂੰ ਕਿਸੇ ਕਿਸਮ ਦੀ ਕੋਈ ਪਰੇਸ਼ਾਨੀ ਨਾ ਹੋਵੇ। ਵਾਲੰਟੀਅਰਾਂ ਦੀ ਟੀਮ ਨੇ ਵੀ ਮਰੀਜ਼ਾਂ ਦੀ ਸਹੂਲਤ ਲਈ ਵੱਖ-ਵੱਖ ਸੇਵਾਵਾਂ ਨਿਭਾਈਆਂ।

ਪ੍ਰਬੰਧਕਾਂ ਨੇ ਦੱਸਿਆ ਕਿ ਕੈਂਪ ਦਾ ਮੁੱਖ ਉਦੇਸ਼ ਲੋਕਾਂ ਨੂੰ ਕੈਂਸਰ ਪ੍ਰਤੀ ਜਾਗਰੂਕ ਕਰਨਾ ਅਤੇ ਉਨ੍ਹਾਂ ਨੂੰ ਇਸ ਬਿਮਾਰੀ ਤੋਂ ਬਚਾਅ ਲਈ ਸਹੀ ਜਾਣਕਾਰੀ ਮੁਹੱਈਆ ਕਰਵਾਉਣਾ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਕੈਂਪ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚ ਕੇ ਲਾਭ ਉਠਾਉਣ।

ਇਹ ਕੈਂਪ ਅਗਲੇ ਕੁਝ ਦਿਨਾਂ ਤੱਕ ਜਾਰੀ ਰਹੇਗਾ।

# ਐਸ.ਬੀ.ਆਈ, ਪੇਂਡੂ ਸਵੈ ਰੁਜ਼ਗਾਰ ਸਿਖਲਾਈ ਸੰਸਥਾ (ਆਰਸੇਟੀ) ਵੱਲੋਂ ਜੂਟ ਬੈਗ ਦੀ ਟਰੇਨਿੰਗ ਲੈ ਰਹੀਆਂ ਸਿੱਖਿਆਰਥਣਾ ਨੂੰ ਪ੍ਰਮਾਣ ਪੱਤਰ ਵੰਡੇ ਗਏ



**ਪਟਿਆਲਾ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਟੇਟ ਬੈਂਕ ਆਫ਼ ਇੰਡੀਆ ਦੇ ਪੇਂਡੂ ਸਵੈ ਰੁਜ਼ਗਾਰ ਸਿਖਲਾਈ ਸੰਸਥਾ (ਆਰਸੇਟੀ) ਵੱਲੋਂ ਪਿੰਡ ਜੱਸੋਵਾਲ, ਭਾਦਸੋਂ ਰੋਡ, ਪਟਿਆਲਾ ਵਿਖੇ ਜੂਟ ਬੈਗ ਦੀ ਟਰੇਨਿੰਗ ਲੈ ਰਹੀ ਸਿੱਖਿਆਰਥਣਾ ਨੂੰ ਪ੍ਰਮਾਣ ਪੱਤਰ ਵੰਡੇ ਗਏ।

ਇਸ ਸਮਾਗਮ ਵਿੱਚ ਰੋਜ਼ਗਾਰ ਵਿਭਾਗ ਪਟਿਆਲਾ ਦੇ ਸ.ਸਤਿੰਦਰ ਸਿੰਘ (ਸੀ.ਈ.ਓ.) ਰੁਜ਼ਗਾਰ ਦਫ਼ਤਰ ਪਟਿਆਲਾ ਖਾਸ ਤੌਰ ਤੇ ਸ਼ਮੂਲੀਅਤ ਕੀਤੀ।

ਇਸ ਮੌਕੇ ਸੰਬੋਧਨ ਕਰਦਿਆਂ ਸ. ਸਤਿੰਦਰ ਸਿੰਘ (ਸੀ.ਈ.ਓ.) ਰੁਜ਼ਗਾਰ ਦਫ਼ਤਰ ਪਟਿਆਲਾ ਨੇ ਕਿਹਾ ਕਿ ਭਾਰਤੀਯ ਸਟੇਟ ਬੈਂਕ ਵੱਲੋਂ ਚਲਾਈ ਜਾ ਰਹੀ ਪੇਂਡੂ ਸਵੈ ਰੁਜ਼ਗਾਰ ਸਿਖਲਾਈ ਸੰਸਥਾ (ਆਰਸੇਟੀ)ਇੱਕ ਬਹੁਤ ਵਧੀਆ ਉਪਰਾਲਾ ਹੈ।

ਉਹਨਾਂ ਕਿਹਾ ਕਿ ਸਵੈ ਰੋਜ਼ਗਾਰ ਨੂੰ ਵਧਾਉਣ ਵਿੱਚ ਬੈਂਕ ਵੱਲੋਂ ਚਲਾਈ ਜਾਂ ਰਹੀ ਇਸ ਸੰਸਥਾ ਦਾ ਵੱਡਾ ਯੋਗਦਾਨ ਹੈ 9ਉਹਨਾਂ ਸੰਸਥਾ ਵਿੱਚ ਮੌਜੂਦ ਸਹੂਲਤਾਂ ਅਤੇ ਟ੍ਰੇਨਿੰਗ ਪੱਧਰ ਦੀ ਸ਼ਲਾਘਾ ਕੀਤੀ । ਉਹਨਾਂ ਨੇ ਸਾਰੇ ਕਾਮਯਾਬ ਸਿਖਿਆਰਥੀਆਂ ਨੂੰ ਪ੍ਰਮਾਣ ਪੱਤਰ ਵੰਡੇ। ।

ਇਸ ਮੌਕੇ ਐਸ.ਬੀ.ਆਈ.ਆਰ ਸੇਟੀ, ਪਟਿਆਲਾ ਦੇ ਡਾਇਰੈਕਟਰ ਭਗਵਾਨ ਸਿੰਘ ਵਰਮਾ ਨੇ ਦੱਸਿਆ ਕਿ ਆਰਸੇਟੀ ਪਟਿਆਲਾ ਵਿੱਚ 60 ਤੋਂ ਵੀ ਵੱਧ ਵੱਖਰੇ ਵੱਖਰੇ ਕੋਰਸਾਂ ਲਈ ਟ੍ਰੇਨਿੰਗ ਦਿੱਤੀ ਜਾਂਦੀ ਹੈ ।

ਇਸ ਮੌਕੇ(ਆਰਸੇਟੀ) ਪਟਿਆਲਾਦੇ ਸ:ਬਲਜਿੰਦਰ ਸਿੰਘ,ਸ:ਹਰਦੀਪ ਸਿੰਘ ਰਾਏ, ਸ:ਅਜੀਤਇੰਦਰ ਸਿੰਘ , ਅਰਸ਼ਦੀਪ ਕੌਰ ਤੇ ਜਸਵਿੰਦਰ ਸਿੰਘ ਸ਼ਮਿਲ ਰਹੇ।

ਡਾਇਰੈਕਟਰ ਭਗਵਾਨ ਸਿੰਘ ਵਰਮਾ ਦੱਸਿਆ ਕਿ ਬੱਕਰੀ ਪਾਲਣ, ਕੰਪਿਊਟਰ ਅਕਾਉਂਟਿੰਗ , ਜੂਟ ਦੇ ਪ੍ਰੋਡਕਟਸ ਡੇਅਰੀ ਫਾਰਮਿੰਗ, ਟੇਲਰਿੰਗ, ਬਿਊਟੀ ਪਾਰਲਰ ਆਦਿ ਸਿਖਲਾਈ ਕੋਰਸਾਂ ਲਈ ਸਿਖਲਾਈ ਪ੍ਰਾਪਤ ਕਰਨ ਵਾਲਿਆਂ ਦਾ ਨਾਮ ਦਰਜ ਕਰਵਾਉਣਾ ਆਰਸੇਟੀ, ਪਟਿਆਲਾ ਵਿਖੇ ਸ਼ੁਰੂ ਕੀਤਾ ਗਿਆ ਹੈ। ਇਸ ਕੋਰਸ ਲਈ ਪੇਂਡੂ ਖੇਤਰ ਤੋਂ ਮਹਿਲਾ ਅਤੇ ਹੋਰ ਬੇਰੋਜ਼ਗਾਰ ਲੋੜਵੰਦਾਂ ਨੂੰ ਵੱਧ ਤੋਂ ਵੱਧ ਇਸ ਕੋਰਸ ਲਈ ਰਜਿਸਟਰ ਕਰਵਾਓ। ਉਮਰ 18 ਤੋਂ 45 ਸਾਲ ।

ਸਾਰੇ ਕੋਰਸ ਮੁਫਤ ਹਨ9ਡਾਇਰੈਕਟਰ ਡਾਇਰੈਕਟਰ ਆਰਸੇਟੀ,ਨੇ ਦੱਸਿਆ ਕਿ ਇਹਨਾ ਕਿੱਤਾਮੁਖੀ ਕੋਰਸਾਂ ਵਿਚ ਭਾਗ ਲੈ ਰਹੇ 18-45 ਸਾਲ ਦੇ ਸਿਖਿਆਰਥੀਆਂ ਨੂੰ ਮੁਫਤ ਸਿੱਖਿਆ ਦੇ ਨਾਲ ਦੁਪਿਹਰ ਦਾ ਖਾਣਾ ਅਤੇ ਦੋ ਸਮੇ ਦੀ ਚਾਹ ਵੀ ਮੁਫਤ ਦਿੱਤੀ ਜਾਂਦੀ ਹੈਂ। ਉਹਨਾਂ ਨੇ ਦੱਸਿਆ ਕਿ ਪ੍ਰਭਾਵਸ਼ਾਲੀ ਰੋਜ਼ਗਾਰ ਪੈਦਾ ਕਰਨ ਲਈ ਸਿਖਿਅਤ ਉਮੀਦਵਾਰਾਂ ਨਾਲ ਦੋ ਸਾਲਾਂ ਤਕ ਫਾਲੋ ਅਪ ਵੀ ਕੀਤਾ ਜਾਂਦਾ ਹੈਅਤੇ ਨਵੀਆਂ ਰਜਿਸ਼ਟ੍ਰੇਸ਼ਨਾਂ ਲਈ ਗੂਗਲ ਫਾਰਮ ਤੇ ਕੋਡ ਆਨਲਾਈਨ ਜਾਰੀ ਕੀਤਾ ਗਿਆ ਹੈ

# ਸਾਈਬਰ ਕ੍ਰਾਈਮ ਪੁਲਿਸ ਨੂੰ ਮਿਲੀ ਵੱਡੀ ਸਫਲਤਾ



**ਪਟਿਆਲਾ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੀ ਸਾਈਬਰ ਕ੍ਰਾਈਮ ਦੀ ਪੁਲਿਸ ਸੈਲ ਦੇ ਐਸਐਚਓ ਜਸਮਨ ਰੂਪ ਕੌਰ ਦੀ ਅਗਵਾਈ ਹੇਠ 37 ਲੱਖ 84 ਹਜਾਰ ਰੁਪਏ ਦੀ ਠੱਗੀ ਦੇ ਮਾਮਲੇ ਵਿੱਚ ਦੋ ਵਿਅਕਤੀਆਂ ਨੂੰ ਨਾਮਜਦ ਕਰਕੇ ਉਹਨਾਂ ਨੂੰ ਗਿਰਫਤਾਰ ਕਰਨ ਵਿੱਚ ਸਫਲਤਾ ਹਾਸਲ ਕਰਨ ਲਈ ਗਈ ਹੈ ਐਸਐਸਪੀ ਪਟਿਆਲਾ ਡਾਕਟਰ ਨਾਨਕ ਸਿੰਘ ਅਤੇ ਡੀਐਸਪੀ ਸਾਈਬਰ ਕ੍ਰਾਈਮ ਆਸ ਵਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤੇ ਕਾਰਵਾਈ ਕਰਦਿਆਂ ਇਸ ਮਾਮਲੇ ਵਿੱਚ ਆਸ਼ੀਸ਼ ਅਤੇ ਰਣਧੀਰ ਸਿੰਘ ਵਾਸੀ ਬਿਜਨੌਰ ਜੋ ਕਿ ਉੱਤਰ ਪ੍ਰਦੇਸ਼ ਦੇ ਰਹਿਣ ਵਾਲੇ ਹਨ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਸ਼ਿਕਾਇਤ ਕਰਤਾ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਹਨਾਂ ਨੂੰ ਵੱਧ ਮੁਨਾਫਾ ਦੇਣ ਦਾ ਝਾਂਸਾ ਦੇ ਕੇ ਆਨਲਾਈਨ ਠੱਗੀ ਰਾਹੀਂ ਵੱਖ ਵੱਖ ਖਾਤਿਆਂ ਵਿੱਚ 37 ਲੱਖ 84 ਹਜਾਰ 400 ਰੁਪਏ ਦੀ ਧੋਖਾ ਦੇਹੀ ਕੀਤੀ ਗਈ ਸੀ।

ਜਿਸ ਤੋਂ ਬਾਅਦ ਐਸਐਚਓ ਜਸਮਨ ਰੂਪ ਕੌਰ ਦੀ ਅਗਵਾਈ ਹੇਠ ਏਐਸਆਈ ਬਲਜਿੰਦਰ ਸਿੰਘ ਅਤੇ ਟੈਕਨੀਕਲ ਐਕਸਪਰਟ ਹਵਲਦਾਰ ਨਵਨੀਤ ਸਿੰਘ ਦੀ ਟੀਮ ਨੇ ਪਹਿਲਾਂ ਮਾਮਲੇ ਦੀ ਡੂੰਗਿਆਈ ਨਾਲ ਜਾਂਚ ਕੀਤੀ ਅਤੇ ਫਿਰ ਟੈਕਨੀਕਲ ਆਧਾਰ ਤੇ ਜਿਹੜੇ ਉਹਨਾਂ ਦੀ ਸਰਚ ਕਰਦਿਆਂ ਇਹਨਾਂ ਵਿਅਕਤੀਆਂ ਤੱਕ ਪਹੁੰਚ ਕੀਤੀ

ਜਿਸ ਤੋਂ ਬਾਅਦ ਸਾਈਬਰ ਕ੍ਰਾਈਮ ਦੀ ਪੁਲਿਸ ਨੇ ਇਨਾ ਵਿਅਕਤੀਆਂ ਨੂੰ ਕੇਸ ਵਿੱਚ ਨਾਮਜਦ ਕਰਕੇ ਉਹਨਾਂ ਨੂੰ ਗ੍ਰਫਤਾਰ ਕਰਨ ਵਿੱਚ ਸਫਲਤਾ ਹਾਸਲ ਕਰ ਲਈ ਹੈ ਸਾਈਬਰ ਕ੍ਰਾਈਮ ਦੀ ਐਸਐਚਓ ਜਸਮਨ ਰੂਪ ਕੌਰ ਨੇ ਕਿਹਾ ਕਿ ਸਾਈਬਰ ਕ੍ਰਾਈਮ ਪੁਲਿਸ ਵੱਲੋਂ ਪੂਰੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਲੋਕਾਂ ਨੂੰ ਇਨਸਾਫ ਮਿਲੇ ਪਰ ਇਸ ਦੇ ਨਾਲ ਉਨਾਂ ਲੋਕਾਂ ਨੂੰ ਅਪੀਲ ਵੀ ਕੀਤੀ ਕਿ ਉਹ ਫਾਈਬਰ ਕ੍ਰਾਈਮ ਕਰਨ ਵਾਲਿਆਂ ਦੇ ਵੱਖ-ਵੱਖ ਢੰਗਾਂ ਪ੍ਰਤੀ ਸੁਚੇਤ ਰਹਿਣ ਤਾਂ ਕਿ ਸਾਈਬਰ ਅਪਰਾਧੀਆਂ ਦੀ ਠੱਗੀ ਦਾ ਸ਼ਿਕਾਰ ਹੋਣ ਤੋਂ ਬਚਿਆ ਜਾ ਸਕੇ ਇਸ ਤੋਂ ਇਲਾਵਾ ਉਨਾਂ ਇਹ ਵੀ ਕਿਹਾ ਕਿ ਜੇਕਰ ਕਿਸੇ ਨਾਲ ਕੋਈ ਵੀ ਸਾਈਬਰ ਠੱਗੀ ਦਾ ਮਾਮਲਾ ਹੁੰਦਾ ਹੈ ਤਾਂ ਉਹ ਤੁਰੰਤ ਉਸਦੀ ਸੂਚਨਾ ਅਤੇ ਸ਼ਿਕਾਇਤ 1930 ਤੇ ਅਤੇ ਜ਼ਿਲ ?ਾ ਸਾਈਬਰ ਕ੍ਰਾਈਮ ਸੈਲ ਵਿੱਚ ਤੁਰੰਤ ਦਰਜ ਕਰਵਾਵੇ ਤਾਂ ਜੋ ਉਹਨਾਂ ਦੀ ਤੁਰੰਤ ਮਦਦ ਕੀਤੀ ਜਾ ਸਕੇ

# ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ਦੇ ਅਗਨੀਵੀਰ ਭਰਤੀ ਦੇ ਨਤੀਜੇ ਰਹੇ ਸ਼ਾਨਦਾਰ, ਯੁਵਕਾਂ ਨੇ ਮਾਰੀਆਂ ਮੱਲਾਂ ਅਤੇ ਦੇਸ਼ ਦੀ ਸੇਵਾ ਕਰਨ ਲਈ ਤਿਆਰ

**ਫਾਜ਼ਿਲਕਾ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ਵਿਖੇ ਮਿਤੀ : 01 ਅਕਤੂਬਰ 2024 ਤੋਂ 08 ਅਕਤੂਬਰ 2024 ਤੱਕ ਭਰਤੀ ਰੈਲੀ ਹੋਈ ਸੀ, ਉਸ ਦਾ ਰਿਜਲਟ ਆ ਗਿਆ ਹੈ । ਸੀ-ਪਾਈਟ ਹਕੂਮਤ ਸਿੰਘ ਵਾਲਾ ਵਿਖੇ ਹੋਈ ਇਸ ਅਗਨੀਵੀਰ ਭਰਤੀ ਵਿੱਚ ਫਾਜਿਲਕਾ, ਫਿਰੋਜਪੁਰ, ਸ੍ਰੀ ਮੁਕਤਸਰ ਸਾਹਿਬ, ਫਰੀਦਕੋਟ ਅਤੇ ਬਠਿੰਡਾ ਜਿਲ੍ਹੇ ਦੇ ਨੌਜਵਾਨਾ ਵੱਲੋਂ ਹਿੱਸਾ ਲਿਆ ਗਿਆ। ਜਿਸ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ 480 ਨੌਜਵਾਨ ਆਪਣੇ ਸਾਰੇ ਮਾਪਦੰਡਾਂ ਨੂੰ ਪੂਰਾ ਕਰਕੇ ਆਰਮੀ ਦੇ ਵੱਖ-ਵੱਖ ਸੈਂਟਰਾਂ ਵਿੱਚ ਜਾ ਕੇ ਆਪਣੀ ਟਰੇਨਿੰਗ ਕਰਨਗੇ ਅਤੇ ਦੇਸ ਦੀ ਸੁਰੱਖਿਆ ਵਿੱਚ ਆਪਣਾ ਯੋਗਦਾਨ ਪਾਉਣਗੇ ।

ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ਦੇ ਟ੍ਰੇਨਿੰਗ ਅਫਸਰ ਕੈਪਟਨ ਗੁਰਦਰਸ਼ਨ ਸਿੰਘ ਵੱਲੋਂ ਫਾਜਿਲਕਾ, ਫਰੀਦਕੋਟ, ਫਿਰੋਜ਼ਪੁਰ, ਸ੍ਰੀ ਮੁਕਤਸਰ ਸਾਹਿਬ ਅਤੇ ਮੋਗਾ ਦੇ ਨੌਜਵਾਨਾਂ ਨੂੰ ਦੱਸਿਆ ਜਾਂਦਾ ਹੈ ਕਿ ਅਗਨੀਵੀਰ ਭਰਤੀ ਲਈ ਆਰਮੀ ਦੀ ਆਨਲਾਈਨ ਰਜਿਸਟਰੇਸ਼ਨ ਵਾਲੀ ਸਾਈਟ ਮਿਤੀ: 12 ਮਾਰਚ 2025 ਤੇ 25 ਅਪ੍ਰੈਲ 2025 ਤੱਕ ਰਜਿਸਟਰੇਸ਼ਨ ਕਰਨ ਲਈ ਖੁੱਲੀ ਰਹੇਗੀ । ਇਸ ਵਾਰ ਆਈ.ਟੀ.ਆਈ., ਮੈਡੀਕਲ ਅਤੇ ਨਾਨ-ਮੈਡੀਕਲ ਵਾਲੇ ਯੁਵਕ ਦੇ ਫਾਰਮ ਭਰ ਸਕਦੇ ਹਨ । ਇਸ ਲਈ ਨੌਜਵਾਨ ਵੱਧ ਤੋਂ ਵੱਧ ਰਜਿਸਟਰੇਸ਼ਨ ਕਰਕੇ ਆਪਣੇ ਲਿਖਤੀ ਪੇਪਰ ਦੀ ਤਿਆਰੀ ਲਈ ਸੀ-ਪਾਈਟ ਕੈਂਪ ਹਕੂਮਤ ਸਿੰਘ ਵਾਲਾ ਵਿਖੇ ਰਿਪੋਟ ਕਰਨ ਅਤੇ ਆਪਣੇ ਲਿਖਤੀ ਪੇਪਰ ਦੀ ਤਿਆਰੀ ਕਰਕੇ ਲਾਭ ਉਠਾਉਣ। ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ਵਿਖੇ ਲਿਖਤੀ ਪੇਪਰ ਦੀ ਤਿਆਰੀ ਦੀਆਂ ਕਲਾਸਾਂ ਲਗਾਤਾਰ ਚੱਲ ਰਹੀਆਂ ਹਨ। ਇਸ ਵਾਰ ਅਗਨੀਵੀਰ ਦਾ ਲਿਖਤੀ ਪੇਪਰ ਪੰਜਾਬੀ ਵਿੱਚ ਹੋਵੇਗਾ। ਅਗਨੀਵੀਰ ਦਾ ਲਿਖਤੀ ਪੇਪਰ ਕੰਪਿਊਟਰ ਅਧਾਰਿਤ ਹੁੰਦਾ ਹੈ । ਕੰਪਿਊਟਰ ਬੇਸਡ ਪੇਪਰ ਦੀ ਤਿਆਰੀ ਲਈ ਸਮਾਰਟ ਕਲਾਸ ਰੂਮ ਵੀ ਬਣਿਆ ਹੋਇਆ ਹੈ । ਪੇਪਰ ਦੀ ਤਿਆਰੀ ਨਾਲ ਸਬੰਧਿਤ ਸਾਰੀਆਂ ਸਹੂਲਤਾਂ ਉਪਲੱਬਧ ਹਨ । ਕੰਪਿਊਟਰ ਬੇਸਿਸ ਲਿਖਤੀ ਪੇਪਰ ਜੂਨ 2025 ਵਿੱਚ ਹੋਣਾ ਹੈ । ਲਿਖਤੀ ਪੇਪਰ ਪਾਸ ਯੁਵਕਾਂ ਦਾ ਫਾਈਨਲ ਫਿਜੀਕਲ ਟੈਸਟ ਵੀ ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ਵਿਖੇ ਹੀ ਹੋਵੇਗਾ। ਇਸ ਦਾ ਲਾਭਲੈਣ ਲਈ ਵੱਧ ਤੋਂ ਵੱਧ ਯੁਵਕ ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ਵਿਖੇ ਆਪਣਾ ਨਾਮ ਦਾਖ਼ਲ ਕਰਵਾਓ ਅਤੇ ਭਰਤੀ ਹੋਣ ਦੀ ਤਿਆਰੀ ਕਰੋ ।

ਫਿਰੋਜ਼ਪੁਰ, ਫਾਜਿਲਕਾ, ਮੁਕਤਸਰ, ਫਰੀਦਕੋਟ ਅਤੇ ਮੋਗਾ ਜਿਲ੍ਹੇ ਦੇ ਯੁਵਕ ਜੋ ਅਗਨੀਵੀਰ ਫੌਜ ਵਿੱਚ ਭਰਤੀ ਹੋਣਾ ਚਾਹੁੰਦੇ ਹਨ, ਉਹ ਯੁਵਕ ਆਪਣਾ ਨਾਮ ਆਨ ਲਾਈਨ www.joinindianarmy.nic.in ਤੇ ਰਿਜਸਟਰੇਸ਼ਨ ਕਰਵਾ ਕੇ ਜਲਦੀ ਤੋਂ ਜਲਦੀ ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ (ਫਿਰੋਜ਼ਪੁਰ) ਵਿਖੇ ਲਿਖਤੀ ਪੇਪਰ ਦੀ ਤਿਆਰੀ ਕਰਨ ਲਈ ਰਿਪੋਰਟ ਕਰਨ ।

ਕੈਂਪ ਵਿੱਚ ਆਉਣ ਸਮੇਂ ਆਨਲਾਈਨ ਅਪਲਾਈ ਦੀ ਇੱਕ ਕਾਪੀ, ਦਸਵੀਂ ਦਾ ਅਸਲ ਸਰਟੀਫਿਕੇਟ ਦਸਵੀਂ ਦੇ ਸਰਟੀਫਿਕੇਟ ਦੀ ਫੋਟੋ ਸਟੇਟ ਕਾਪੀ, ਪੰਜਾਬ ਰੈਜੀਡੈਂਸ ਦੀ ਫੋਟੋ ਸਟੇਟ ਕਾਪੀ, ਜਾਤਿ ਦੇ ਸਰਟੀਫਿਕੇਟ ਦੀ ਫੋਟੋ ਸਟੇਟ ਕਾਪੀ, ਆਧਾਰ ਕਾਰਡ ਦੀ ਫੋਟੋ ਸਟੇਟ ਕਾਪੀ, ਬੈਂਕ ਖਾਤੇ ਦੀ ਫੋਟੋ ਸਟੇਟ ਕਾਪੀ ਤੇ ਖਾਤਾ ਚਾਲੂ ਹਾਲਤ ਵਿੱਚ ਹੋਵੇ ਅਤੇ ਦੋ ਪਾਸਪੋਰਟ ਸਾਈਜ਼ ਦੀ ਫੋਟੋ, ਇੱਕ ਕਾਪੀ ਇੱਕ ਪੈੱਨ, ਖਾਣਾ ਖਾਣ ਲਈ ਬਰਤਨ, ਰਹਿਣ ਲਈ ਬਿਸਤਰਾ ਆਦਿ ਨਾਲ ਲੈ ਕੇ ਆਉਣ । ਕੈਂਪ ਵਿੱਚ ਆਉਣ ਦਾ ਸਮਾਂ ਸਵੇਰੇ 09:00 ਵਜੇ ਹੈ।

# ਸਿਹਤ ਵਿਭਾਗ ਫਾਜਿਲਕਾ ਵੱਲੋਂ ਫਾਇਰ ਸੇਫ਼ਟੀ ਹਫ਼ਤੇ ਸਬੰਧੀ ਕਰਵਾਇਆ ਜਾਗਰੂਕਤਾ ਸਮਾਗਮ ਅਤੇ ਪ੍ਰਣ

**ਫਾਜ਼ਿਲਕਾ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਾ ਚੰਦਰ ਸ਼ੇਖਰ ਕੱਕੜ ਸਿਵਲ ਸਰਜਨ ਫਾਜਿਲਕਾ ਦੀ ਪ੍ਰਧਾਨਗੀ ਵਿੱਚ ਦਫ਼ਤਰ ਸਿਵਲ ਸਰਜਨ ਵਿਖੇ ਫਾਇਰ ਸੇਫ਼ਟੀ ਹਫ਼ਤੇ ਸਬੰਧੀ ਜਾਗਰੂਕਤਾ ਸਮਾਗਮ ਕਰਵਾਇਆ ਗਿਆ। ਇਸ ਸਮੇਂ ਡਾ ਕਵਿਤਾ ਸਿੰਘ, ਡਾ ਰੋਹਿਤ ਗੋਇਲ, ਡਾ ਐਰਿਕ, ਡਾ ਰਿੰਕੂ ਚਾਵਲਾ, ਡਾ ਸੁਨੀਤਾ ਕੰਬੋਜ਼ ਅਤੇ ਦਫ਼ਤਰ ਸਿਵਲ ਸਰਜਨ ਫਾਜਿਲਕਾ ਦਾ ਸਟਾਫ਼ ਹਾਜ਼ਰ ਸੀ।ਇਸ ਸਮੇਂ ਡਾ ਕੱਕੜ ਨੇ ਦੱਸਿਆ ਕਿ ਇਹ ਹਫ਼ਤਾ ਮਨਾਉਣ ਦਾ ਮਕਸਦ ਇੱਕ ਵਿਸ਼ੇਸ਼ ਮੁਹਿੰਮ ਰਾਹੀਂ ਘਰ, ਦਫ਼ਤਰ ਅਤੇ ਜਨਤਕ ਥਾਵਾਂ ਤੇ ਅੱਗ ਤੋਂ ਬਚਣ ਅਤੇ ਫਾਇਰ ਸੇਫ਼ਟੀ ਦੇ ਰੂਲਾਂ ਸਬੰਧੀ ਜਾਗਰੂਕ ਕਰਨਾ ਅਤੇ ਇਸ ਸਬੰਧੀ ਟ੍ਰੇਨਿੰਗਾਂ ਕਰਵਾਉਣੀਆਂ ਹਨ। ਇਸ ਸਬੰਧੀ ਸਟੇਟ ਪੱਧਰ ਤੋਂ 21 ਅਤੇ 22 ਅਪ੍ਰੈਲ ਨੂੰ ਵਿਸ਼ੇਸ਼ ਵੈਬੀਨਾਰ ਰਾਹੀਂ ਜਾਣਕਾਰੀ ਦਿੱਤੀ ਗਈ। ਉਹਨਾਂ ਜਿਲ੍ਹੇ ਦੇ ਸਮੂਹ ਸਟਾਫ਼ ਨੂੰ ਹਦਾਇਤਾਂ ਵੀ ਦਿੱਤੀਆਂ ਕਿ ਇਸ ਹਫ਼ਤੇ ਦੌਰਾਨ ਲੋਕਾਂ ਨੂੰ ਵੱਧ ਤੋਂ ਜਾਗਰੂਕ ਕੀਤਾ ਜਾਵੇ।

ਇਸ ਸਮੇਂ ਡਾ ਕੱਕੜ ਨੇ ਸਮੂਹ ਸਟਾਫ਼ ਨੂੰ ਆਪਣੇ ਘਰ, ਦਫ਼ਤਰ ਅਤੇ ਆਸ ਪਾਸ ਦੇ ਇਲਾਕੇ ਵਿੱਚ ਅੱਗ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਨ, ਗੈਸ, ਬਿਜਲੀ ਅਤੇ ਹੋਰ ਜਲਨਸ਼ੀਲ ਪਦਾਰਥਾਂ ਦੀ ਸਹੀ ਤਰੀਕੇ ਨਾਲ ਵਰਤੋਂ ਕਰਨ, ਅਣਹੋਣੀ ਘਟਨਾ ਦੇ ਸਮੇਂ ਨਾ ਘਬਰਾਉਣ ਬਲਕਿ ਸਮਝਦਾਰੀ ਤੋਂ ਕੰਮ ਲੈਣ, ਲੋਕਾਂ ਨੂੰ ਅੱਗੇ ਜਾਗਰੂਕ ਕਰਨ, ਫਾਇਰ ਬ੍ਰਿਗੇਡ ਦੀ ਸੇਵਾਵਾਂ ਅਤੇ ਹੁਕਮਾਂ ਦੀ ਇੱਜ਼ਤ ਕਰਨ ਦਾ ਪ੍ਰਣ ਕਰਵਾਇਆ ਗਿਆ।

# ਪੰਜਾਬ ਨੂੰ ਸਿੱਖਿਆ ਦੇ ਖੇਤਰ ਵਿੱਚ ਮੋਹਰੀ ਸੂਬਾ ਬਣਾਉਣ ਲਈ ਵੱਡੇ ਪੱਧਰ ਤੇ ਚੁੱਕੇ ਜਾ ਰਹੇ ਹਨ ਸਾਰਥਕ ਕਦਮ : ਵਿਧਾਇਕ ਗੈਰੀ ਬੜਿੰਗ

**ਫ਼ਤਹਿਗੜ੍ਹ ਸਾਹਿਬ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ ਜਿੱਥੇ ਰਾਜ ਨੂੰ ਨਸ਼ਾ, ਭ੍ਰਿਸ਼ਟਾਚਾਰ ਅਤੇ ਬੇਰੋਜ਼ਗਾਰੀ ਮੁਕਤ ਬਣਾਉਣ ਲਈ ਨਿਰੰਤਰ ਸਖ਼ਤ ਕਦਮ ਚੁੱਕੇ ਜਾ ਰਹੇ ਹਨ ਉੱਥੇ ਹੀ ਰਾਜ ਦੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਲਈ ਵੀ ਪੂਰੀ ਦ੍ਰਿੜਤਾ ਤੇ ਵਚਨਬੱਧਤਾ ਨਾਲ ਕੰਮ ਕੀਤੇ ਜਾ ਰਹੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਅਮਲੋਹ ਦੇ ਵਿਧਾਇਕ ਸ਼੍ਰੀ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ÷ਪੰਜਾਬ ਸਿੱਖਿਆ ਕ੍ਰਾਂਤੀ÷ ਮੁਹਿੰਮ ਤਹਿਤ ਹਲਕੇ ਦੇ 05 ਸਕੂਲਾਂ ਵਿੱਚ 81.59 ਲੱਖ ਦੀ ਲਾਗਤ ਨਾਲ ਕਰਵਾਏ ਗਏ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਮਜਬੂਤ ਕਰਨ ਅਤੇ ਪੰਜਾਬ ਨੂੰ ਸਿੱਖਿਆ ਦੇ ਖੇਤਰ ਵਿੱਚ ਮੋਹਰੀ ਸੂਬਾ ਬਣਾਉਣ ਲਈ ਵੀ ਵੱਡੇ ਪੱਧਰ ਤੇ ਸਾਰਥਕ ਕਦਮ ਚੁੱਕੇ ਜਾ ਰਹੇ ਹਨ।

ਇਸ ਮੌਕੇ ਵਿਧਾਇਕ ਨੇ ਕਿਹਾ ਕਿ ਬੱਚਿਆਂ ਦੇ ਸੁਨਹਿਰੀ ਭਵਿੱਖ ਨੂੰ ਸਿਰਜਣ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਅਤੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਦੇ ਯਤਨਾਂ ਸਿੱਖਿਆ ਦੇ ਖੇਤਰ ਵਿੱਚ ਵੱਡੇ ਪੱਧਰ ’ਤੇ ਸੁਧਾਰ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਅੰਤਰਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਦੇ ਯੋਗ ਬਣਾਉਣ ਲਈ ਯਤਨ ਕਰ ਰਹੀ ਹੈ, ਜਿਸ ਦੇ ਸਾਰਥਿਕ ਨਤੀਜੇ ਸਾਹਮਣੇ ਆ ਰਹੇ ਹਨ।



ਵਿਧਾਇਕ ਗੈਰੀ ਬੜਿੰਗ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਪੜ੍ਹਾਉਣ ਨੂੰ ਤਰਜੀਹ ਦੇਣ ਕਿਉਂਕਿ ਸਰਕਾਰੀ ਸਕੂਲਾਂ ਵਿੱਚ ਜੋ ਸਟਾਫ ਨਿਯੁਕਤ ਕੀਤਾ ਜਾਂਦਾ, ਉਹ ਉੱਚ ਯੋਗਤਾ ਪ੍ਰਾਪਤ ਅਤੇ ਬਹੁਤ ਹੀ ਕਰੜੀ ਪ੍ਰੀਖਿਆ ਵਿੱਚੋਂ ਲੰਘ ਕੇ ਆਇਆ ਹੁੰਦਾ ਹੈ।

ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਉਹ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸੁਵਿਧਾਵਾਂ ਦਾ ਲਾਭ ਉਠਾਉਣ ਅਤੇ ਆਪਣੇ ਯੋਗ ਅਧਿਆਪਕਾਂ ਦੀ ਰਹਿਨੁਮਾਈ ਵਿੱਚ ਸਖ਼ਤ ਮਿਹਨਤ ਕਰਕੇ ਬੁਲੰਦੀਆਂ ਨੂੰ ਛੂਹਣ ਅਤੇ ਆਪਣੇ ਅਧਿਆਪਕਾਂ, ਮਾਪਿਆਂ ਅਤੇ ਸਕੂਲ ਦਾ ਨਾਮ ਰੌਸ਼ਨ ਕਰਨ।

ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਸਰਕਾਰੀ ਪ੍ਰਾਇਮਰੀ ਸਕੂਲ ਨਸਰਾਲੀ ਵਿੱਚ 11.55 ਲੱਖ ਦੀ ਲਾਗਤ ਨਾਲ, ਸਰਕਾਰੀ ਪ੍ਰਾਇਮਰੀ ਸਕੂਲ (ਲੜਕੀਆਂ) ਮੰਡੀ ਗੋਬਿੰਦਗੜ੍ਹ ਵਿਖੇ 8.91 ਲੱਖ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਮੰਡੀ ਗੋਬਿੰਦਗੜ੍ਹ ਵਿਖੇ 29.65 ਲੱਖ, ਸਰਕਾਰੀ ਪ੍ਰਾਇਮਰੀ ਸਕੂਲ ਕੁਮਾਰ ਮਾਜਰਾ, ਮੰਡੀ ਗੋਬਿੰਦਗੜ੍ਹ ਵਿਖੇ 10.11 ਲੱਖ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਲੇਬਰ ਕਲੋਨੀ ਮੰਡੀ ਗੋਬਿੰਦਗੜ੍ਹ ਵਿਖੇ 21.37 ਲੱਖ ਦੀ ਲਾਗਤ ਨਾਲ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ।

ਇਸ ਮੌਕੇ ਆਮ ਆਦਮੀ ਪਾਰਟੀ ਦੇ ਟਰਾਂਸਪੋਰਟ ਵਿੰਗ ਦੇ ਵਾਈਸ ਪ੍ਰਧਾਨ ਸ਼ਿੰਗਾਰਾ ਸਿੰਘ ਸਲਾਣਾ, ਕਿਸਾਨ ਵਿੰਗ ਦੇ ਸਕੱਤਰ ਰਣਜੀਤ ਸਿੰਘ ਪਨਾਗ, ਨਗਰ ਕੌਂਸਲ ਮੰਡੀ ਗੋਬਿੰਦਗੜ੍ਹ ਦੇ ਪ੍ਰਧਾਨ ਹਰਪ੍ਰੀਤ ਸਿੰਘ ਪ੍ਰਿੰਸ, ਬਲਾਕ ਪ੍ਰਧਾਨ ਕਿਸ਼ੋਰ ਚੰਦ ਖੰਨਾ, ਦਲਜੀਤ ਸਿੰਘ ਬਲਾਕ ਪ੍ਰਧਾਨ, ਨਰੇਸ਼ ਸ਼ਰਮਾ ਬਲਾਕ ਪ੍ਰਧਾਨ, ਘੱਟ ਗਿਣਤੀ ਸੈੱਲ ਅਮਲੋਹ ਦੇ ਪ੍ਰਧਾਨ ਮੁਹੰਮਦ ਸਲਮਾਨ, ਅਦਿੱਤਿਆ ਕੌਸ਼ਲ, ਸ਼ੋਸ਼ਲ ਮੀਡੀਆ ਸੈੱਲ ਦੇ ਪ੍ਰਧਾਨ ਜੱਸੀ ਧੀਮਾਨ, ਰਾਜੀਵ ਰਿੰਕੂ, ਅਜੇ ਲਿਬੜਾ, ਗੋਨੀ ਸਿੰਘ ਤੋਂ ਇਲਾਵਾ ਹੋਰ ਪਤਵੰਤੇ ਵੀ ਹਾਜਰ ਸਨ।

## ਰਾਗ ਨਾਦ ਸਬਦਿ ਸੋਹਲੇ 14

ਇਕਵਾਕ ਸਿੰਘ ਪੱਟੀ

ਸਮੁੱਚੀ ਮਾਨਵਤਾ ਦੇ ਸਰਬ ਸਾਂਝੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਵੱਲੋਂ ਭਾਈ ਗੁਰਦਾਸ ਜੀ ਕੋਲੋਂ ਦਰਜ ਕਰਵਾਈ ਗਈ ਬਾਣੀ ਰਾਗਾਂ ਦੇ ਅਧੀਨ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕੁਝ ਬਾਣੀ ਰਾਗ ਮੁਕਤ ਵੀ ਹੈ ਪਰ ਜ਼ਿਆਦਾਤਰ ਬਾਣੀ ਰਾਗਾਂ ਦੇ ਅਧੀਨ ਹੈ। ਸਭ ਤੋਂ ਸ੍ਰੇਸ਼ਟ ਰਾਗ ਬਾਰੇ ਗੁਰੂ ਰਾਮਦਾਸ ਜੀ ਫ਼ੁਰਮਾਉਂਦੇ ਹਨ, 'ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥' ਭਾਵ ਉਹੀ ਰਾਗ ਸਫ਼ਲ ਹੈ ਜਿਸ ਨੂੰ ਸੁਣਦਿਆਂ-ਪੜ੍ਹਦਿਆਂ, ਗਾਉਂਦਿਆਂ ਹੋਇਆਂ ਸ੍ਰਿਸ਼ਟੀ ਦਾ ਕਰਤਾ ਪਰਮਾਤਮਾ ਚੇਤੇ ਆ ਜਾਵੇ। ਅੱਜ ਜਾਣਦੇ ਹਾਂ ਗੁਰੂ ਸਾਹਿਬ ਵੱਲੋਂ ਉਚਾਰੇ 31 ਰਾਗਾਂ ਵਿੱਚੋਂ 14ਵੇਂ ਸਥਾਨ 'ਤੇ ਆਉਣ ਵਾਲੇ ਰਾਗ 'ਤਿਲੰਗ' ਬਾਰੇ..



### ਰਾਗ ਤਿਲੰਗ

ਰਾਗ ਤਿਲੰਗ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਗੁਰੂ ਅਰਜਨ ਦੇਵ ਜੀ ਮਹਾਰਾਜ ਵੱਲੋਂ ਚੌਦਵੇਂ ਸਥਾਨ 'ਤੇ ਸ਼ਾਮਲ ਕੀਤਾ ਗਿਆ ਹੈ। ਇਹ ਰਾਗ ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰਬਰ 721 ਤੋਂ 727 ਤਕ ਦਰਜ ਹੈ। ਕੇਵਲ ਸੱਤ ਪੰਨਿਆਂ 'ਤੇ ਦਰਜ ਰਾਗ ਤਿਲੰਗ ਦੀ ਮਕਬੂਲੀਅਤ ਦੀ ਗੱਲ ਕਰੀਏ ਤਾਂ ਇਤਿਹਾਸਕ ਪੱਖ ਤੋਂ ਗੁਰੂ ਨਾਨਕ ਦੇਵ ਜੀ ਦਾ ਇਸ ਰਾਗ ਅਧੀਨ ਉਚਾਰਣ ਕੀਤਾ ਹੋਇਆ ਸ਼ਬਦ 'ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥ ਸਰਮ ਧਰਮ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥' ਸਿੱਖ ਸੰਗਤਾਂ ਨੂੰ ਮੂੰਹ-ਜ਼ੁਬਾਨੀ ਯਾਦ ਹੈ। ਇਸ ਵਿਚ ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਐਮਨਾਬਾਦ ਉੱਪਰ ਕੀਤੇ ਗਏ ਫ਼ੌਜੀ ਹਮਲੇ ਦੌਰਾਨ ਕੀਤੀ ਗਈ ਲੁੱਟ-ਖਸੁੱਟ, ਕਤਲੇਆਮ ਅਤੇ ਲੋਕਾਂ ਉੱਪਰ ਹੋਏ ਅੱਤਿਆਚਾਰ ਦਾ ਜ਼ਿਕਰ ਕੀਤਾ ਹੈ। ਇਸ ਰਾਗ ਵਿਚ ਗੁਰੂ ਨਾਨਕ ਦੇਵ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਹੈ। ਇਸ ਤੋਂ ਇਲਾਵਾ ਭਗਤ ਕਬੀਰ ਜੀ ਅਤੇ ਭਗਤ ਨਾਮਦੇਵ ਜੀ ਦੀ ਬਾਣੀ ਸੁਸ਼ੋਭਿਤ ਹੈ। ਰਾਗ ਤਿਲੰਗ ਦੇ ਅੰਤਰਗਤ 'ਤਿਲੰਗ ਕਾਫ਼ੀ' ਸਿਰਲੇਖ ਹੇਠ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਹੈ।

ਇਤਿਹਾਸਕ ਅਤੇ ਸੰਗੀਤਕ ਪੱਖ ਤੋਂ ਰਾਗ ਤਿਲੰਗ ਭਾਰਤੀ ਸ਼ਾਸਤਰੀ ਸੰਗੀਤ ਅਤੇ ਗੁਰਮਤਿ ਸੰਗੀਤ ਵਿਚ ਰਾਤ ਦੇ ਦੂਜੇ ਪਹਿਰ ਸਮੇਂ ਗਾਏ ਜਾਣ ਵਾਲੇ ਰਾਗਾਂ ਵਿੱਚੋਂ ਇਕ ਅਹਿਮ ਰਾਗ ਹੈ। ਕੁਝ ਸਿੱਖ ਸੰਗੀਤਕਾਰ ਇਸ ਰਾਗ ਦਾ ਗਾਇਨ ਦਿਨ ਦੇ ਤੀਜੇ ਪਹਿਰ ਵੀ ਕਰਦੇ ਹਨ। ਇਹ ਮਧੁਰ ਅਤੇ ਸਰਲ ਰਾਗਾਂ ਦੀ ਸ਼੍ਰੇਣੀ ਵਿਚ ਆਉਂਦਾ ਹੈ। ਇਹ ਰਾਗ ਲੋਕ ਸੰਗੀਤ ਪਰੰਪਰਾ ਵਿਚ ਵੀ ਪ੍ਰਸਿੱਧ ਰਾਗ ਹੈ। ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਦੇ ਪੰਨਾ ਨੰਬਰ 593 ਅਨੁਸਾਰ, 'ਇਹ ਬਿਲਾਵਲ ਥਾਟ ਦਾ ਇਕ ਔੜਵ ਰਾਗ ਹੈ। ਇਸ ਵਿਚ ਰਿਸ਼ਭ ਅਤੇ ਧੈਵਤ ਵਰਜਿਤ ਹਨ, ਬਾਕੀ ਸਾਰੇ ਸੁਰ ਸ਼ੁੱਧ ਹਨ। ਨਿਸ਼ਾਦ ਅਤੇ ਪੰਚਮ ਦੀ ਇਸ ਵਿਚ ਸੰਗਤ ਹੈ। ਵਾਦੀ ਸੁਰ ਗੰਧਾਰ ਅਤੇ ਨਿਸ਼ਾਦ ਸੰਵਾਦੀ ਹੈ। ਗਉਣ ਦਾ ਵੇਲਾ ਦਿਨ ਦਾ ਤੀਜਾ ਪਹਿਰ ਹੈ।' •

98150-24920

ਗੁਰੂ ਹਰਿਗੋਬਿੰਦ ਸਾਹਿਬ ਗੱਦੀ 'ਤੇ ਬਿਰਾਜਮਾਨ ਹੋਏ ਤਾਂ ਉਨ੍ਹਾਂ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕਰ ਕੇ ਹਾਕਮਾਂ ਨੂੰ ਵੰਗਾਰਿਆਂ...

# ਛਠਮ ਪੀਰ ਬੈਠਾ ਗੁਰ ਭਾਰੀ

ਧਰਮਿੰਦਰ ਸਿੰਘ ਚੱਬਾ

ਸੰਨ 1581 ਨੂੰ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਜਦ ਗੁਰਗੱਦੀ 'ਤੇ ਬਿਰਾਜਮਾਨ ਹੋਏ ਤਾਂ ਉਨ੍ਹਾਂ ਦੇ ਵੱਡੇ ਭਰਾ ਪ੍ਰਿਥੀ ਚੰਦ ਨੇ ਬੁਰਾ ਮਨਾਇਆ ਤੇ ਘਰ ਵੱਡਾ ਹੋਣ ਦੇ ਨਾਤੇ ਗੁਰਗੱਦੀ 'ਤੇ ਆਪਣਾ ਹੱਕ ਜਤਾਇਆ। ਕੋਈ ਚਾਰਾ ਨਾ ਚੱਲਦਾ ਵੇਖ ਕੇ ਪ੍ਰਿਥੀ ਚੰਦ ਇਹ ਸੋਚਦਾ ਕਿ ਚਲੋ ਕੋਈ ਗੱਲ ਨਹੀ, ਗੁਰੂ ਅਰਜਨ ਦੇਵ ਜੀ ਦੇ ਘਰ ਸ਼ਾਦੀ ਤੋਂ 14 ਸਾਲ ਬਾਅਦ ਵੀ ਕੋਈ ਬੱਚਾ ਨਹੀ ਹੋਇਆ ਤੇ ਨਾ ਹੀ ਹੋਏਗਾ। ਗੁਰੂ ਅਰਜਨ ਦੇਵ ਜੀ ਪ੍ਰਿਥੀ ਚੰਦ ਦੇ ਪੁੱਤਰ ਮਿਹਰਬਾਨ ਨੂੰ ਆਪਣੇ ਨਾਲ ਰੱਖਦੇ ਸਨ। ਇਸ ਗੱਲ ਨੂੰ ਲੈ ਕੇ ਪ੍ਰਿਥੀ ਚੰਦ ਮਨ ਹੀ ਮਨ ਖ਼ੁਸ਼ ਹੋ ਲੈਂਦਾ ਸੀ ਕਿ ਗੱਦੀ ਦੇ ਮਾਲਕ ਤਾਂ ਅਸੀ ਹੀ ਹਾਂ।

ਉੱਧਰ ਮਾਤਾ ਗੰਗਾ ਜੀ ਦਰਾਣੀਆਂ-ਜੇਠਾਣੀਆਂ ਤੇ ਲੋਕਾਂ ਦੇ ਤਾਅਨੇ-ਮਿਹਣੇ ਸੁਣ ਕੇ ਤੰਗ ਆ ਚੁੱਕੇ ਸਨ। ਗੁਰੂ ਅਰਜਨ ਦੇਵ ਜੀ ਦੇ ਕਹਿਣ ਤੇ ਮਾਤਾ ਗੰਗਾ ਜੀ ਇਕ ਦਿਨ ਅੰਮ੍ਰਿਤਸਰ ਤੋਂ 9-10 ਮੀਲ ਦੂਰ ਬੀੜ ਸਾਹਿਬ ਬਾਬਾ ਬੁੱਢਾ ਜੀ ਕੋਲ ਪੁੱਤਰ ਦਾ ਵਰ ਪ੍ਰਾਪਤ ਕਰਨ ਲਈ ਗਏ ਤਾਂ ਬਾਬਾ ਬੁੱਢਾ ਜੀ ਨੇ ਪੁੱਤਰ ਦਾ ਵਰ ਦਿੰਦਿਆਂ ਕਿਹਾ ਕਿ **'ਤੁਮਰੇ ਗ੍ਰਿਹ ਪ੍ਰਗਟੇਗਾ ਜੋਧਾ, ਜਾ ਕੋ ਬਲ ਗੁਨ ਕਿਨਹੂੰ ਨਾ ਸੋਧਾ।'** ਬਾਬਾ ਬੁੱਢਾ ਜੀ ਦੇ ਵਰ ਨਾਲ 5 ਜੁਲਾਈ 1595 ਨੂੰ ਗੁਰੂ ਹਰਿਗੋਬਿੰਦ ਸਾਹਿਬ ਦਾ ਪ੍ਰਕਾਸ਼ ਗੁਰੂ ਕੀ ਵਡਾਲੀ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਮਾਤਾ ਗੰਗਾ ਜੀ ਦੇ ਘਰ ਹੋਇਆ। ਇਸ ਖ਼ੁਸ਼ੀ ਵਿਚ ਗੁਰੂ ਪਿਤਾ ਜੀ ਨੇ ਛੇ ਹਰਟਾਂ ਵਾਲਾ ਖੂਹ ਲਗਵਾਇਆ, ਜੋ ਅੱਜ ਕੱਲ੍ਹ ਗੁਰਦੁਆਰਾ ਛੇਹਰਟਾ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਪ੍ਰਿਥੀ ਚੰਦ ਨੇ ਕਈ ਵਾਰ ਗੁਰੂ ਹਰਿਗੋਬਿੰਦ ਸਾਹਿਬ ਨੂੰ ਮਾਰਨ ਦੀਆਂ ਚਾਲਾਂ ਚੱਲੀਆਂ ਪਰ ਕਾਮਯਾਬ ਨਾ ਹੋ ਸਕਿਆ। ਜਦ 16 ਜੂਨ 1606 ਨੂੰ ਲਾਹੌਰ ਵਿਖੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਹੋਈ ਤਾਂ ਗੁਰਗੱਦੀ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਦੀ ਉਮਰ 11 ਸਾਲ ਸੀ। ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਦੀ 48ਵੀਂ ਪਉੜੀ ਵਿਚ ਫ਼ੁਰਮਾਇਆ ਹੈ :

**ਪੰਜ ਪਿਆਲੇ ਪੰਜ ਪੀਰ ਛਠਮ ਪੀਰ ਬੈਠਾ ਗੁਰ ਭਾਰੀ॥**

**ਅਰਜਨ ਕਾਇਆ ਪਲਟ ਕੈ ਮੂਰਤਿ ਹਰਿਗੋਬਿੰਦ ਸਵਾਰੀ॥**

ਇਤਹਾਸ 'ਚ ਆਪ ਜੀ ਦੇ ਤਿੰਨ ਵਿਆਹਾਂ ਦਾ ਜ਼ਿਕਰ ਆਉਂਦਾ ਹੈ। ਆਪ ਦਾ ਪਹਿਲਾ ਵਿਆਹ ਡੱਲਾ ਨਿਵਾਸੀ ਸ੍ਰੀ ਨਰਾਇਣ ਦਾਸ ਦੀ ਸਪੁੱਤਰੀ ਦਮੋਦਰੀ ਜੀ ਨਾਲ (1608 ਈਸਵੀ) ਨੂੰ ਹੋਇਆ, ਜਿਨ੍ਹਾਂ ਦੇ ਉਦਰ ਤੋਂ ਬਾਬਾ ਗੁਰਦਿੱਤਾ ਜੀ (1613 ਈਸਵੀ), ਬੀਬੀ ਵੀਰੋ ਜੀ (1615 ਈਸਵੀ) ਤੇ ਅਣੀ ਰਾਏ ਜੀ (1618 ਈਸਵੀ) ਨੂੰ ਪੈਦਾ ਹੋਏ।



ਦੂਜਾ ਵਿਆਹ ਬਾਬਾ ਬਕਾਲਾ ਨਿਵਾਸੀ ਸ੍ਰੀ ਹਰੀ ਚੰਦ ਦੀ ਸਪੁੱਤਰੀ ਨਾਨਕੀ ਜੀ ਨਾਲ 1613 ਈਸਵੀ 'ਚ ਹੋਇਆ, ਜਿਨ੍ਹਾਂ ਦੇ ਉਦਰ ਤੋਂ 1619 ਵਿਚ ਬਾਬਾ ਅਟੱਲ ਰਾਏ ਜੀ ਤੇ 1621 ਈਸਵੀ 'ਚ ਤੇਗ਼ ਬਹਾਦਰ ਜੀ ਪੈਦਾ ਹੋਏ। ਤੀਜਾ ਵਿਆਹ ਮੰਡਿਆਲੀ ਵਾਸੀ ਸ੍ਰੀ ਦਇਆ ਰਾਮ ਦੀ ਸਪੁੱਤਰੀ ਮਹਾਂਦੇਵੀ ਜੀ ਨਾਲ 1615 ਨੂੰ ਹੋਇਆ, ਜਿਨ੍ਹਾਂ ਦੇ ਉਦਰ ਤੋਂ 1617 ਵਿਚ ਸੂਰਜ ਮੱਲ ਪੈਦਾ ਹੋਏ।

ਜਦੋਂ ਗੁਰੂ ਹਰਿਗੋਬਿੰਦ ਸਾਹਿਬ ਗੁਰਗੱਦੀ ਤੇ ਬਿਰਾਜਮਾਨ ਹੋਏ ਤਾਂ ਉਨ੍ਹਾਂ ਨੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ, ਸਿਰ 'ਤੇ ਕਲਗੀ ਸਜਾਈ। ਆਪ ਨੇ ਸੰਗਤਾਂ ਨੂੰ ਰੁਪਏ-ਪੈਸੇ ਦੀ ਜਗ੍ਹਾ ਗੁਰੂ ਘਰ ਲਈ ਸ਼ਸਤਰ ਤੇ ਘੋੜੇ ਭੇਟਾ ਲਿਆਉਣ ਦਾ ਆਦੇਸ਼ ਕੀਤਾ। ਆਪ ਨੇ 1609 ਵਿਚ ਸ੍ਰੀ ਅਕਾਲ ਬੁੰਗੇ ਦੀ ਨੀਂਹ ਰੱਖੀ, ਜਿਹੜਾ ਕਿ ਪੰਥ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ। ਗੁਰੂ ਜੀ ਨੇ ਆਪਣੇ ਪਿਆਰੇ ਸਿੱਖਾਂ 'ਚ ਜੋਸ਼ ਭਰਨ ਲਈ ਢਾਡੀਆਂ ਦੁਆਰਾ ਵਾਰਾਂ ਦਾ ਗਾਇਨ ਆਰੰਭ ਕਰਵਾਇਆ।

ਗੁਰੂ ਸਾਹਿਬ ਨੇ ਜੀਵਨ ਕਾਲ 'ਚ ਚਾਰ ਜੰਗਾਂ ਲੜੀਆਂ ਤੇ ਚਾਰਾਂ 'ਚ ਜਿੱਤ ਹਾਸਲ ਕੀਤੀ। ਪਹਿਲੀ ਜੰਗ 1629 ਵਿਚ ਕਿਲ੍ਹਾ ਲੋਹਗੜ੍ਹ ਵਿਖੇ ਮੁਗ਼ਲਾਂ ਨਾਲ ਹੋਈ। ਬਾਦਸ਼ਾਹ ਸ਼ਾਹਜਹਾਨ ਦੇ ਚਿੱਟੇ ਬਾਜ਼ ਨੂੰ ਸਿੱਖਾਂ ਨੇ ਫੜ ਲਿਆ ਤਾਂ ਬਾਦਸ਼ਾਹ ਨੇ ਮੀਰ ਸ਼ਿਕਾਰੀ ਨੂੰ ਬਾਜ਼ ਲੈਣ ਲਈ ਭੇਜਿਆ ਤਾਂ ਸਿੱਖਾਂ ਨੇ ਬਾਜ਼ ਦੇਣ ਤੋਂ ਨਾਂਹ ਕਰ ਦਿੱਤੀ। ਬਾਦਸ਼ਾਹ ਨੇ ਮੁਖਲਿਸ ਖ਼ਾਂ ਨੂੰ 7,000 ਦੀ ਫ਼ੌਜ ਨਾਲ ਸ੍ਰੀ ਅੰਮ੍ਰਿਤਸਰ ਸਾਹਿਬ 'ਤੇ ਚੜ੍ਹਾਈ ਕਰਨ ਲਈ ਭੇਜਿਆ। ਗੁਰੂ ਜੀ ਦਾ ਤੁਰਕਾਂ ਨਾਲ ਭਾਰੀ ਯੁੱਧ ਹੋਇਆ ਤੇ ਆਖ਼ਰ ਪਿੰਡ ਚੱਬੇ ਦੇ ਮੈਦਾਨ 'ਚ ਸ੍ਰੀ ਸੰਗਰਾਣਾ ਸਾਹਿਬ, ਚੱਬਾ ਵਿਖੇ ਜਿੱਤ ਦਾ ਪਰਚਮ ਲਹਿਰਾਇਆ। ਦੂਜਾ ਯੁੱਧ 1630 'ਚ ਹਰਿਗੋਬਿੰਦਪੁਰ ਵਿਖੇ, ਤੀਜਾ ਯੁੱਧ 1632 ਨੂੰ ਲਾਹੌਰ ਦੇ ਸੂਬੇਦਾਰ ਨਾਲ ਹੋਇਆ। ਚੌਥਾ ਯੁੱਧ 1634 ਨੂੰ ਕਾਲੇ ਖ਼ਾਂ ਨਾਲ ਹੋਇਆ। ਇਸ ਯੁੱਧ 'ਚ ਬਾਬਾ ਗੁਰਦਿੱਤਾ ਜੀ ਤੇ ਗੁਰੂ ਤੇਗ਼ ਬਹਾਦਰ ਜੀ ਨੇ ਵੀ ਤਲਵਾਰ ਦੇ ਜੌਹਰ ਵਿਖਾਏ। ਇਸ ਸਮੇਂ ਇਨ੍ਹਾਂ ਦੀ ਉਮਰ ਮਹਿਜ਼ 14 ਸਾਲ ਸੀ।

ਗੁਰੂ ਜੀ ਦੀ ਚੜ੍ਹਤ ਵੇਖ ਕੇ ਗੁਰੂ ਘਰ ਦੇ ਵਿਰੋਧੀਆਂ ਨੇ ਸਰਗਰਮੀਆਂ ਤੇਜ਼ ਕਰ ਦਿੱਤੀਆਂ ਤੇ ਹਾਕਮਾਂ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਵੱਡੇ-ਵਡੇਰਿਆਂ ਦੀ ਮਰਿਆਦਾ ਨੂੰ ਛੱਡ ਕੇ ਧਾੜਵੀਆਂ ਵਾਲਾ ਰੁਖ਼ ਅਪਣਾ ਲਿਆ ਹੈ। ਗੁਰੂ ਘਰ ਦੇ ਵਿਰੋਧੀਆਂ ਦੀ ਇਹ ਸੋਚ ਰਹੀ ਸੀ ਕਿ ਗੁਰੂ ਘਰ ਨੂੰ ਦਬਾ ਕੇ ਰੱਖਿਆ ਜਾਵੇ ਤਾਂ ਕਿ ਇਹ ਸਰਕਾਰ ਵਿਰੁੱਧ ਬਗ਼ਾਵਤ ਨਾ ਕਰ ਸਕੇ। ਇਸੇ ਕਰਕੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ 'ਚ ਵੀ ਕੈਦ ਹੋਣਾ ਪਿਆ। ਜਦੋਂ ਸਾਈਂ ਮੀਆਂ ਮੀਰ ਜੀ ਨੇ ਬਾਦਸ਼ਾਹ ਨੂੰ ਸਾਰੀ ਗੱਲ ਸਮਝਾਈ ਤਾਂ ਗੁਰੂ ਸਾਹਿਬ ਦੀ ਰਿਹਾਈ ਸੰਭਵ ਹੋਈ ਤੇ ਗੁਰੂ ਜੀ ਨੇ ਹੋਰ ਰਿਆਸਤਾਂ ਦੇ 52 ਰਾਜਿਆਂ ਨੂੰ ਵੀ ਰਿਹਾਅ ਕਰਵਾਇਆ। ਗੁਰੂ ਜੀ ਤੇ ਬਾਦਸ਼ਾਹ ਦੇ ਸਬੰਧਾਂ ਵਿਚ ਮਿਠਾਸ ਆਈ। ਇਸੇ ਕਰਕੇ ਗੁਰੂ ਘਰ ਦੇ ਦੋਖੀ ਚੰਦੂ ਨੂੰ ਸਿੱਖਾਂ ਦੇ ਹਵਾਲੇ ਕਰ ਦਿੱਤਾ ਗਿਆ ਤਾਂ ਸਿੱਖਾਂ ਨੇ ਉਸ ਨੂੰ ਨਕੇਲ ਪਾ ਕੇ ਸ਼ਹਿਰ ਵਿਚ ਘੁਮਾਇਆ ਤੇ ਉਸ ਦਾ ਬਹੁਤ ਬੁਰਾ ਅੰਤ ਹੋਇਆ।

ਗੁਰੂ ਘਰ ਦੇ ਉਪਦੇਸ਼ਾਂ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਹਿੰਦੂ-ਮੁਸਲਮਾਨ ਵੀ ਗੁਰੂ ਘਰ ਦੇ ਉਪਾਸ਼ਕ ਬਣਨ ਲੱਗੇ, ਜੋ ਗੁਰੂ ਘਰ ਦੇ ਦੋਖੀਆਂ ਲਈ ਖ਼ਤਰੇ ਦੀ ਘੰਟੀ ਸੀ। ਗੁਰੂ ਸਾਹਿਬ ਆਪਣੇ ਭਗਤਾਂ ਦਾ ਦਿਲੋਂ ਸਤਿਕਾਰ ਕਰਦੇ ਸਨ। ਜੰਗਾਂ ਯੁੱਧਾਂ ਵਿਚ ਸ਼ਹੀਦ ਹੋਏ ਸਿੱਖਾਂ ਅਤੇ ਮੁਸਲਮਾਨਾਂ ਦੇ ਸਰੀਰ ਉਨ੍ਹਾਂ ਦੇ ਅਕੀਦੇ ਮੁਤਾਬਿਕ ਅੰਤਿਮ ਸਸਕਾਰ ਕੀਤੇ ਜਾਂਦੇ ਸਨ। ਦੁਸ਼ਮਣਾਂ ਦੀਆਂ ਲੋਥਾਂ ਨੂੰ ਵੀ ਅਕੀਦੇ ਅਨੁਸਾਰ ਦਫ਼ਨਾ ਦਿੱਤਾ ਜਾਂਦਾ ਸੀ। ਗੁਰੂ ਜੀ ਦੇ ਮਨ ਵਿਚ ਕਿਸੇ ਪ੍ਰਤੀ ਕੋਈ ਗਿਲਾ ਨਹੀ ਸੀ। ਜੋ ਵੀ ਸ਼ਰਧਾ ਭਾਵਨਾ ਨਾਲ ਗੁਰੂ ਜੀ ਦੇ ਚਰਨਾਂ ਦਾ ਮੁਰੀਦ ਬਣ ਕੇ ਆਇਆ, ਗੁਰੂ ਜੀ ਵੀ ਹਮੇਸ਼ਾ-ਹਮੇਸ਼ਾ ਲਈ ਉਸ ਦੇ ਹੋ ਕੇ ਰਹਿ ਗਏ। ਕਿਹਾ ਜਾਂਦਾ ਹੈ ਕਿ ਬੀਬੀ ਕੌਲਾਂ ਜੀ ਇਕ ਕਾਜ਼ੀ ਦੀ ਬੇਟੀ ਸੀ ਅਤੇ ਗੁਰੂ ਘਰ ਦੀ ਸ਼ਰਧਾਲੂ ਸੀ। ਕਾਜ਼ੀ ਨੇ ਸ਼ਰ੍ਹਾ ਵਿਚ ਈਮਾਨ ਰੱਖਦੇ ਹੋਏ ਹੋਰ ਕਾਜ਼ੀਆਂ ਨਾਲ ਮਿਲ ਕੇ ਆਪਣੀ ਬੇਟੀ ਦੇ ਖ਼ਿਲਾਫ਼ ਮੌਤ ਦਾ ਫ਼ਤਵਾ ਜਾਰੀ ਕਰ ਦਿੱਤਾ। ਜਦੋਂ ਇਸ ਗੱਲ ਦਾ ਪਤਾ ਸਾਈਂ ਮੀਆਂ ਮੀਰ ਜੀ ਨੂੰ ਲੱਗਾ ਤਾਂ ਉਹ ਬੀਬੀ ਕੌਲਾਂ ਜੀ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਕੋਲ ਲੈ ਆਏ। ਉਸ ਤੋਂ ਬਾਅਦ ਬੀਬੀ ਜੀ ਨੇ ਆਪਣਾ ਸਾਰਾ ਜੀਵਨ ਗੁਰੂ ਘਰ ਦੇ ਲੇਖੇ ਲਾ ਦਿੱਤਾ। ਗੁਰੂ ਜੀ ਨੇ ਵੀ ਬੀਬੀ ਜੀ ਨੂੰ ਸਦੀਵੀ ਤੌਰ 'ਤੇ ਜਿਉਂਦਾ ਰੱਖਣ ਲਈ ਇਕ ਸਰੋਵਰ ਦੀ ਉਸਾਰੀ ਕਰਵਾਈ, ਜਿਸ ਦਾ ਨਾਂ 'ਕੌਲਸਰ' ਰੱਖਿਆ ਗਿਆ। ਗੁਰੂ ਜੀ ਨੇ ਜਗਤ ਨੂੰ ਸੰਦੇਸ਼ ਦਿੱਤਾ ਕਿ ਜ਼ੁਲਮ ਨਹੀਂ ਕਰਨਾ ਤੇ ਨਾ ਹੀ ਸਹਿਣਾ ਹੈ, ਵੰਡ ਕੇ ਛਕਣਾ, ਹੱਥੀ ਕਿਰਤ ਕਰਨ ਨੂੰ ਪਹਿਲ ਦਿੱਤੀ, ਦੀਨ ਦੁਖੀਆਂ ਦੀ ਸੇਵਾ ਕਰਨੀ, ਆਪਣੀ ਦਸਾਂ ਨਹੁੰਆਂ ਦੀ ਕਮਾਈ ਵਿੱਚੋਂ ਗੁਰੂ ਘਰ ਲਈ ਦਸਵੰਧ ਕੱਢਣਾ, ਨਾਮ ਜਪਣਾ, ਨਾਮ ਜਪਾਉਣਾ ਤੇ ਸਦਾ ਮਾਲਕ ਦੇ ਭਾਣੇ ਵਿੱਚ ਰਹਿਣਾ। •



## ਅਣਦੇਖੀ ਦੀ ਸ਼ਿਕਾਰ ਹੈ ਮੁਗ਼ਲ ਕਾਲ ਦੀ ਈਦਗਾਹ

ਪ੍ਰੋ. ਮਨਪ੍ਰੀਤ ਗੋਰਾਇਆ

ਹਲਕਾ ਦੀਨਾਨਗਰ ਅਧੀਨ ਪਿੰਡ ਮਛਰਾਲਾ ਨੇੜੇ ਸਥਿਤ ਮੁਗ਼ਲ ਕਾਲ ਦੀ ਉੱਤਮ ਕਲਾ ਤੇ ਕਾਰੀਗਰੀ ਦੇ ਸੁਮੇਲ ਦਾ ਨਮੂਨਾ ਪੇਸ਼ ਕਰਦੀ ਈਦਗਾਹ ਦੀ ਹੋਂਦ ਸਾਂਭ-ਸੰਭਾਲ ਦੀ ਅਣਹੋਂਦ ਕਾਰਨ ਖ਼ਤਮ ਹੋਣ ਕੰਢੇ ਹੈ। ਪੁਰਾਤਨ ਕਲਾ ਤੇ ਕਾਰੀਗਰੀ ਨੂੰ ਇਕ ਨਮੂਨੇ ਵਜੋਂ ਸੁਰਜੀਤ ਰੱਖਣ ਲਈ ਈਦਗਾਹ ਭਾਰਤ ਸਰਕਾਰ ਦੇ ਪੁਰਾਤਤਵ ਵਿਭਾਗ ਤੋਂ ਤਵੱਜੋ ਦੇਣ ਦੀ ਮੰਗ ਕਰਦੀ ਹੈ।

ਇਕੱਤਰ ਕੀਤੀ ਜਾਣਕਾਰੀ ਅਨੁਸਾਰ ਇਸ ਈਦਗਾਹ ਦਾ ਨਿਰਮਾਣ ਮੁਗ਼ਲ ਬਾਦਸ਼ਾਹ ਅਕਬਰ ਦੇ ਸਮੇਂ ਦੌਰਾਨ ਉਸ ਦੇ ਸਰਪ੍ਰਸਤ ਤੇ ਸੈਨਾਪਤੀ ਬੈਰਮ ਖ਼ਾਂ ਨੇ ਇਲਾਕੇ ਦੇ ਦਰਜਨਾਂ ਪਿੰਡਾਂ ਦੇ ਵਿਚਕਾਰ ਪੈਂਦੀ ਜਗ੍ਹਾ 'ਤੇ ਕਰਵਾਇਆ ਸੀ। ਈਦਗਾਹ ਦੀ ਵਿਸ਼ਾਲ ਕੰਧ ਦੇ ਨਿਰਮਾਣ 'ਚ ਛੋਟੀਆਂ ਨਾਨਕਸ਼ਾਹੀ ਇੱਟਾਂ ਦੀ ਵਰਤੋਂ ਕੀਤੀ ਗਈ ਹੈ। ਕੰਧ ਦੇ ਅੱਗੇ ਇਕ ਵੱਡੇ ਥੜ੍ਹੇ ਦਾ ਵੀ ਨਿਰਮਾਣ ਕਰਵਾਇਆ ਗਿਆ ਸੀ। ਈਦਗਾਹ ਤਕ ਜਾਣ ਲਈ ਕਸਬਾ ਬਹਿਰਾਮਪੁਰ ਤੋਂ ਈਦਗਾਹ ਤਕ ਇਕ ਰਸਤੇ ਦਾ ਨਿਰਮਾਣ ਵੀ ਕਰਵਾਇਆ ਗਿਆ ਸੀ। ਈਦਗਾਹ ਦੀ ਕੰਧ ਅੱਗੇ ਬਣੇ ਥੜ੍ਹੇ ਦੀਆਂ ਜ਼ਿਆਦਾਤਰ ਇੱਟਾਂ ਸਮੇਂ ਦੀ ਮਾਰ ਕਾਰਨ ਜਾਂ ਤਾਂ ਉੱਖੜ ਗਈਆਂ ਤੇ ਕੁਝ ਲੋਕ ਉਖਾੜ ਕੇ ਲੈ ਗਏ।

ਈਦਗਾਹ ਦੀ ਮਜ਼ਬੂਤੀ ਦਾ ਪਤਾ ਇਸ ਤੋਂ ਵੀ ਲੱਗਦਾ ਹੈ ਕਿ ਇੰਨੇ ਅਰਸੇ ਬਾਅਦ ਵੀ ਵਿਸ਼ਾਲ ਕੰਧ ਅੱਜ ਤਕ ਖੜ੍ਹੀ ਹੈ ਪਰ ਹੁਣ ਇਸ ਨੂੰ ਹੌਲੀ-ਹੌਲੀ ਢਾਹ ਲੱਗਣੀ ਸ਼ੁਰੂ ਹੋ ਗਈ ਹੈ। ਨਾਨਕਸ਼ਾਹੀ ਇੱਟਾਂ ਉੱਖੜਦੀਆਂ ਨਜ਼ਰ ਆਉਂਦੀਆਂ ਹਨ। ਇਲਾਕਾ ਵਾਸੀਆਂ ਨੇ ਦੱਸਿਆ ਕਿ ਭਾਰਤ-ਪਾਕਿ ਵੰਡ ਤੋਂ ਪਹਿਲਾਂ ਸਾਰਾ ਇਲਾਕਾ ਮੁਸਲਮਾਨ ਵਸੋਂ ਵਾਲਾ ਸੀ। ਈਦ ਸਮੇਂ ਇਥੇ ਵੱਡੀ ਗਿਣਤੀ 'ਚ ਮੁਸਲਿਮ ਸ਼ਰਧਾਲੂ ਇਕੱਤਰ ਹੁੰਦੇ ਸਨ ਤੇ ਨਮਾਜ਼ ਪੜ੍ਹੀ ਜਾਂਦੀ ਸੀ। ਇਸ ਤੋਂ ਇਲਾਵਾ ਅਹਿਮਦ ਸ਼ਾਹ ਅਬਦਾਲੀ ਦੇ ਭਾਰਤ ਅੰਦਰ ਆਉਣ ਦਾ ਇਹ ਮਾਰਗ ਹੋਣ ਅਤੇ ਵਪਾਰੀਆਂ ਦੇ ਆਉਣ-ਜਾਣ ਦਾ ਵੀ ਮੁੱਖ ਮਾਰਗ ਹੋਣ ਕਾਰਨ, ਇਥੋਂ ਲੰਘਦੇ ਸਮੇਂ ਸ਼ਰਧਾਲੂ ਈਦਗਾਹ 'ਚ ਰੁਕ ਕੇ ਨਮਾਜ਼ ਅਦਾ ਕਰ ਕੇ ਅੱਗੇ ਲੰਘਦੇ ਸਨ। ਉਸ ਸਮੇਂ ਈਦਗਾਹ ਦੀ ਸਾਫ਼-ਸਫ਼ਾਈ ਦਾ ਬਾਕਾਇਦਾ ਧਿਆਨ ਰੱਖਿਆ ਜਾਂਦਾ ਸੀ ਪ੍ਰੰਤੂ ਦੇਸ਼ ਦੀ ਵੰਡ ਤੋਂ ਬਾਅਦ ਵੱਡੀ ਗਿਣਤੀ ਵਿਚ ਮੁਸਲਮਾਨਾਂ ਦੇ ਪਾਕਿਸਤਾਨ ਚਲੇ ਜਾਣ ਉਪਰੰਤ ਈਦਗਾਹ ਨਿਰੰਤਰ ਅਣਦੇਖੀ ਦਾ ਸ਼ਿਕਾਰ ਹੁੰਦੀ ਗਈ। ਅਣਦੇਖੀ ਕਾਰਨ ਇਸ ਦੀ ਕੰਧ ਨੂੰ ਨੁਕਸਾਨ ਪੁੱਜਣ ਤੋਂ ਇਲਾਵਾ ਘਾਹ-ਬੂਟੀ ਨੇ ਸਾਰੀ ਜਗ੍ਹਾ ਨੂੰ ਘੇਰ ਲਿਆ ਹੈ। ਇਸ ਇਤਿਹਾਸਕ ਇਮਾਰਤ ਪ੍ਰਤੀ ਨਾ ਤਾਂ ਪੰਜਾਬ ਦੇ ਪੁਰਾਤਤਵ ਵਿਭਾਗ ਨੇ ਕੋਈ ਦਿਲਚਸਪੀ ਨਹੀ ਵਿਖਾਈ। ਇਲਾਕੇ ਦੇ ਕੁਝ ਵਡੇਰੀ ਉਮਰ ਦੇ ਲੋਕਾਂ ਨੇ ਦੱਸਿਆ ਕਿ ਛੋਟੇ ਹੁੰਦਿਆਂ ਉਹ ਈਦਗਾਹ ਨੇੜੇ ਡੰਗਰ ਚਾਰਿਆ ਕਰਦੇ ਸਨ ਤੇ ਈਦਗਾਹ ਦੇ ਅੱਗੇ ਬਣੇ ਇਸ ਥੜ੍ਹੇ 'ਤੇ ਆਰਾਮ ਕਰਿਆ ਕਰਦੇ ਸਨ। ਇਲਾਕੇ ਦੇ ਲੋਕਾਂ ਦੀ ਮੰਗ ਹੈ ਕਿ ਈਦਗਾਹ ਨੂੰ ਇਤਿਹਾਸਕ ਦਸਤਾਵੇਜ਼ ਵਜੋਂ ਸੰਭਾਲ ਕੇ ਸੈਲਾਨੀਆਂ ਲਈ ਵੇਖਣਯੋਗ ਥਾਂ ਵਜੋਂ ਵਿਕਸਿਤ ਕੀਤਾ ਜਾਵੇ। •

## ਅਹਿਲ-ਏ-ਬੈਅਤ

ਹਜ਼ਰਤ ਮੁਹੰਮਦ ਸਾਹਿਬ ਦੇ ਖ਼ਾਨਦਾਨ ਦੇ ਉਨ੍ਹਾਂ ਨਜ਼ਦੀਕੀ ਰਿਸ਼ਤੇਦਾਰਾਂ, ਜਿਨ੍ਹਾਂ ਨੇ ਅੱਲਾਹ ਦੇ ਰਸੂਲ ਦੀ ਬੈਅਤ ਕਬੂਲ ਕੀਤੀ, ਭਾਵ ਉਨ੍ਹਾਂ ਹੱਥੋਂ ਇਸਲਾਮ ਕਬੂਲ ਕੀਤਾ, ਉਨ੍ਹਾਂ ਨੂੰ ਅਹਿਲ-ਏ-ਬੈਅਤ ਕਿਹਾ ਜਾਂਦਾ ਹੈ। ਇਨ੍ਹਾਂ ਵਿਚ ਅੱਲਾਹ ਦੇ ਰਸੂਲ ਦੇ ਘਰ ਦੇ ਲੋਕ, ਉਨ੍ਹਾਂ ਦੇ ਬੰਸ ਦੇ ਲੋਕ ਸ਼ਾਮਲ ਹਨ, ਜਿਨ੍ਹਾਂ ਨੇ ਦੀਨ ਕਬੂਲ ਕੀਤਾ। ਅਹਿਲ-ਏ-ਬੈਅਤ ਵਿਚ ਅੱਲਾਹ ਰਸੂਲ ਦੇ ਖ਼ਾਨਦਾਨ ਦੇ ਉਹ ਲੋਕ ਸ਼ਾਮਲ ਨਹੀ ਹਨ, ਜਿਨ੍ਹਾਂ ਨੇ ਉਨ੍ਹਾਂ ਦਾ ਦੀਨ ਕਬੂਲ ਨਹੀ ਕੀਤਾ। ਅਹਿਲ-ਏ-ਬੈਅਤ ਵਿਚ ਮੁੱਖ ਤੌਰ 'ਤੇ ਤਾਂ ਹਜ਼ਰਤ ਅਲੀ ਮੁਰਤਜ਼ਾ, ਹਜ਼ਰਤ ਬੀਬੀ ਫ਼ਾਤਿਮਾ, ਹਜ਼ਰਤ ਇਮਾਮ ਹਸਨ, ਹਜ਼ਰਤ ਇਮਾਮ ਹੁਸੈਨ ਨੂੰ ਮੰਨਿਆ ਜਾਂਦਾ ਹੈ ਲੇਕਿਨ ਕਈ ਵਿਦਵਾਨਾਂ ਨੇ ਹਜ਼ਰਤ ਮੁਹੰਮਦ ਸਾਹਿਬ ਦੇ ਚਾਚਾ ਅਮੀਰ ਹਮਜ਼ਾ ਨੂੰ ਵੀ ਅਹਿਲ-ਏ-ਬੈਅਤ ਵਿਚ ਸ਼ਾਮਲ ਕੀਤਾ ਹੈ। ਹਜ਼ਰਤ ਸ਼ੇਖ਼ ਮਖ਼ਦੂਮ ਅਲੀ ਹੁਜਵੀਰੀ ਨੇ ਅਪਾਣੀ ਪ੍ਰਸਿੱਧ ਰਚਨਾ 'ਕਸ਼ਫ਼ੁਲ ਮਹਿਜੂਬ' ਵਿਚ ਹਜ਼ਰਤ ਇਮਾਮ ਹੁਸੈਨ ਦੇ ਖ਼ਾਨਦਾਨ ਵਿਚ ਹੋਏ ਇਮਾਮਾਂ ਹਜ਼ਰਤ ਸੱਯਦ ਜ਼ੈਨੁਲ ਆਬਿਦੀਨਸ ਹਜ਼ਰਤ ਅਬੂ ਜਾਫ਼ਿਰ ਮੁਹੰਮਦ ਬਾਕਰ, ਹਜ਼ਰਤ ਇਮਾਮ ਜਾਫ਼ਿਰ ਬਿਨ ਮੁਹੰਮਦ ਸਾਦਿਕ ਆਦਿ ਨੂੰ ਵੀ ਅਹਿਲ-ਏ-ਬੈਅਤ ਵਿਚ ਸ਼ਾਮਲ ਕੀਤਾ ਹੈ।

• ਪ੍ਰਿੰ. ਗੁਰਚਰਨ ਸਿੰਘ ਤਲਵਾੜਾ
94634-63193



## ਲੋਕ-ਭਲਾਈ 'ਚ ਜੁਟਿਆ ਪੰਜਾਬ ਦਾ ਕੈਥੋਲਿਕ ਚਰਚ

ਜਾਰਜ ਸੋਨੀ

ਪੰਜਾਬ 'ਚ ਈਸਾਈ ਧਰਮ ਨੂੰ ਮੰਨਣ ਵਾਲਿਆਂ ਦੀ ਗਿਣਤੀ 30 ਲੱਖ ਦੇ ਕਰੀਬ ਹੈ। ਸ਼ਹਿਰਾਂ 'ਚ ਬਹੁਤ ਸਾਰੇ ਵੱਡੇ ਚਰਚ ਜਾਂ ਗਿਰਜਾਘਰ ਹਨ, ਜਿਨ੍ਹਾਂ ਨੂੰ ਵੱਖੋ-ਵੱਖਰੀਆਂ ਮਿਸ਼ਨਾਂ ਚਲਾਉਂਦੀਆਂ ਹਨ। ਸਭ ਤੋਂ ਪੁਰਾਣੇ ਗਿਰਜਾਘਰਾਂ 'ਚ 'ਕੈਥੋਲਿਕ ਚਰਚ' ਦਾ ਨਾਂ ਪ੍ਰਮੁੱਖ ਹੈ। ਪੰਜਾਬ ਦਾ ਕੈਥੋਲਿਕ ਚਰਚ ਧਾਰਮਿਕ ਪ੍ਰਚਾਰ ਦੇ ਨਾਲ-ਨਾਲ ਸਮਾਜਕ ਖੇਤਰ 'ਚ ਵੀ ਅਹਿਮ ਕੰਮ ਕਰ ਰਿਹਾ ਹੈ। ਗ਼ਰੀਬਾਂ ਤੇ ਬਿਮਾਰਾਂ ਦੀ ਭਲਾਈ ਲਈ ਚਰਚ ਦੁਆਰਾ ਬਹੁਤ ਸਾਰੇ ਕੰਮ ਕੀਤੇ ਜਾਂਦੇ ਹਨ।

ਕੈਥੋਲਿਕ ਚਰਚ ਦਾ ਸਭ ਤੋਂ ਵੱਡਾ ਧਰਮ-ਗੁਰੂ 'ਪੋਪ' ਹੁੰਦਾ ਹੈ। ਉਨ੍ਹਾਂ ਤੋਂ ਬਾਅਦ 'ਆਰਚ-ਬਿਸ਼ਪ', ਫਿਰ 'ਬਿਸ਼ਪ' ਤੇ ਉਨ੍ਹਾਂ ਤੋਂ ਬਾਅਦ 'ਫਾਦਰਜ਼' ਹੁੰਦੇ ਹਨ। ਹਰ ਸੂਬੇ ਜਾਂ ਜ਼ੋਨ ਦਾ ਇੰਚਾਰਜ 'ਬਿਸ਼ਪ' ਹੁੰਦਾ ਹੈ। ਪੰਜਾਬ ਦੇ ਬਿਸ਼ਪ ਡਾ. ਫਰੈਂਕੋ ਮੁਲੱਕਲ ਹਨ। ਉਨ੍ਹਾਂ ਦਾ ਜਨਮ 25 ਮਾਰਚ 1964 ਨੂੰ ਕੇਰਲ ਵਿਖੇ ਹੋਇਆ। 1990 'ਚ ਉਨ੍ਹਾਂ ਧਾਰਮਿਕ ਅਗਵਾਈ ਸੰਭਾਲੀ ਤੇ 'ਫਾਦਰ' (ਪਾਦਰੀ) ਬਣੇ। 2013 'ਚ ਉਨ੍ਹਾਂ ਨੂੰ ਡਾਇਓਸਿਸ ਆਫ ਜਲੰਧਰ ਦਾ ਬਿਸ਼ਪ ਨਿਯੁਕਤ ਕੀਤਾ ਗਿਆ। ਡਾਇਓਸਿਸ ਅਧੀਨ ਪੰਜਾਬ ਤੇ ਹਿਮਾਚਲ ਦੇ ਸਾਰੇ ਕੈਥੋਲਿਕ ਚਰਚ ਆਉਂਦੇ ਹਨ। ਡਾ. ਫਰੈਂਕੋ ਨੇ ਬਿਸ਼ਪ ਬਣਨ ਤੋਂ ਬਾਅਦ ਕਈ ਇਨਕਲਾਬੀ ਕਦਮ ਚੁੱਕੇ। ਆਮ ਤੌਰ 'ਤੇ ਮਸੀਹੀ ਸਮਾਜ 'ਤੇ ਧਰਮ-ਪਰਿਵਰਤਨ ਦੇ ਦੋਸ਼ ਲੱਗਦੇ ਹਨ ਤੇ ਇਕ ਵਰਗ ਪੰਜਾਬ ਦੇ ਈਸਾਈਆਂ ਵੱਲੋਂ ਕੀਤੇ ਜਾ ਰਹੇ ਸਮਾਜ ਭਲਾਈ ਦੇ ਕਾਰਜਾਂ ਨੂੰ ਅੱਖੋਂ ਪਰੋਖੇ ਕਰਦਾ ਹੈ। ਇਹ ਵੀ ਸੱਚਾਈ ਹੈ ਕਿ ਪੰਜਾਬ 'ਚ ਕਦੇ ਕਿਸੇ ਪਾਦਰੀ ਨੇ ਕਿਸੇ ਦਾ ਜ਼ਬਰੀ ਧਰਮ-ਪਰਿਵਰਤਨ ਨਹੀ ਕਰਵਾਇਆ। ਅਜ ਅਸੀ ਸਿਰਫ਼ ਮਸੀਹੀ ਕੌਮ ਵੱਲੋਂ ਪੰਜਾਬ 'ਚ ਕੀਤੇ ਜਾ ਰਹੇ ਕੁਝ ਕਾਰਜਾਂ ਦੀ ਜਾਣਕਾਰੀ ਦੇ ਰਹੇ ਹਾਂ।



ਡਾ. ਫਰੈਂਕੋ ਮੁਲੱਕਲ ਦੀ ਅਗਵਾਈ ਹੇਠ ਪੰਜਾਬ 'ਚ ਬਹੁਤ ਸਾਰੇ ਕਾਨਵੈਂਟ ਸਕੂਲ ਕੈਥੋਲਿਕ ਮਿਸ਼ਨ ਵੱਲੋਂ ਚਲਾਏ ਜਾਂਦੇ ਹਨ। ਬਹੁਤ ਘੱਟ ਫੀਸਾਂ 'ਤੇ ਬੱਚਿਆਂ ਨੂੰ ਬਿਨਾ ਭੇਦ-ਭਾਵ ਮਿਆਰੀ ਸਿੱਖਿਆ ਦਿੱਤੀ ਜਾਂਦੀ ਹੈ। ਗ਼ਰੀਬ ਬੱਚਿਆਂ ਨੂੰ ਖ਼ਾਸ ਰਿਆਇਤਾਂ ਹਨ। ਲੋੜਵੰਦ ਬੱਚਿਆਂ ਨੂੰ ਮੁਫ਼ਤ ਪੜ੍ਹਾਇਆ ਜਾਂਦਾ ਹੈ। 500 ਵਿਧਵਾਵਾਂ ਨੂੰ 500 ਤੋਂ 1000 ਰੁਪਏ ਮਹੀਨਾ ਪੈਨਸ਼ਨ ਦਿੱਤੀ ਜਾ ਰਹੀ ਹੈ। ਸਰੀਰਕ ਤੌਰ 'ਤੇ ਚੁਣੌਤੀਆਂ ਵਾਲੇ ਲੋਕਾਂ ਨੂੰ ਵੀ 500 ਰੁਪਏ ਪੈਨਸ਼ਨ ਦਿੱਤੀ ਜਾਂਦੀ ਹੈ। ਗ਼ਰੀਬ ਮਸੀਹੀ ਲੋਕਾਂ ਨੂੰ ਕੈਥੋਲਿਕ ਸੰਸਥਾਵਾਂ 'ਚ ਪਹਿਲ ਦੇ ਆਧਾਰ 'ਤੇ ਨੌਕਰੀ ਦਿੱਤੀ ਜਾਂਦੀ ਹੈ। ਬਹੁਤ ਸਾਰੇ ਆਸ਼ਰਮ ਵੀ ਚਲਾਏ ਜਾ ਰਹੇ ਹਨ, ਜਿਨ੍ਹਾਂ 'ਚ ਬਿਮਾਰਾਂ, ਬੇਸਹਾਰਾ ਤੇ ਚੁਣੌਤੀਆਂ ਵਾਲੇ ਲੋਕਾਂ ਦਾ ਇਲਾਜ ਕੀਤਾ ਜਾਂਦਾ ਹੈ। ਬਹੁਤ ਸਾਰੇ ਹਸਪਤਾਲ ਵੀ ਮਿਸ਼ਨ ਵੱਲੋਂ ਚਲਾਏ ਜਾ ਰਹੇ ਹਨ, ਜਿਨ੍ਹਾਂ 'ਚ ਵਧੀਆ ਤੇ ਸਸਤਾ ਇਲਾਜ ਕੀਤਾ ਜਾਂਦਾ ਹੈ। ਗ਼ਰੀਬਾਂ ਨੂੰ ਰਿਆਇਤਾਂ ਦਿੱਤੀਆਂ ਜਾਂਦੀਆਂ ਹਨ। •

75083-01963

### ਈਸਾਈਆਂ ਦੀ ਇਕਜੁੱਟਤਾ ਲਈ ਉਪਰਾਲੇ

ਬਿਸ਼ਪ ਡਾ. ਫਰੈਂਕੋ ਮੁੱਕਲ ਪੰਜਾਬ ਦੇ ਈਸਾਈਆਂ 'ਚ ਸਿਆਸੀ ਜਾਗਰੂਕਤਾ ਪੈਦਾ ਕਰਨ ਲਈ ਵੀ ਅਹਿਮ ਉਪਰਾਲੇ ਕਰ ਰਹੇ ਹਨ। ਅਜਿਹਾ ਇਸ ਲਈ ਕੀਤਾ ਜਾ ਰਿਹਾ ਹੈ, ਕਿਉਂਕਿ ਹਾਲੇ ਤਕ ਕਿਸੇ ਵੀ ਮਸੀਹੀ ਨੂੰ ਕਦੇ ਪੰਜਾਬ ਦੀ ਸਿਆਸਤ ਵਿਚ ਪ੍ਰਮੁੱਖਤਾ ਨਹੀਂ ਮਿਲ ਸਕੀ ਤੇ ਹਾਲੇ ਤਕ ਕਿਸੇ ਨੇ ਕੋਈ ਸਾਰਥਕ ਯਤਨ ਨਹੀਂ ਕੀਤਾ। ਬਿਸ਼ਪ ਡਾ. ਫਰੈਂਕੋ ਨੇ ਸਾਰੀਆਂ ਮਿਸ਼ਨਾਂ ਨੂੰ ਇਕ ਛੱਤ ਹੇਠ ਇਕੱਠਾ ਕਰਨ ਲਈ 'ਮਸੀਹੀ ਮਹਾਂਸਭਾ' ਬਣਾਈ। ਜਿਸ ਵਿਚ ਮੁੱਖਧਾਰਾ ਦੇ ਸਾਰੇ ਚਰਚਾਂ ਤੇ ਪੈਂਤੀਕੋਸਤਲ ਚਰਚਾਂ ਨੂੰ ਮਿਲਾਇਆ ਜਾ ਰਿਹਾ ਹੈ। ਡਾ. ਫਰੈਂਕੋ ਨੇ 'ਪੰਜਾਬ ਕ੍ਰਿਸ਼ਚੀਅਨ ਯੂਨਾਈਟਿਡ ਫਰੰਟ' (ਪੀਸੀਯੂਐੱਫ) ਦਾ ਵੀ ਗਠਨ ਕੀਤਾ, ਜਿਸ 'ਚ ਸਾਰੀਆਂ ਮਿਸ਼ਨਾਂ ਦੇ ਨੁਮਾਇੰਦੇ ਸ਼ਾਮਲ ਹਨ। ਇਸ ਸੰਗਠਨ ਦਾ ਮੁੱਖ ਮੰਤਵ ਈਸਾਈ ਕੌਮ ਨੂੰ ਹਰ ਖੇਤਰ 'ਚ ਸਿਖ਼ਰ 'ਤੇ ਲੈ ਕੇ ਜਾਣਾ ਹੈ। ਡਾ. ਫਰੈਂਕੋ ਦਾ ਮੰਨਣਾ ਹੈ ਕਿ ਪੰਜਾਬ ਦੇ 15 ਫ਼ੀਸਦੀ ਈਸਾਈਆਂਦੀ ਉਦੋਂ ਤਕ ਕੋਈ ਪੁੱਛ-ਪ੍ਰਤੀਤ ਨਹੀਂ ਹੋਵੇਗੀ ਜਦੋਂ ਤਕ ਸਾਰੇ ਇਕਜੁੱਟ ਨਹੀਂ ਹੁੰਦੇ।



# ਬਸਤੀ ਸਰਹਿੰਦ ਸ਼ਹਿਰ ਕੀ ਈਂਟੋਂ ਕਾ ਢੇਰ ਥੀ

ਡਾ. ਸਤਿੰਦਰਪਾਲ ਸਿੰਘ

ਕਿਸੇ ਵੀ ਸ਼ਹਿਰ ਦੀ ਆਪਣੀ ਆਤਮਾ ਹੁੰਦੀ ਹੈ। ਉਸ ਦੀ ਚੰਗਿਆਈ ਤੇ ਬੁਰਿਆਈ ਨਾਲ ਹੀ ਉਸ ਸ਼ਹਿਰ ਦੀ ਪਛਾਣ ਬਣਦੀ ਹੈ। ਸ਼ਹਿਰ ਦੀ ਆਤਮਾ ਮੈਲੀ ਹੋਵੇ ਤਾਂ ਉਸ ਧਰਤੀ 'ਤੇ ਪਾਪਾਂ ਦੀ ਪੈਦਾਵਾਰ ਹੁੰਦੀ ਹੈ। ਆਤਮਾ ਪਵਿੱਤਰ ਹੋਵੇ ਤਾਂ ਪੁੰਨ ਦੇ ਫੁੱਲ ਖਿੜਦੇ ਹਨ। ਗੁਰੂ ਨਾਨਕ ਸਾਹਿਬ ਨੇ ਲਾਹੌਰ ਬਾਰੇ ਕਿਹਾ, **'ਲਾਹੌਰ ਸ਼ਹਰੁ ਜਹਰੁ ਕਹਰੁ ਸਵਾ ਪਹਰੁ।'** ਲਾਹੌਰ ਦੀ ਅਨਿਆਈ ਰਾਜ-ਵਿਵਸਥਾ ਕਾਰਨ ਉਹ ਨਗਰ ਜ਼ੁਲਮ-ਜਬਰ ਦਾ ਪ੍ਰਤੀਕ ਬਣ ਗਿਆ ਸੀ। ਗੁਰੂ ਨਾਨਕ ਸਾਹਿਬ ਨੂੰ ਕਹਿਣਾ ਪਿਆ ਕਿ ਇਸ ਦੀ ਨਗਰ ਦੀ ਆਤਮਾ ਜ਼ਹਿਰ ਭਰੀ ਹੈ ਤੇ ਕਹਿਰ ਵਰਤਾ ਰਹੀ ਹੈ। ਗੁਰੂ ਸਾਹਿਬ ਨੇ ਕਿਹਾ ਕਿ ਜ਼ਹਿਰ ਕਿੰਨਾ ਵੀ ਮਾਰੂ ਕਿਉਂ ਨਾ ਹੋਵੇ, ਜ਼ਿਆਦਾ ਦੇਰ ਤਕ ਨਹੀਂ ਟਿਕੇਗਾ। ਛੇਤੀ ਹੀ ਇਸ ਦਾ ਅੰਤ ਹੋਵੇਗਾ। ਅਨਿਆਂ ਤੇ ਜਬਰ ਕਿੰਨਾ ਵੀ ਬਲਵਾਨ ਹੋਵੇ, ਉਸ ਦੀ ਉਮਰ ਸਵਾ ਪਹਿਰ ਤੋਂ ਜ਼ਿਆਦਾ ਨਹੀਂ ਹੁੰਦੀ

ਇਤਿਹਾਸ 'ਚ ਲਾਹੌਰ, ਦਿੱਲੀ ਤੇ ਸਰਹਿੰਦ ਜ਼ਹਿਰ ਬਣ ਕੇ ਖੜੋਤੇ ਨਜ਼ਰ ਆਏ। ਲਾਹੌਰ ਨੇ ਗੁਰੂ ਅਰਜਨ ਸਾਹਿਬ ਦਾ, ਦਿੱਲੀ ਨੇ ਗੁਰੂ ਤੇਗ਼ ਬਹਾਦਰ ਸਾਹਿਬ ਦਾ ਬਲੀਦਾਨ ਵੇਖਿਆ। ਸਰਹਿੰਦ ਦੀ ਆਤਮਾ ਇਨ੍ਹਾਂ ਦੋਹਾਂ ਨਾਲੋਂ ਵੱਧ ਜ਼ਹਿਰ ਤੇ ਕਹਿਰ ਨਾਲ ਭਰੀ ਸੀ। ਦਸਮ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਸਮੇਂ ਸਰਹਿੰਦ ਸਿੱਖ ਕੌਮ ਦੇ ਵਿਰੁੱਧ ਸਾਜ਼ਿਸ਼ਾਂ ਦੇ ਕੇਂਦਰ ਬਣ ਗਿਆ ਸੀ। ਸਰਹਿੰਦ ਦਾ ਫ਼ੌਜਦਾਰ ਉਸ ਵੇਲੇ ਕਰਨਾਲ ਦਾ ਵਸਨੀਕ ਵਜ਼ੀਰ ਖ਼ਾਂ ਸੀ, ਜੋ ਧੋਖੇਬਾਜ਼, ਬੇਈਮਾਨ ਤੇ ਜ਼ਾਲਮ ਆਦਮੀ ਸੀ। ਆਪਣੀ ਫ਼ੌਜਦਾਰੀ ਕਾਇਮ ਰੱਖਣ ਤੇ ਦਿੱਲੀ ਤਖ਼ਤ ਦੀ ਖ਼ੁਸ਼ਾਮਦ ਲਈ ਕੁਝ ਵੀ ਕਰਨ ਨੂੰ ਤਿਆਰ ਰਹਿੰਦਾ ਸੀ। ਵਜ਼ੀਰ ਖ਼ਾਂ ਆਰੰਭ ਤੋਂ ਹੀ ਗੁਰੂ ਗੋਬਿੰਦ ਸਿੰਘ ਸਾਹਿਬ 'ਤੇ ਕਦੇ ਆਪ ਤੇ ਕਦੇ ਪਹਾੜੀ ਰਾਜਿਆਂ ਨਾਲ ਮਿਲ ਕੇ ਹਮਲੇ ਕਰਦਾ ਰਹਿੰਦਾ ਸੀ। ਗੁਰੂ ਸਾਹਿਬ ਦੇ ਆਨੰਦਪੁਰ ਸਾਹਿਬ ਛੱਡਣ ਤੋਂ ਬਾਅਦ ਵੀ ਉਸ ਨੇ ਗੁਰੂ ਸਾਹਿਬ ਨੂੰ ਘੇਰਾ ਪਾਉਣ ਦੀ ਕੋਸ਼ਿਸ਼ ਜਾਰੀ ਰੱਖੀ ਪਰ ਕਾਮਯਾਬ ਨਾ ਹੋ ਸਕਿਆ।

ਗੰਗੂ ਨੇ ਜਦੋਂ ਮਾਤਾ ਗੁਜਰੀ ਜੀ ਤੇ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ ਤਾਂ ਵਜ਼ੀਰ ਖ਼ਾਂ ਨੇ ਬਦਲਾ ਲੈਣ ਲਈ ਛੋਟੇ ਸਾਹਿਬਜ਼ਾਦਿਆਂ ਨੂੰ ਜਿਉਂਦਿਆਂ ਦੀਵਾਰ 'ਚ ਚਿਣਵਾ ਦਿੱਤਾ। ਇਹ ਜ਼ੁਲਮ ਦੀ ਇੰਤਹਾ ਸੀ। ਵਜ਼ੀਰ ਖ਼ਾਂ ਨੇ ਸੱਚ ਨੂੰ ਮਿਟਾਉਣ ਦੀ ਕੋਸ਼ਿਸ਼ ਕੀਤੀ ਪਰ ਆਪਣੇ ਨੇਸਤੋ-ਨਾਬੂਦ ਹੋਣ ਦੀ ਇਬਾਰਤ ਆਪ ਹੀ ਲਿਖ ਲਈ- **'ਸਚ ਕੋ ਮਿਟਾਓਗੇ ਤੋ ਮਿਟੋਗੇ ਜਹਾਨ ਸੇ।'**

ਸਰਹਿੰਦ ਦੀ ਆਤਮਾ ਇੰਨੀ ਮੈਲੀ ਹੋ ਚੁੱਕੀ ਸੀ ਕਿ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹੀਦੀ ਤੋਂ ਬਾਅਦ ਵੀ ਨਹੀਂ ਕੰਬੀ ਤੇ ਅੰਤ ਸ਼ਰਮਸਾਰ ਹੋ ਕੇ ਢਹਿ ਪਈ। ਦਸਮੇਸ਼ ਪਿਤਾ ਨਾਂਦੇੜ ਦੀ ਧਰਤੀ 'ਤੇ ਆਏ ਤਾਂ ਬਾਬਾ ਬੰਦਾ ਸਿੰਘ ਨੂੰ 52 ਰਹਿਤਾਂ ਨਾਲ ਨਿਵਾਜ ਕੇ, ਸਿੱਖ ਜਰਨੈਲ ਸਾਜ ਕੇ ਪੰਜਾਬ ਤੋਰਿਆ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਬਾਬਾ ਬੰਦਾ ਸਿੰਘ ਨੂੰ ਆਪਣੇ ਪੰਜ ਤੀਰ, ਜਿੱਤ ਦਾ ਨਿਸ਼ਾਨ ਝੰਡਾ ਤੇ ਇਕ ਨਗਾਰਾ ਵੀ ਬਖ਼ਸ਼ਿਆ। ਗੁਰੂ ਸਾਹਿਬ ਦਾ ਭਾਵ ਸੀ ਕਿ ਸ਼ਕਤੀ ਦੀ ਵਰਤੋਂ ਗੁਰੂ ਘਰ ਦੀ ਸ਼ਕਤੀ ਮੰਨ ਕੇ ਮਰਿਆਦਾ ਅਨੁਸਾਰ ਕੀਤੀ ਜਾਏ ਤੇ ਗੁਰੂ ਘਰ ਦੇ ਸਿਧਾਂਤਾਂ 'ਤੇ ਸਦਾ ਪਹਿਰਾ ਦਿੰਦਿਆਂ ਮੁੱਖ ਰੱਖਿਆ ਜਾਏ। ਨਗਾਰਾ ਐਲਾਨ ਕਰਨ ਲਈ ਸੀ ਕਿ ਸਿੱਖ ਪੰਥ ਦੇ ਸਿਧਾਂਤ ਸਦਾ ਜੀਵਿਤ ਰਹਿਣ ਵਾਲੇ ਹਨ।

ਬਾਬਾ ਬੰਦਾ ਸਿੰਘ ਨੇ ਪੰਜਾਬ ਪੁੱਜ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਖ਼ਾਸ ਸਿੰਘਾਂ ਦੇ ਨਾਂ ਦਿੱਤੇ ਹੋਏ ਹੁਕਮਨਾਮੇ ਉਨ੍ਹਾਂ ਨੂੰ ਭੇਜੇ। ਗੁਰੂ ਸਾਹਿਬ ਦੇ ਹੁਕਮ ਦੀ ਪਾਲਣਾ ਕਰਦਿਆਂ ਸਾਰੇ ਸਿੰਘ ਬਾਬਾ ਜੀ ਨੂੰ ਮਿਲੇ ਤੇ ਇਕੱਠੇ ਹੋ ਕੇ ਸਰਹਿੰਦ ਵੱਲ ਵਧੇ। ਬਾਬਾ ਜੀ ਦੀ ਅਗਵਾਈ ਵਿਚ ਸਿੰਘਾਂ ਨੇ ਪਹਿਲਾਂ ਸਮਾਣਾ ਸਰ ਕੀਤਾ, ਜਿੱਥੋਂ ਦੇ ਜੱਲਾਦ ਜਲਾਲ-ਉਦ-ਦੀਨ ਨੇ ਦਿੱਲੀ 'ਚ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਸ਼ਹੀਦ ਕੀਤਾ ਸੀ। ਸਮਾਣਾ ਫ਼ਤਹਿ ਕਰਨ ਤੋਂ ਬਾਅਦ ਸ਼ਾਹਬਾਦ, ਡਸਕਾ, ਮੁਸਤਫ਼ਾਬਾਦ, ਕਪੂਰੀ, ਸਢੌਰਾ, ਮੁਖ਼ਲਿਸਗੜ੍ਹ ਜਿੱਤ ਕੇ ਬਾਬਾ ਬੰਦਾ ਸਿੰਘ ਨੇ ਆਪਣੀ ਸਮਰਥਾ ਤੇ ਬਹਾਦਰੀ ਦਾ ਸਿੱਕਾ ਕਾਇਮ ਕਰ ਦਿੱਤਾ।

ਸਿੱਖ ਫ਼ੌਜ ਦੀ ਤਾਕਤ ਵੀ ਵਧੀ ਤੇ ਜੋਸ਼ ਵੀ ਦੂਣਾ ਹੋਇਆ। ਪੰਜਾਬ ਅੰਦਰ ਗੁਰੂ ਗੋਬਿੰਦ ਸਿੰਘ ਜੀ ਦੀ ਗ਼ੈਰ ਮੌਜੂਦਗੀ ਨੇ ਸਿੱਖਾਂ ਅੰਦਰ ਜੋ ਨਮੋਸ਼ੀ ਜਿਹੀ ਲਿਆਂਦੀ ਸੀ, ਉਹ ਪੂਰਨ ਤੌਰ 'ਤੇ ਟੁੱਟ ਗਈ। ਗੁਰੂ ਸਾਹਿਬ ਦੇ ਤੀਰਾਂ ਨੇ ਸਿੱਖਾਂ ਨੂੰ ਮੁੜ ਚੜ੍ਹਦੀ ਕਲਾ ਵਿਚ ਲੈ ਆਂਦਾ।

ਬਾਬਾ ਬੰਦਾ ਸਿੰਘ ਜੀ ਦਾ ਅਗਲਾ ਨਿਸ਼ਾਨਾ ਸਰਹਿੰਦ ਸੀ। ਸਰਹਿੰਦ ਦਾ ਫ਼ੌਜਦਾਰ ਵਜ਼ੀਰ ਖ਼ਾਂ ਸਿੱਖਾਂ ਨੂੰ ਜੜ੍ਹੋਂ ਪੁੱਟ ਦੇਣ ਦੇ ਸੁਪਨੇ ਵੇਖ ਰਿਹਾ ਸੀ। ਉਸ ਨੂੰ ਰੱਤੀ ਭਰ ਵੀ ਅੰਦੇਸ਼ਾ ਨਹੀਂ ਸੀ ਕਿ ਉਸ ਦੇ ਹੀ ਨਹੀਂ ਉਸ ਦੇ ਨਗਰ ਸਰਹਿੰਦ ਦੇ ਵੀ ਖ਼ਾਕ 'ਚ ਮਿਲ ਜਾਣ ਦਾ ਸਮਾਂ ਨੇੜੇ ਆਣ ਪੁੱਜਾ ਹੈ।



**12 ਮਈ 1710 ਨੂੰ ਚਪੜਚਿੜੀ ਦੇ ਮੈਦਾਨ 'ਚ ਸਰਹਿੰਦ ਦੇ ਹਾਕਮ ਵਜ਼ੀਰ ਖ਼ਾਂ ਨੂੰ ਮੌਤ ਦੇ ਘਾਟ ਉਤਾਰ ਕੇ ਬਾਬਾ ਬੰਦਾ ਸਿੰਘ ਨੇ ਸਿੱਖ ਰਾਜ ਦੀ ਨੀਂਹ ਰੱਖੀ...**

ਬਾਬਾ ਬੰਦਾ ਸਿੰਘ ਜੀ ਨੂੰ ਗਿਆਤ ਸੀ ਕਿ ਸਰਹਿੰਦ ਫ਼ਤਹਿ ਕਰਨਾ ਸੌਖਾ ਨਹੀਂ ਹੈ। ਵਜ਼ੀਰ ਖ਼ਾਂ ਦੀ ਦੌਲਤ ਤੇ ਤਾਕਤ ਬੇਹਿਸਾਬ ਸੀ। ਇਸ ਨੂੰ ਧਿਆਨ 'ਚ ਰੱਖਦਿਆਂ ਬਾਬਾ ਜੀ ਨੇ ਸਿੱਖ ਆਗੂਆਂ ਨਾਲ ਮਿਲ ਕੇ ਖ਼ਾਸ ਰਣਨੀਤੀ ਬਣਾਈ। ਹਮਲਾ ਕਰਨ ਲਈ ਫ਼ੌਜ ਨੂੰ ਦੋ ਹਿੱਸਿਆਂ 'ਚ ਵੰਡਿਆ ਗਿਆ। ਇਕ ਜਥਾ ਮਾਲਵੇ ਦੇ ਸਿੱਖਾਂ ਦਾ ਸੀ, ਜਿਸ ਦੀ ਕਮਾਨ ਬਾਬਾ ਫ਼ਤਹਿ ਸਿੰਘ ਤੇ ਬਾਬਾ ਕਰਮ ਸਿੰਘ ਆਦਿਕ ਨੂੰ ਸੌਂਪੀ ਗਈ। ਦੂਜਾ ਜਥਾ ਮਾਝੇ ਦੇ ਸਿੱਖਾਂ ਦਾ ਬਾਬਾ ਬਿਨੋਦ ਸਿੰਘ ਤੇ ਬਾਬਾ ਬਾਜ ਸਿੰਘ ਦੀ ਅਗਵਾਈ ਹੇਠ ਤਿਆਰ ਹੋਇਆ।

ਵਜ਼ੀਰ ਖ਼ਾਂ ਨੇ ਵੀ ਬਾਬਾ ਬੰਦਾ ਸਿੰਘ ਦਾ ਮੁਕਾਬਲਾ ਕਰਨ ਦੀ ਪੂਰੀ ਤਿਆਰੀ ਕਰ ਲਈ ਤੇ ਆਪ ਫ਼ੌਜ ਲੈ ਕੇ ਸਰਹਿੰਦ ਤੋਂ ਤੁਰ ਪਿਆ। ਸਰਹਿੰਦ ਤੋਂ 12 ਕੋਹ ਦੀ ਦੂਰੀ 'ਤੇ 12 ਮਈ ਸੰਨ 1710 ਨੂੰ ਚਪੜਚਿੜੀ ਦੇ ਮੈਦਾਨ 'ਚ ਜ਼ਬਰਦਸਤ ਜੰਗ ਹੋਈ। ਪਹਿਲਾਂ ਤਾਂ ਮੁਗ਼ਲ ਫ਼ੌਜ ਸਿੱਖਾਂ 'ਤੇ ਭਾਰੀ ਪੈਣ ਲੱਗ ਪਈ। ਇਹ ਵੇਖ ਕੇ ਬਾਬਾ ਬੰਦਾ ਸਿੰਘ ਜੀ ਆਪ ਅੱਗੇ ਆਏ ਤੇ ਸ਼ੇਰ ਵਾਂਗ ਵੈਰੀ 'ਤੇ ਟੁੱਟ ਪਏ। ਇਸ ਨਾਲ ਸਿੱਖਾਂ ਦਾ ਹੌਸਲਾ ਵੀ ਵੱਧ ਗਿਆ। ਮੁਗ਼ਲਾਂ ਦਾ ਗੋਲਾ-ਬਾਰੂਦ ਤੇ ਤਾਕਤ ਫਿੱਕੀ ਪੈਣ ਲੱਗ ਪਈ। ਵੈਰੀ ਲਈ ਜੰਗ ਦੇ ਮੈਦਾਨ 'ਚ ਟਿਕੇ ਰਹਿਣਾ ਮੁਸ਼ਕਲ ਹੋ ਗਿਆ। ਇਸ ਜ਼ਬਰਦਸਤ ਲੜਾਈ ਵਿਚ ਵਜ਼ੀਰ ਖ਼ਾਂ ਬਾਬਾ ਫ਼ਤਹਿ ਸਿੰਘ ਹੱਥੋਂ ਮਾਰਿਆ ਗਿਆ। ਸਿੱਖਾਂ ਨੇ ਯੁੱਧ ਜਿੱਤ ਲਈ ਤੇ ਸਰਹਿੰਦ ਨਗਰ ਤੇ ਕਾਬਜ਼ ਹੋ ਗਏ। ਸਿੱਖਾਂ ਅੰਦਰ ਸਰਹਿੰਦ ਨੂੰ ਜਿੱਤਣ ਤੇ ਵਜ਼ੀਰ ਖ਼ਾਂ ਨੂੰ ਮਾਰਨ ਦਾ ਭਾਰੀ ਜੋਸ਼ ਸੀ। ਨਗਰ ਅੰਦਰ ਵੈਰੀਆਂ ਦੇ ਮਹਿਲ ਤੇ ਇਮਾਰਤਾਂ ਜ਼ਮੀਨਦੋਜ਼ ਕਰ ਦਿੱਤੀਆਂ ਗਈਆਂ :

**ਜੋਗੀ ਜੀ ਇਸ ਕੇ ਬਾਅਦ ਹੁਈ ਥੋੜੀ ਦੇਰ ਥੀ,**
**ਬਸਤੀ ਸਰਹਿੰਦ ਸ਼ਹਿਰ ਕੀ ਈਂਟੋਂ ਕਾ ਢੇਰ ਥੀ।**

ਸਿੱਖ ਫ਼ੌਜਾਂ ਨੇ ਸੰਜਮ ਦੀ ਮਿਸਾਲ ਕਾਇਮ ਕਰਦਿਆਂ ਪੀਰਾਂ-ਫ਼ਕੀਰਾਂ ਦੀਆਂ ਮਜ਼ਾਰਾਂ ਤੇ ਯਾਦਗਾਰਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਤੇ ਨਾ ਹੀ ਆਮ ਲੋਕਾਂ ਦਾ ਨੁਕਸਾਨ ਕੀਤਾ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਪੰਜ ਸਾਲ ਦੇ ਅੰਦਰ ਹੀ ਸਰਹਿੰਦ ਨੂੰ ਜ਼ੁਲਮਾਂ ਦਾ ਦੰਡ ਭੋਗਣਾ ਪਿਆ। ਵਜ਼ੀਰ ਖ਼ਾਂ ਦੇ ਜ਼ੁਲਮੀ ਸਰਹਿੰਦ ਦਾ ਖ਼ਾਤਮਾ ਹੋਇਆ ਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ 'ਤੇ ਮਾਣ ਕਰਨ ਵਾਲੇ, ਮਾਤਾ ਗੁਜਰੀ ਜੀ ਦੇ ਬਲਿਦਾਨ ਨੂੰ ਨਮਨ ਕਰਨ ਵਾਲੇ ਇਕ ਨਵੇਂ ਸਰਹਿੰਦ ਨੇ ਜਨਮ ਲਿਆ। ਬਾਬਾ ਬੰਦਾ ਸਿੰਘ ਜੀ ਨੇ 27 ਮਈ 1710 ਨੂੰ ਇਕ ਵੱਡਾ ਦੀਵਾਨ ਲਗਾਇਆ ਤੇ ਸਿੱਖ ਰਾਜ ਦੀ ਸਥਾਪਨਾ ਦਾ ਐਲਾਨ ਕੀਤਾ। ਨਵ ਸਿਰਜੇ ਸਿੱਖ ਰਾਜ ਅੰਦਰ ਸਰਹਿੰਦ ਦਾ ਸੂਬੇਦਾਰ ਬਾਬਾ ਬਾਜ ਸਿੰਘ ਨੂੰ ਬਣਾਇਆ ਗਿਆ।

ਸਿੱਖ ਕੌਮ ਦੀ ਰਾਹ 'ਚ ਸਾਜ਼ਿਸ਼ਾਂ ਤੇ ਹਮਲੇ ਕਰਨ ਵਾਲੇ ਕਿੰਨੇ ਹੀ ਸਰਹਿੰਦ ਬਣੇ ਤੇ ਵਿਗੜੇ ਹਨ। ਕੋਈ ਵੀ ਕੌਮ ਜਦੋਂ ਅਗਾਂਹ ਵਧਦੀ ਹੈ ਤੇ ਆਪਣੀ ਨਵੀਂ ਸੋਚ ਨਾਲ ਮਨੁੱਖੀ ਸਮਾਜ ਦੀ ਆਤਮਕ ਤੇ ਸਮਾਜਕ ਵਿਵਸਥਾ ਨੂੰ ਬਦਲਣਾ ਚਾਹੁੰਦੀ ਹੈ। ਕਈ-ਕਈ ਸਰਹਿੰਦ ਖੜ੍ਹੇ ਹੋ ਜਾਂਦੇ ਹਨ। ਇਹ ਸਰਹਿੰਦ ਮਨੁੱਖ ਦੇ ਮਨ ਦੇ ਅੰਦਰ ਵੀ ਹੁੰਦੇ ਹਨ ਤੇ ਬਾਹਰ ਵੀ। ਇਨ੍ਹਾਂ ਦਾ ਮੁਕਾਬਲਾ ਕਰਨਾ ਅਤਿ ਮੁਸ਼ਕਲ ਹੁੰਦਾ ਹੈ। ਇਤਿਹਾਸ ਭਾਵੇਂ ਸਰਹਿੰਦ ਫ਼ਤਹਿ ਦੀ ਗਵਾਹੀ ਦਿੰਦਾ ਹੈ ਪਰ ਸਿੱਖ ਕੌਮ ਦੀ ਰਾਹ ਵਿਚ ਅੱਜ ਵੀ ਕਈ ਸਰਹਿੰਦ ਖੜੋਤੇ ਨਜ਼ਰ ਆਉਂਦੇ ਹਨ। ਇਨ੍ਹਾਂ ਨੂੰ ਜ਼ਮੀਨਦੋਜ਼ ਕਰਨ ਲਈ ਬਾਬਾ ਬੰਦਾ ਸਿੰਘ ਜਿਹੀ ਹਿੰਮਤ ਤੇ ਗੁਰੂ ਗੋਬਿੰਦ ਸਿੰਘ ਦੇ ਬਖ਼ਸ਼ੇ ਤੀਰਾਂ ਦਾ ਸੰਜਮ ਭਰਪੂਰ ਬਲ ਤੇ ਝੰਡੇ ਜਿਹੀ ਸਿਧਾਂਤਾਂ ਦੀ ਪਰਪੱਕਤਾ ਚਾਹੀਦੀ ਹੈ। •

94159-60533

# ਸੰਤ ਰਾਮਾ ਨੰਦ ਪਬਲਿਕ ਹਾਈ ਸਕੂਲ ਦੇ ਲੋੜਵੰਦ ਵਿਦਿਆਰਥੀਆਂ ਨੂੰ ਵੰਡੀਆਂ ਨੋਟ ਬੁੱਕਾਂ ਵੰਡੀਆਂ



**ਪਟਿਆਲਾ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਅਖੰਡ ਪਰਮ ਧਾਮ ਜਨ ਸੇਵਾ ਸਮਿਤੀ ਨੇ ਸੰਤ ਰਾਮਾ ਨੰਦ ਪਬਲਿਕ ਹਾਈ ਸਕੂਲ ਸੰਤਾਂ ਦੀ ਕੁਟੀਆ ਸੰਤ ਨਗਰ ਪਟਿਆਲਾ ਦਾ ਦੌਰਾ ਕੀਤਾ ਅਤੇ ਸਕੂਲ ਦੇ ਲੋੜਵੰਦ ਵਿਦਿਆਰਥੀਆਂ ਨੂੰ ਨੋਟ ਬੁੱਕਾਂ ਵੰਡੀਆਂ। ਇਸ ਸਮਾਗਮ ਵਿੱਚ ਸਾਗਰ ਤਿਆਗੀ , ਸਤਪਾਲ ਗੋਇਲ ,ਇੰਜੀ. ਭਗਤ ਸਿੰਘ ਭੰਡਾਰੀ ਸੇਵਾਮੁਕਤ ਐਸਡੀਓ ਪੀਐਸਪੀਸੀਐਲ ਅਤੇ ਸੰਜੀਵ ਸ਼ਰਮਾ ਨੇ ਅਖੰਡ ਪਰਮ ਧਾਮ ਜਨ ਸੇਵਾ ਸਮਿਤੀ ਵੱਲੋਂ ਸ਼ਿਰਕਤ ਕੀਤੀ। ਇਸ ਪਰਉਪਕਾਰੀ ਕਾਰਜ ਦੀ ਸਮੁੱਚੇ ਅਧਿਆਪਕ ਭਾਈਚਾਰੇ ਅਤੇ ਸਕੂਲ ਦੇ ਮੁੱਖ ਅਧਿਆਪਕਾ ਨੀਲਮ ਸ਼ਰਮਾ ਦੁਆਰਾ ਸ਼ਲਾਘਾ ਅਤੇ ਪ੍ਰਸ਼ੰਸਾ ਕੀਤੀ ਗਈ। ਵਿਦਿਆਰਥੀਆਂ ਨੂੰ ਸੰਜੀਵ ਸ਼ਰਮਾ ਸੇਵਾਮੁਕਤ ਏਜੀਐਮ ਪੰਜਾਬ ਗ੍ਰਾਮੀਣ ਬੈਂਕ ਦੁਆਰਾ ਪ੍ਰੇਰਿਤ ਕੀਤਾ ਗਿਆ ਅਤੇ ਸਾਰੇ ਵਿਦਿਆਰਥੀ ਨੂੰ ਸਿੱਖਿਆ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਗਿਆ। ਇੰਜੀਨੀਅਰ ਭਗਤ ਸਿੰਘ ਭੰਡਾਰੀ ਨੇ ਵਿਦਿਆਰਥੀਆਂ ਨੂੰ ਵਿਦਿਆਰਥੀਆਂ ਦੇ ਜੀਵਨ ਵਿੱਚ ਅਧਿਆਪਕ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਜੋ ਕਿ ਅਸਲ ਗੁਰੂ ਹਨ।

# ਮਾਲ ਦਫਤਰਾਂ ਵਿੱਚ ਲੋਕਾਂ ਦੀ ਖੱਜਲ ਖੁਆਰੀ ਕਤਈ ਬਰਦਾਸ਼ਤ ਨਹੀਂ ਕੀਤੀ ਜਾਵੇਗੀ: ਮਾਲ ਮੰਤਰੀ

**ਚੰਡੀਗੜ੍ਹ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਲ ਤੇ ਮੁੜ ਵਸੇਬਾ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਲੋਕਾਂ ਨੂੰ ਬਿਹਤਰ ਪ੍ਰਸ਼ਾਸਨਿਕ ਸੇਵਾਵਾਂ ਦੇਣ ਲਈ ਵਚਨਬੱਧ ਹੈ। ਮਾਲ ਵਿਭਾਗ ਦੇ ਦਫ਼ਤਰਾਂ ਵਿੱਚ ਲੋਕਾਂ ਦੀ ਖੱਜਲ ਖੁਆਰੀ ਕਤਈ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਸ. ਮੁੰਡੀਆਂ ਨੇ ਕਿਹਾ ਕਿ ਮਾਲ ਵਿਭਾਗ ਵਿੱਚ ਚੱਲ ਰਹੇ ਸੁਧਾਰਾਂ ਦੇ ਚੱਲਦਿਆਂ ਵੱਲੋਂ ਤਹਿਸੀਲਦਾਰਾਂ ਤੇ ਨਾਇਬ ਤਹਿਸੀਲਦਾਰਾਂ ਦੇ ਤਬਾਦਲੇ ਕੀਤੇ ਗਏ ਸਨ ਪਰ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ ਕਿ ਕਈ ਅਧਿਕਾਰੀਆਂ ਨੇ ਹਾਲੇ ਆਪਣੀ ਡਿਊਟੀ ਜੁਆਇਨ ਨਹੀਂ ਕੀਤੀ। ਉਨ੍ਹਾਂ ਤਬਾਦਲਿਆਂ ਵਾਲੇ ਸਾਰੇ ਤਹਿਸੀਲਦਾਰਾਂ/ਨਾਇਬ ਤਹਿਸੀਲਦਾਰਾਂ ਨੂੰ ਤੁਰੰਤ ਨਵੀਂ ਤਾਇਨਾਤੀ ਉੱਤੇ ਹਾਜ਼ਰ ਹੋਣ ਦੇ ਨਿਰਦੇਸ਼ ਦਿੱਤੇ ਹਨ।ਮਾਲ ਮੰਤਰੀ ਨੇ ਕਿਹਾ ਕਿ ਲੋਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਪ੍ਰਸ਼ਾਸਨਿਕ ਸੇਵਾਵਾਂ ਵਿੱਚ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਉਹ ਭਲਕ ਤੋਂ ਕਿਸੇ ਵੀ ਮਾਲ ਦਫ਼ਤਰ ਦੀ ਚੈਕਿੰਗ ਕਰ ਸਕਦੇ ਹਨ ਅਤੇ ਜੇਕਰ ਇਸ ਅਚਨਚੇਤ ਚੈਕਿੰਗ ਦੌਰਾਨ ਕੋਈ ਵੀ ਡਿਊਟੀ 'ਤੇ ਗ਼ੈਰ ਹਾਜ਼ਰ ਪਾਇਆ ਗਿਆ ਤਾਂ ਸਬੰਧਤ ਅਧਿਕਾਰੀ/ਕਰਮਚਾਰੀ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅਨੁਸ਼ਾਸਨਹੀਣਤਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਪਹਿਲਗਾਮ ਹਮਲੇ ਦਾ ਸ਼ਿਕਾਰ ਹੋਏ ਨੇਵੀ ਅਫ਼ਸਰ ਦਾ ਇਕ ਹਫ਼ਤਾ ਪਹਿਲਾਂ ਹੋਇਆ ਸੀ ਵਿਆਹ

**ਕਰਨਾਲ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂਗ੍ਰਾਮ ਦੀ ਹਿਮਾਂਸ਼ੀ ਨੂੰ ਨਹੀਂ ਪਤਾ ਸੀ ਕਿ ਉਸ ਦੇ ਹੱਥਾਂ ਦੀ ਮਹਿੰਦੀ ਉਤਰਨ ਤੋਂ ਪਹਿਲਾਂ ਹੀ ਉਸਦੇ ਪਤੀ ਦਾ ਸਾਇਆ ਉਸ ਦੇ ਸਿਰ ਤੋਂ ਉੱਠ ਜਾਵੇਗਾ ਅਤੇ ਉਸ ਦੇ ਵਿਆਹ ਦੀਆਂ ਖੁਸ਼ੀਆਂ ਦੇ ਦਿਨ ਇਕ ਭਿਆਨਕ ਘਟਨਾ ਦੇ ਰੂਪ ਵਿਚ ਬਦਲ ਜਾਣਗੀਆਂ। ਹਰਿਆਣਾ ਦਾ ਨਵ-ਵਿਆਹਿਆ ਜੋੜਾ ਵਿਨੈ ਨਰਵਾਲ (26) ਅਤੇ ਹਿਮਾਂਸ਼ੀ ਆਪਣੇ ਵਿਆਹ ਤੋਂ ਬਾਅਦ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿਚ ਘੁੰਮਣ ਗਏ ਸਨ, ਜਦੋਂ ਮੰਗਲਵਾਰ ਦੁਪਹਿਰ ਨੂੰ ਅੱਤਵਾਦੀ ਹਮਲਾ ਹੋਇਆ।

ਕਰਨਾਲ ਦੇ ਸੈਕਟਰ-7 ਦੇ ਵਸਨੀਕ ਲੈਫਟੀਨੈਂਟ ਨਰਵਾਲ ਕੋਚੀ ਵਿਚ ਤਾਇਨਾਤ ਸਨ ਅਤੇ ਹਾਲ ਹੀ ਵਿਚ 16 ਅਪਰੈਲ ਨੂੰ ਗੁਰੂਗ੍ਰਾਮ-ਅਧਾਰਤ ਹਿਮਾਂਸ਼ੀ ਨਾਲ ਵਿਆਹ ਕਰਵਾਇਆ ਸੀ ਅਤੇ 19 ਅਪਰੈਲ ਨੂੰ ਰਿਸੈਪਸ਼ਨ ਹੋਈ ਸੀ। ਇਹ ਜੋੜਾ



ਆਪਣੇ ਜੀਵਨ ਦੀ ਨਵੀਂ ਸ਼ੁਰੂਆਤ ਦਾ ਜਸ਼ਨ ਮਨਾਉਣ ਲਈ ਕਸ਼ਮੀਰ ਗਿਆ ਸੀ। ਇਕ ਗੁਆਂਢੀ ਨੇ ਭਰੇ ਮਨ ਨਾਲ ਦੱਸਿਆ ਕਿ ਜਦੋਂ ਨਰਵਾਲ ਦੇ ਗੋਲੀ ਲੱਗਣ ਦੀ ਖ਼ਬਰ ਘਰ ਪੁੱਜੀ ਤਾਂ ਉਸ ਸਮੇਂ ਪਰਿਵਾਰ ਦੇ ਮੈਂਬਰ ਅਜੇ ਵੀ ਗੁਆਂਢੀਆਂ ਨੂੰ ਵਿਆਹ ਦੀਆਂ ਮਿਠਾਈਆਂ ਵੰਡ ਰਹੇ ਸਨ, ਖੁਸ਼ੀ ਦਾ ਜਸ਼ਨ ਮਨਾ ਰਹੇ ਸਨ।

ਉਨ੍ਹਾਂ ਕਿਹਾ "ਹਰ ਕੋਈ ਬਹੁਤ ਖੁਸ਼ ਸੀ ਅਤੇ ਅਸੀਂ ਅਗਲੇ ਮਹੀਨੇ 'ਮਾਤਾ ਦਾ ਜਾਗਰਣ' ਕਰਵਾਉਣ ਦੀ ਯੋਜਨਾ ਬਣਾ ਰਹੇ ਸੀ, ਪਰ ਹੁਣ ਸਭ ਸੁਪਨੇ ਚਕਨਾਚੂਰ ਹੋ ਗਏ ਹਨ।"

ਇਸ ਦਿਲ ਦਹਿਲਾ ਦੇਣ ਵਾਲੀ ਖ਼ਬਰ ਫੈਲਦੇ ਹੀ ਕਰਨਾਲ ਵਿਚ ਮਾਤਮ ਛਾ ਗਿਆ। ਉਨ੍ਹਾਂ ਦੇ ਪਿਤਾ ਤੁਰੰਤ ਪਹਿਲਗਾਮ ਲਈ ਰਵਾਨਾ ਹੋ ਗਏ, ਜਦੋਂ ਕਿ ਲੋਕ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਸ਼ਰਧਾਂਜਲੀ ਦੇਣ ਲਈ ਪਹੁੰਚ ਰਹੇ ਹਨ।

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਵੀਡੀਓ ਕਾਲ ਰਾਹੀਂ ਵਿਨੈ ਦੇ ਦਾਦਾ ਜੀ ਨਾਲ ਗੱਲ ਕੀਤੀ ਅਤੇ ਪਰਿਵਾਰ ਨੂੰ ਭਰੋਸਾ ਦਿੱਤਾ ਕਿ ਦੁੱਖ ਦੀ ਇਸ ਘੜੀ ਵਿੱਚ ਪੂਰਾ ਰਾਜ ਉਨ੍ਹਾਂ ਦੇ ਨਾਲ ਖੜ੍ਹਾ ਹੈ। ਸੈਣੀ ਨੇ ਕਿਹਾ, ਹਮਲੇ ਦੇ ਪਿੱਛੇ ਲੋਕਾਂ ਵਿਰੁੱਧ ਸਖ਼ਤ ਅਤੇ ਠੋਸ ਕਾਰਵਾਈ ਕੀਤੀ ਜਾਵੇਗੀ।

ਸਪੀਕਰ ਕਲਿਆਣ ਨੇ ਕਿਹਾ, ਅਸੀਂ ਇੱਕ ਬਹਾਦਰ ਸਿਪਾਹੀ, ਧਰਤੀ ਦਾ ਪੁੱਤਰ ਅਤੇ ਇੱਕ ਵਧੀਆ ਇਨਸਾਨ ਗੁਆ ਦਿੱਤਾ ਹੈ।

# ਸੁਨੀਤਾ ਦੁੱਗਲ ਵਿਕਾਸ ਕਾਰਜਾਂ ਤੇ ਭ੍ਰਿਸ਼ਟਾਚਾਰ ਨੂੰ ਰੋਕਣ ਪ੍ਰਤੀ ਗੰਭੀਰ: ਇੰਦੋਰਾ

**ਰਤੀਆ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਬਕਾ ਸੰਸਦ ਮੈਂਬਰ ਸ੍ਰੀਮਤੀ ਸੁਨੀਤਾ ਦੁੱਗਲ, ਜਿਨ੍ਹਾਂ ਨੇ ਰਤੀਆ ਵਿਧਾਨ ਸਭਾ ਹਲਕੇ ਤੋਂ ਚੋਣ ਲੜੀ ਸੀ, ਵਿਕਾਸ ਕਾਰਜਾਂ ਨੂੰ ਤੇਜ਼ ਕਰਨ ਅਤੇ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਗੰਭੀਰ ਹਨ। ਇਹ ਗੱਲ ਭਾਜਪਾ ਅਨੁਸੂਚਿਤ ਜਾਤੀ ਮੋਰਚਾ ਹਰਿਆਣਾ ਦੇ ਸਾਬਕਾ ਸੂਬਾ ਕਾਰਜਕਾਰਨੀ ਮੈਂਬਰ ਅਤੇ ਧਾਨਕ ਸਮਾਜ ਉਤਥਾਨ ਸਭਾ ਹਰਿਆਣਾ ਦੇ ਸੂਬਾ ਪ੍ਰਧਾਨ ਸੁਨੀਲ ਇੰਦੋਰਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਹੀ। ਇਸ ਦੌਰਾਨ ਸੁਨੀਲ ਇੰਦੋਰਾ ਨੇ ਕਿਹਾ ਕਿ ਰਤੀਆ ਵਿੱਚ ਭ੍ਰਿਸ਼ਟਾਚਾਰ ਦਾ ਮੁੱਦਾ ਉਠਾਇਆ ਗਿਆ ਹੈ ਅਤੇ ਇਸ ਲਈ ਸੁਨੀਤਾ ਦੁੱਗਲ ਨੇ ਸਖ਼ਤ ਸ਼ਬਦਾਂ ਵਿੱਚ ਕਿਹਾ ਹੈ ਕਿ ਭਾਰਤੀ ਜਨਤਾ ਪਾਰਟੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਣੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਭ੍ਰਿਸ਼ਟਾਚਾਰ ਦੇ ਨਾਮ ਤੋਂ ਨਫ਼ਰਤ ਕਰਦੇ ਹਨ ਅਤੇ ਜੇ ਕੋਈ ਅਧਿਕਾਰੀ ਜਾਂ ਕਰਮਚਾਰੀ ਇਸ ਵਿੱਚ ਸ਼ਾਮਲ ਪਾਇਆ ਜਾਂਦਾ ਹੈ ਤਾਂ ਉਸ ਨੂੰ ਨਾ ਸਿਰਫ਼ ਆਪਣੀ ਨੌਕਰੀ ਗੁਆਉਣੀ ਪਵੇਗੀ ਸਗੋਂ ਜੇਲ੍ਹ ਵੀ



ਜਾਣਾ ਪਵੇਗਾ। ਇੰਦੋਰਾ ਨੇ ਕਿਹਾ ਕਿ ਸਰਕਾਰ ਨੇ ਪ੍ਰਸ਼ਾਸਨ ਨੂੰ ਸਖ਼ਤ ਹਦਾਇਤਾਂ ਦਿੱਤੀਆਂ ਹਨ ਕਿ ਆਮ ਲੋਕਾਂ ਨੂੰ ਆਪਣੇ ਕੰਮ ਲਈ ਸਰਕਾਰੀ ਦਫ਼ਤਰਾਂ ਵਿੱਚ ਭੱਜ-ਦੌੜ ਨਾ ਕਰਨੀ ਪਵੇ, ਇਸ ਲਈ ਉਨ੍ਹਾਂ ਦੇ ਕੰਮ ਪਹਿਲ ਦੇ ਆਧਾਰ 'ਤੇ ਹੱਲ ਕੀਤੇ ਜਾਣ। ਸੁਨੀਤਾ ਦੁੱਗਲ ਨੇ ਰਤੀਆ ਵਿੱਚ ਅਟਲ ਕਿਸਾਨ ਕੰਟੀਨ ਦਾ ਉਦਘਾਟਨ ਕੀਤਾ ਜਿੱਥੇ ਗਰੀਬ, ਮਜ਼ਦੂਰ ਅਤੇ ਕਿਸਾਨ ਨੂੰ 10 ਰੁਪਏ ਵਿੱਚ ਪੂਰਾ ਭੋਜਨ ਮਿਲੇਗਾ। ਇਸ ਦੇ ਨਾਲ ਹੀ ਵਪਾਰੀਆਂ ਅਤੇ ਕਿਸਾਨਾਂ ਦੀਆਂ ਸਮੱਸਿਆਵਾਂ ਸਬੰਧੀ ਮਾਰਕੀਟ ਕਮੇਟੀ ਦੇ ਸਕੱਤਰ ਨੂੰ ਹਦਾਇਤਾਂ ਦਿੱਤੀਆਂ ਗਈਆਂ।

# ਸਾਬਕਾ ਮੰਤਰੀ ਸੁਧਾ ਵੱਲੋਂ ਸਾਈਕਲ ਯਾਤਰਾ ਕੈਥਲ ਲਈ ਰਵਾਨਾ

**ਸ਼ਾਹਬਾਦ ਮਾਰਕੰਡਾ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਬਕਾ ਰਾਜ ਮੰਤਰੀ ਸੁਭਾਸ ਸੁਧਾ ਨੇ ਕਿਹਾ ਹੈ ਕਿ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਹਰ ਵਿਅਕਤੀ ਨੂੰ ਬਿਨਾਂ ਕਿਸੇ ਡਰ ਦੇ ਅੱਗੇ ਆਉਣਾ ਪਵੇਗਾ ਤੇ ਜੋ ਵੀ ਵਿਅਕਤੀ ਨਸ਼ਾ ਵੇਚਣ ਵਾਲਿਆਂ ਵਿੱਚ ਸ਼ਾਮਲ ਹੈ ਉਸ ਦੇ ਖ਼ਿਲਾਫ਼ ਪੁਲੀਸ ਨੂੰ ਸ਼ਿਕਾਇਤ ਦਰਜ ਕਰਾਉਣੀ ਚਾਹੀਦੀ ਹੈ। ਸਾਈਕਲੋਥੋਨ 2.0 ਯਾਤਰਾ ਨੂੰ ਸਫਲ ਬਨਾਉਣਾ ਕੁਰੂਕਸ਼ੇਤਰ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕਾਂ ਨੂੰ ਜਾਗਰੂਕ ਕਰਨ ਲਈ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਇਸ ਯਾਤਰਾ ਨੂੰ ਸ਼ੁਰੂ ਕੀਤਾ ਹੈ।

ਸਾਬਕਾ ਰਾਜ ਮੰਤਰੀ ਅੱਜ ਪਿੰਡ ਪਿੰਡਾਰਸੀ ਵਿਚ ਸਾਈਕਲੋਥੋਨ 2.0 ਯਾਤਰਾ ਨੂੰ ਕੈਥਲ ਰਵਾਨਾ ਕਰਨ ਦੇ ਲਈ ਕਰਵਾਏ ਪ੍ਰੋਗਰਾਮ ਨੂੰ ਸੰਬੋਧਨ ਕਰ ਰਹੇ ਸਨ। ਇਸ ਤੋਂ ਪਹਿਲਾਂ ਉਨ੍ਹਾਂ ਨੇ ਯਾਤਰਾ ਦਾ ਪਿੰਡਾਰਸੀ ਪੁੱਜਣ 'ਤੇ ਸਵਾਗਤ ਕੀਤਾ। ਇਸ ਮੌਕੇ ਔਰਤਾਂ ਨੇ ਹਰਿਆਣਵੀ ਸੰਸਕ੍ਰਿਤੀ ਤੇ ਪਰੰਪਰਾ ਅਨੁਸਾਰ ਲੋਕ ਗੀਤ ਗਾਏ ਤੇ ਨਸ਼ੇ



ਖ਼ਿਲਾਫ਼ ਮੁਹਿੰਮ ਛੇੜਨ ਦਾ ਸੰਕਲਪ ਲਿਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ 5 ਅਪਰੈਲ ਨੂੰ ਹਿਸਾਰ ਤੋਂ ਝੰਡੀ ਦਿਖਾ ਕੇ ਇਸ ਯਾਤਰਾ ਨੂੰ ਸ਼ੁਰੂ ਕੀਤਾ ਸੀ।

ਇਸ ਦੌਰਾਨ ਰਾਜ ਮੰਤਰੀ ਨੇ ਨੌਜਵਾਨਾਂ ਨੂੰ ਨਸ਼ਾ ਨਾ ਕਰਨ ਦੀ ਸਹੁੰ ਚੁਕਾਈ। ਇਸ ਮੌਕੇ ਭਾਜਪਾ ਜ਼ਿਲ੍ਹਾ ਪ੍ਰਧਾਨ ਤੇਜਿੰਦਰ ਸਿੰਘ ਗੋਲਡੀ, ਜ਼ਿਲ੍ਹਾ ਪਰੀਸ਼ਦ ਚੇਅਰਮੈਨ ਕਮਲਜੀਤ ਕੌਰ , ਏਐੱਸਪੀ ਮਨਪ੍ਰੀਤ ਸਿੰਘ ਸੂਦਨ, ਐੱਸਡੀਐੱਮ ਅਮਨ ਕੁਮਾਰ, ਜ਼ਿਲ੍ਹਾ ਖੇਡ ਅਧਿਕਾਰੀ ਮਨੋਜ ਕੁਮਾਰ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਧਿਕਾਰੀ ਵਿਕਾਸ ਕੁਮਾਰ ,ਸਰਪੰਚ ਅਨਿਲ ਕੁਮਾਰ, ਸੁਰੇਸ਼ ਹਾਜ਼ਰ ਸਨ।

# ਸੇਵਾਮੁਕਤ ਕਰਮਚਾਰੀਆਂ ਵੱਲੋਂ ਕੇਂਦਰ ਤੇ ਸੂਬਾ ਸਰਕਾਰ ਖ਼ਿਲਾਫ਼ ਮੁਜ਼ਾਹਰਾ

**ਯਮੁਨਾਨਗਰ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਆਲ ਇੰਡੀਆ ਸਟੇਟ ਗੌਰਮਿੰਟ ਪੈਨਸ਼ਨਰਜ਼ ਫੈਡਰੇਸ਼ਨ ਦੇ ਬੈਨਰ ਹੇਠ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਸੇਵਾਮੁਕਤ ਕਰਮਚਾਰੀ ਅਨਾਜ ਮੰਡੀ ਵਿੱਚ ਇਕੱਠੇ ਹੋਏ ਅਤੇ ਵਿੱਤ ਐਕਟ-2025 ਬਿੱਲ ਦਾ ਵਿਰੋਧ ਕੀਤਾ । ਯੂਨੀਅਨ ਆਗੂ ਜ਼ਿਲ੍ਹਾ ਹੈੱਡਕੁਆਰਟਰ ਗਏ ਅਤੇ ਪ੍ਰਧਾਨ ਮੰਤਰੀ ਦੇ ਨਾਂ ਸਿਟੀ ਮੈਜਿਸਟ੍ਰੇਟ ਨੂੰ ਮੰਗਾਂ ਸਬੰਧੀ ਮੰਗ ਪੱਤਰ ਸੌਂਪਿਆ।



ਪ੍ਰੋਗਰਾਮ ਦੀ ਪ੍ਰਧਾਨਗੀ ਜ਼ਿਲ੍ਹਾ ਪ੍ਰਧਾਨ ਜੋਤ ਸਿੰਘ ਨੇ ਕੀਤੀ ਅਤੇ ਸਟੇਜ ਸੰਚਾਲਨ ਜ਼ਿਲ੍ਹਾ ਸਕੱਤਰ ਸੋਮਨਾਥ ਨੇ ਕੀਤਾ। ਮੌਕੇ 'ਤੇ ਮੌਜੂਦ ਸੀਨੀਅਰ ਆਗੂ ਜਰਨੈਲ ਸਿੰਘ ਸਾਂਗਵਾਨ, ਜ਼ਿਲ੍ਹਾ ਇੰਚਾਰਜ ਮਹਾਬੀਰ ਦਹੀਆ ਅਤੇ ਐੱਸਕੇਐੱਸ ਦੇ ਜ਼ਿਲ੍ਹਾ ਸਕੱਤਰ ਗੁਲਸ਼ਨ ਭਾਰਦਵਾਜ ਨੇ ਕਿਹਾ ਕਿ ਇਸ ਬਿੱਲ ਨੇ ਰਾਜ ਅਤੇ ਕੇਂਦਰ ਦੋਵਾਂ ਸਰਕਾਰਾਂ ਦੇ ਲੱਖਾਂ ਸੇਵਾਮੁਕਤ ਲੋਕਾਂ ਵਿੱਚ ਵਿਆਪਕ ਚਿੰਤਾ, ਤਣਾਅ ਅਤੇ ਬੇਚੈਨੀ ਪੈਦਾ ਕਰ ਦਿੱਤੀ ਹੈ । ਉਨ੍ਹਾਂ ਮੁਤਾਬਕ ਇਹ ਬਿਲ ਪੈਨਸ਼ਨ ਸਮਾਨਤਾ ਦੇ ਮੂਲ ਸਿਧਾਂਤਾਂ ਅਤੇ ਪੈਨਸ਼ਨਰਾਂ ਨੂੰ ਦਿੱਤੀ ਗਈ ਸੰਵਿਧਾਨਕ ਸੁਰੱਖਿਆ ਨੂੰ ਖ਼ਤਰਾ ਹੈ ਕਿਉਂਕਿ ਰਾਜ ਸਰਕਾਰਾਂ ਲਈ ਪੈਨਸ਼ਨ ਪ੍ਰਬੰਧ ਅਕਸਰ ਕੇਂਦਰ ਸਰਕਾਰ ਦੇ ਪ੍ਰਬੰਧਾਂ ਨਾਲ ਮੇਲ ਖਾਂਦੇ ਹਨ। ਵਿੱਤ ਐਕਟ- 2025 ਇੱਕ ਖ਼ਤਰਨਾਕ ਬਿਲ ਹੈ ਜਿਸ ਨਾਲ ਸੂਬੇ ਵਿੱਚ ਵੀ ਕਈ ਤਰ੍ਹਾਂ ਦੇ ਵਿਤਕਰੇ ਵਾਲੇ ਉਪਾਅ ਅਪਣਾਏ ਜਾ ਸਕਦੇ ਹਨ, ਇਸ ਨਾਲ ਉਨ੍ਹਾਂ ਸੇਵਾਮੁਕਤ ਲੋਕਾਂ ਦੀ ਵਿੱਤੀ ਸੁਰੱਖਿਆ ਖ਼ਤਮ ਹੋ ਸਕਦੀ ਹੈ। ਇਹ ਬਿਲ ਸੁਪਰੀਮ ਕੋਰਟ ਦੇ ਉਸ ਇਤਿਹਾਸਕ ਫੈਸਲੇ ਦੇ ਉਲਟ ਹੈ ਜੋ ਕਿ ਪੈਨਸ਼ਨਰਾਂ ਨੂੰ ਮਨਮਾਨੇ ਅਤੇ ਪੱਖਪਾਤੀ ਫੈਸਲਿਆਂ ਦੇ ਜੋਖਮ ਵਿੱਚ ਪਾਉਂਦਾ ਹੈ। ਇਸ ਮੌਕੇ ਐੱਸਕੇਐੱਸ ਦੇ ਜ਼ਿਲ੍ਹਾ ਪ੍ਰਧਾਨ ਮਹੀਪਾਲ ਸੌਂਦੇ, ਮੈਂਬਰ ਵਿਜੇ ਕੁਮਾਰ, ਮਕੈਨੀਕਲ ਵਿਭਾਗ ਤੋਂ ਸੁਰਿੰਦਰ, ਪ੍ਰੇਮ ਪ੍ਰਕਾਸ਼, ਮੇਵਾ ਰਾਮ, ਸਢੌਰਾ ਤੋਂ ਪਵਨ ਸ਼ਰਮਾ, ਦਿਲਾਵਰ ਹੁਸੈਨ, ਰਾਦੌਰ ਤੋਂ ਪਿਆਰੇਲਾਲ, ਯਸ਼ਪਾਲ, ਜਗਾਧਰੀ ਤੋਂ ਜਰਨੈਲ ਚਨਾਲੀਆ, ਸਤੀਸ਼ ਰਾਣਾ, ਤੀਰਥ ਰਾਮ, ਮੁਖਤਿਆਰ ਸਿੰਘ, ਲਲਕਾਰ ਸਿੰਘ, ਰਾਮਵੀਰ ਸਿੰਘ ਨੇ ਵੀ ਸੰਬੋਧਨ ਕੀਤਾ।

# ਤਹਿਸੀਲਦਾਰ ਲਾਰਸਨ ਸਿੰਗਲਾ ਨੇ ਪਾਸ ਕੀਤੀ ਯੂ.ਪੀ.ਐਸ.ਸੀ. ਪ੍ਰੀਖਿਆ



**ਹੁਸ਼ਿਆਰਪੁਰ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਤਹਿਸੀਲ ਕੰਪਲੈਕਸ ਵਿਖੇ ਤਾਇਨਾਤ ਤਹਿਸੀਲਦਾਰ ਲਾਰਸਨ ਸਿੰਗਲਾ ਨੇ ਕੇਂਦਰੀ ਲੋਕ ਸੇਵਾ ਕਮਿਸ਼ਨ (ਯੂ.ਪੀ.ਐਸ.ਸੀ.) ਦੀ ਪ੍ਰੀਖਿਆ ਪਾਸ ਕਰਦਿਆਂ 936ਵਾਂ ਰੈਂਕ ਹਾਸਲ ਕੀਤਾ ਹੈ।

ਯੂ.ਪੀ.ਐਸ.ਸੀ. ਪ੍ਰੀਖਿਆ ਦਾ ਨਤੀਜਾ ਆਉਣ 'ਤੇ ਤਹਿਸੀਲਦਾਰ ਲਾਰਸਨ ਸਿੰਗਲਾ ਨੇ ਆਪਣੀ ਪ੍ਰਾਪਤੀ ਦਾ ਸਿਹਰਾ ਦਾਦਾ-ਦਾਦੀ, ਮਾਤਾ-ਪਿਤਾ ਅਤੇ ਆਪਣੇ ਅਧਿਆਪਕਾਂ ਨੂੰ ਦਿੰਦਿਆਂ ਕਿਹਾ ਕਿ ਉਨ੍ਹਾਂ ਦੇ ਮਾਪਿਆਂ ਵਲੋਂ ਉਨ੍ਹਾਂ ਨੂੰ ਆਈ.ਏ.ਐਸ. ਬਣਾਉਣ ਦਾ ਸੁਪਨਾ ਸਾਕਾਰ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਪ੍ਰੀਖਿਆ ਪਾਸ ਕਰਨ ਪਿੱਛੇ ਸਮਰਪਣ ਭਾਵਨਾ ਅਤੇ ਸਖ਼ਤ ਮਿਹਨਤ ਰਹਿੰਦੀ ਹੈ ਜਿਸ ਸਦਕਾ ਯੂ.ਪੀ.ਐਸ.ਸੀ. ਕਲੀਅਰ ਹੋਇਆ ਹੈ।

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਤਹਿਸੀਲਦਾਰ ਲਾਰਸਨ ਸਿੰਗਲਾ ਨੂੰ ਇਸ ਪ੍ਰਾਪਤੀ 'ਤੇ ਵਧਾਈਆਂ ਦਿੰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਨੂੰ ਉਨ੍ਹਾਂ 'ਤੇ ਮਾਣ ਹੈ ਜਿਨ੍ਹਾਂ ਨੇ ਯੂ.ਪੀ.ਐਸ.ਸੀ. ਦੀ ਪ੍ਰੀਖਿਆ ਪਾਸ ਕਰਕੇ ਆਪਣੇ ਮਾਪਿਆਂ ਦਾ ਸੁਪਨਾ ਪੂਰਾ ਕੀਤਾ ਹੈ।

ਲਾਰਸਨ ਸਿੰਗਲਾ ਨੇ ਡਿਪਟੀ ਕਮਿਸ਼ਨਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਸੀਨੀਅਰ ਅਧਿਕਾਰੀਆਂ ਵਲੋਂ ਸਮੇਂ-ਸਮੇਂ 'ਤੇ ਕੀਤੀ ਅਗਵਾਈ ਅਤੇ ਦਿੱਤਾ ਸਹਿਯੋਗ ਉਨ੍ਹਾਂ ਲਈ ਬੇਹੱਦ ਲਾਹੇਵੰਦ ਸਾਬਤ ਹੋਇਆ ਹੈ।

ਪਟਿਆਲਾ ਜ਼ਿਲ੍ਹੇ ਦੇ ਕਸਬਾ ਪਾਤੜਾਂ ਦੇ ਵਸਨੀਕ ਲਾਰਸਨ ਸਿੰਗਲਾ ਨੇ ਕਿਹਾ ਕਿ ਉਨ੍ਹਾਂ ਦੇ ਪਰਿਵਾਰ ਵਿਚ ਪਹਿਲਾਂ ਕਿਸੇ ਨੇ ਯੂ.ਪੀ.ਐਸ.ਸੀ. ਪ੍ਰੀਖਿਆ ਨਹੀਂ ਦਿੱਤੀ ਅਤੇ ਉਨ੍ਹਾਂ ਦੇ ਮਾਤਾ-ਪਿਤਾ ਚਾਹੁੰਦੇ ਸਨ ਕਿ ਉਹ ਇਹ ਪ੍ਰੀਖਿਆ ਪਾਸ ਕਰਨ।

ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਦਾਦਾ ਸੇਵਾਮੁਕਤ ਅਧਿਆਪਕ ਹਨ ਅਤੇ ਪਿਤਾ ਵੀ ਸਾਇੰਸ ਦੇ ਅਧਿਆਪਕ ਸਨ ਜੋ ਹੁਣ ਸਮਾਜ ਸੇਵਾ ਦੇ ਖੇਤਰ ਵਿਚ ਵਡਮੁੱਲਾ ਯੋਗਦਾਨ ਪਾ ਰਹੇ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਇਹ ਪ੍ਰੀਖਿਆ ਪਾਸ ਕਰਨ ਲਈ ਨਾ ਸਿਰਫ ਸਾਇੰਸ ਪੜ੍ਹਾਈ ਸਗੋਂ ਹਮੇਸ਼ਾ ਪ੍ਰੇਰਿਤ ਕੀਤਾ।

# ਭਗਵੰਤ ਮਾਨ ਸਰਕਾਰ ਨੇ ਸਰਕਾਰੀ ਸਕੂਲਾਂ ਦਾ ਮੁਹਾਂਦਰਾ ਬਦਲ ਕੇ ਰੱਖ ਦਿੱਤੈ : ਇੰਦਰਜੀਤ ਕੌਰ ਮਾਨ

**ਜਲੰਧਰ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਿੱਖਿਆ ਕ੍ਰਾਂਤੀ' ਤਹਿਤ ਮੰਗਲਵਾਰ ਨੂੰ ਜ਼ਿਲ੍ਹੇ ਦੇ ਹੋਰ 14 ਸਰਕਾਰੀ ਪ੍ਰਾਇਮਰੀ, ਮਿਡਲ ਅਤੇ ਹਾਈ ਸਕੂਲਾਂ ਵਿੱਚ 83.94 ਲੱਖ ਦੀ ਲਾਗਤ ਵਾਲੇ ਵਿਕਾਸ ਕਾਰਜ ਸਮਰਪਿਤ ਕੀਤੇ ਗਏ। ਇਨ੍ਹਾਂ ਵਿੱਚ ਵਿਧਾਨ ਸਭਾ ਹਲਕਾ ਸ਼ਾਹਕੋਟ ਦੇ ਸਰਕਾਰੀ ਸਕੂਲਾਂ ਵਿੱਚ ਕਰਵਾਏ 45.66 ਲੱਖ, ਕਰਤਾਰਪੁਰ ਵਿਖੇ 19.27 ਲੱਖ ਅਤੇ ਹਲਕਾ ਨਕੋਦਰ ਦੇ ਸਰਕਾਰੀ ਸਕੂਲਾਂ ਦੇ 19.01 ਲੱਖ ਰੁਪਏ ਦੇ ਵਿਕਾਸ ਕਾਰਜ ਸ਼ਾਮਲ ਹਨ।

ਵਿਧਾਇਕ ਬਲਕਾਰ ਸਿੰਘ ਵੱਲੋਂ ਹਲਕਾ ਕਰਤਾਰਪੁਰ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਰਿਆਣਾ, ਸਰਕਾਰੀ ਪ੍ਰਾਇਮਰੀ ਸਕੂਲ ਤਲਵਾੜਾ, ਸਰਕਾਰੀ ਪ੍ਰਾਇਮਰੀ ਸਕੂਲ ਬਸਤੀ ਇਬਰਾਹਿਮ ਖਾਨ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਚਮਿਆਰਾ ਵਿਖੇ 19.27 ਲੱਖ ਤੋਂ ਵੱਧ ਦੀ ਲਾਗਤ ਨਾਲ ਮੁਕੰਮਲ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ।

ਇਸੇ ਤਰ੍ਹਾਂ ਵਿਧਾਇਕ ਇੰਦਰਜੀਤ ਕੌਰ ਮਾਨ ਵੱਲੋਂ ਹਲਕਾ ਨਕੋਦਰ ਦੇ ਸਰਕਾਰੀ ਪ੍ਰਾਇਮਰੀ ਸਕੂਲ ਬਜੂਹਾ ਖੁਰਦ, ਸਰਕਾਰੀ ਪ੍ਰਾਇਮਰੀ ਸਕੂਲ ਧਾਲੀਵਾਲ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਪੰਡੋਰੀ ਰਾਜਪੂਤਾਂ ਵਿਖੇ 19.01 ਲੱਖ ਰੁਪਏ ਦੀ ਲਾਗਤ ਵਾਲੇ ਵਿਕਾਸ ਕਾਰਜ ਸਮਰਪਿਤ ਕੀਤੇ ਗਏ।

ਇਨ੍ਹਾਂ ਵਿਕਾਸ ਕਾਰਜਾਂ ਵਿੱਚ ਨਵੇਂ ਆਧੁਨਿਕ ਕਲਾਸਰੂਮ, ਚਾਰਦਿਵਾਰੀਆਂ ਤੋਂ ਇਲਾਵਾ ਲੋੜੀਂਦੀ ਮੁਰੰਮਤ ਦੇ ਕੰਮ ਸ਼ਾਮਲ ਹਨ।

ਵਿਧਾਇਕ ਬਲਕਾਰ ਸਿੰਘ ਨੇ ਸਰਕਾਰੀ ਪ੍ਰਾਇਮਰੀ ਸਕੂਲ ਤਲਵਾੜਾ ਵਿਖੇ ਉਦਘਾਟਨੀ ਸਮਾਗਮ



ਦੌਰਾਨ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸਿੱਖਿਆ ਦੇ ਖੇਤਰ ਵਿੱਚ ਨਵੀਂ ਕ੍ਰਾਂਤੀ ਲਿਆ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਨੂੰ ਉੱਤਮ ਦਰਜੇ ਦਾ ਬਣਾਉਣ ਲਈ ਜਿਥੇ ਵਿੱਦਿਅਕ ਬੁਨਿਆਦੀ ਢਾਂਚੇ ਦਾ ਵੱਡੇ ਪੱਧਰ 'ਤੇ ਵਿਕਾਸ ਕੀਤਾ ਜਾ ਰਿਹਾ ਹੈ ਉਥੇ ਵਿਦਿਆਰਥੀਆਂ ਨੂੰ ਸਮੇਂ ਦੇ ਹਾਣ ਦੀ ਸਿੱਖਿਆ ਮੁਹੱਈਆ ਕਰਵਾਉਣ ਲਈ ਸਕੂਲਾਂ ਨੂੰ ਪ੍ਰਾਜੈਕਟਰ, ਵਾਈ-ਫਾਈ ਇੰਟਰਨੈੱਟ ਕੁਨੈਕਸ਼ਨ, ਡਿਜੀਟਲ ਤਕਨੀਕ ਸਮੇਤ ਆਧੁਨਿਕ ਸਹੂਲਤਾਂ ਨਾਲ ਲੈਸ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਉਪਰਾਲਿਆਂ ਸਦਕਾ ਅੱਜ ਸਰਕਾਰੀ ਸਕੂਲ ਨਤੀਜਿਆਂ ਅਤੇ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਪੱਖੋਂ ਕਿਸੇ ਨਾਲੋਂ ਘੱਟ ਨਹੀਂ ਹਨ।

ਵਿਧਾਇਕ ਇੰਦਰਜੀਤ ਕੌਰ ਮਾਨ ਨੇ ਸਰਕਾਰੀ ਪ੍ਰਾਇਮਰੀ ਸਕੂਲ ਧਾਲੀਵਾਲ ਵਿਖੇ ਉਦਘਾਟਨੀ ਸਮਾਗਮ ਦੌਰਾਨ ਆਪਣੇ ਸੰਬੋਧਨ ਵਿੱਚ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੇ ਕਾਰਜਕਾਲ ਦੌਰਾਨ ਪੰਜਾਬ ਦੇ ਸਰਕਾਰੀ ਸਕੂਲਾਂ 'ਚ ਸਿੱਖਿਆ ਪ੍ਰਬੰਧਨ ਅਤੇ ਬੁਨਿਆਦੀ ਢਾਂਚੇ 'ਚ ਵੱਡੇ ਪੱਧਰ 'ਤੇ ਸੁਧਾਰ ਹੋਇਆ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਭਰ ਦੇ ਸਰਕਾਰੀ ਸਕੂਲਾਂ ਵਿੱਚ ਨਵੇਂ ਕਲਾਸ ਰੂਮ, ਚਾਰਦਿਵਾਰੀਆਂ, ਸਾਇੰਸ ਲੈਬਜ਼ ਸਮੇਤ ਵਿੱਦਿਅਕ ਬੁਨਿਆਦੀ ਢਾਂਚੇ ਦੇ ਵੱਡੇ ਪੱਧਰ 'ਤੇ ਕੰਮ ਕਰਵਾਏ ਹਨ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਵਿਕਾਸ ਰਾਹੀਂ ਸਰਕਾਰੀ ਸਕੂਲਾਂ ਦਾ ਮੁਹਾਂਦਰਾ ਬਦਲ ਕੇ ਰੱਖ ਦਿੱਤਾ ਹੈ, ਜਿਸ ਸਦਕਾ ਸਰਕਾਰੀ ਸਕੂਲਾਂ ਵਿੱਚ ਦਾਖ਼ਲਿਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ ਅਤੇ ਮਾਪੇ ਅੱਜ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਪੜ੍ਹਾਉਣ ਨੂੰ ਤਰਜੀਹ ਦੇ ਰਹੇ ਹਨ।

# ਡਿਪਟੀ ਕਮਿਸ਼ਨਰ ਸਾਗਰ ਸੇਤੀਆ ਦੀ ਅਗਵਾਈ ਵਿੱਚ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਨਸ਼ਿਆਂ ਖਿਲਾਫ਼ ਜਾਗਰੂਕਤਾ ਰੈਲੀ ਦਾ ਆਯੋਜਨ

**ਮੋਗਾ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋ ਨਸ਼ਿਆਂ ਨੂੰ ਜੜ੍ਹ ਤੋਂ ਖਤਮ ਕਰਨ ਲਈ ਵਿੱਢੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਦੇ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ। ਨਿੱਤ ਦਿਨ ਨਸ਼ਾ ਤਸਕਰਾਂ ਨੂੰ ਸਬੂਤਾਂ ਸਮੇਤ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ ਅਤੇ ਨਸ਼ਿਆਂ ਦੀ ਦਲਦਲ ਵਿੱਚ ਫ਼ਸੇ ਨੌਜਵਾਨਾਂ ਨੂੰ ਨਸ਼ਿਆਂ ਵਿਚੋਂ ਕੱਢਣ ਲਈ ਨਸ਼ਾ ਛੁਡਾਊ ਕੇਂਦਰਾਂ ਅਤੇ ਹੋਰ ਸਰਕਾਰੀ ਅਮਲੇ ਨੂੰ ਮਜ਼ਬੂਤੀ ਵੀ ਦਿੱਤੀ ਜਾ ਰਹੀ ਹੈ ਤਾਂ ਕਿ ਨੌਜਵਾਨ ਨਸ਼ਾ ਮੁਕਤ ਹੋ ਕੇ ਆਪਣਾ ਚੰਗਾ ਜੀਵਨ ਜਿਉਣ। ਪੰਜਾਬ ਸਰਕਾਰ ਦੇ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਪ੍ਰਸ਼ਾਸ਼ਨ ਮੋਗਾ ਵੱਲੋਂ ਇਸ ਮੁਹਿੰਮ ਨੂੰ ਸਫਲ ਬਣਾਉਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਉਦੋਂ ਤੱਕ ਜਾਰੀ ਰਹਿਣਗੇ ਜਦੋਂ ਤੱਕ ਨਸ਼ਿਆਂ ਦਾ ਮੁਕੰਮਲ ਖਾਤਮਾ ਨਹੀਂ ਹੋ ਜਾਂਦਾ। ਜ਼ਿਲ੍ਹਾ ਪ੍ਰਸ਼ਾਸ਼ਨ ਇਸ ਦਿਸ਼ਾ ਵਿੱਚ ਸਿਰਤੋੜ ਮਿਹਨਤ ਕਰ ਰਿਹਾ ਹੈ।

ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਡਿਪਟੀ ਕਮਿਸ਼ਨਰ





ਮੋਗਾ ਸ੍ਰੀ ਸਾਗਰ ਸੇਤੀਆ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਇੱਕ ਵਿਸ਼ਾਲ ਜਾਗਰੂਕਤਾ ਰੈਲੀ ਦੀ ਅਗਵਾਈ ਕਰਨ ਮੌਕੇ ਕੀਤਾ। ਇਹ ਰੈਲੀ ਸਵੇਰੇ 8 ਵਜੇ ਜੋਗਿੰਦਰ ਚੌਕ (ਮੁੱਖ ਬੱਸ ਅੱਡਾ) ਤੋਂ ਰਵਾਨਾ ਹੋ ਕੇ ਬਾਜ਼ਾਰ ਵਿੱਚੋਂ ਗੁਜ਼ਰਦੀ ਹੋਈ ਨੇਚਰ ਪਾਰਕ ਵਿਖੇ ਸਮਾਪਤ ਹੋਈ। ਇਸ ਰੈਲੀ ਵਿੱਚ ਮੇਅਰ ਨਗਰ ਨਿਗਮ ਮੋਗਾ ਸ੍ਰ ਬਲਜੀਤ ਸਿੰਘ ਚਾਨੀ, ਵਧੀਕ ਡਿਪਟੀ ਕਮਿਸ਼ਨਰ (ਜ) ਸ਼੍ਰੀਮਤੀ ਚਾਰੂਮਿਤਾ, ਐਸ.ਡੀ.ਐਮ. ਸਾਰੰਗਪ੍ਰੀਤ ਸਿੰਘ, ਐਸ.ਡੀ.ਐਮ. ਬੇਅੰਤ ਸਿੰਘ, ਸਹਾਇਕ ਕਮਿਸ਼ਨਰ ਹਿਤੇਸ਼ਵੀਰ ਗੁਪਤਾ, ਸੰਸਥਾਵਾਂ ਤੇ ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀ ਵੀ ਮੌਜੂਦ ਸਨ।

ਵਧੀਕ ਡਿਪਟੀ ਕਮਿਸ਼ਨਰ ਸ਼੍ਰੀਮਤੀ ਚਾਰੂਮਿਤਾ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਾ ਮੁਕਤ ਪੰਜਾਬ ਦੀ ਸਿਰਜਨਾ ਸਬੰਧੀ ਪ੍ਰਸ਼ਾਸ਼ਨ ਤੇ ਪੁਲਿਸ ਵਿਭਾਗ ਨੂੰ ਸਹਿਯੋਗ ਦੇਣ ਅਤੇ ਜੇਕਰ ਉਹਨਾਂ ਪਾਸ ਨਸ਼ਾ ਵੇਚਣ ਅਤੇ ਖਰੀਦਣ ਜਾਂ ਕਰਨ ਆਦਿ ਸਬੰਧੀ ਜਾਣਕਾਰੀ ਹੈ ਤਾਂ ਉਹ ਮੋਗਾ ਪੁਲਿਸ ਦੇ ਕੰਟਰੋਲ ਰੂਮ ਨੰਬਰ 96568-96568 ਜਾਂ ਸੇਫ ਪੰਜਾਬ ਹੈਲਪਲਾਈਨ ਨੰਬਰ 9779100200 ਉਪਰ ਸੂਚਿਤ ਕਰ ਸਕਦੇ ਹਨ, ਉਹਨਾਂ ਦੀ ਪਛਾਣ ਨੂੰ ਗੁਪਤ ਰੱਖਿਆ ਜਾਵੇਗਾ।

ਸ਼੍ਰੀ ਸਾਗਰ ਸੇਤੀਆ ਦੀ ਅਗਵਾਈ ਵਿੱਚ ਸਮੂਹ ਹਾਜ਼ਰੀਨ ਨੇ ਪ੍ਰਤਿਗਿਆ ਲਈ ਕਿ ਉਹ ਕਦੇ ਨਸ਼ੇ ਨਹੀਂ ਕਰਨਗੇ ਅਤੇ ਉਹ ਜਿੱਥੇ ਵੀ ਨਸ਼ਾ ਵਿਕਦਾ ਦੇਖਣਗੇ ਬਿਨਾਂ ਡਰ ਤੋਂ ਇਸਦੀ ਸੂਚਨਾ ਪੁਲਿਸ ਨੂੰ ਦੇਣਗੇ। ਪੰਜਾਬ ਸਰਕਾਰ ਦੀ ਇਸ ਮੁਹਿੰਮ ਦਾ ਆਮ ਲੋਕਾਂ ਵੱਲੋਂ ਭਰਪੂਰ ਸਵਾਗਤ ਕੀਤਾ ਜਾ ਰਿਹਾ ਹੈ ਲੋਕ ਨਸ਼ਾ ਤਸਕਰਾਂ ਵਿਰੁੱਧ ਅਜਿਹੀਆਂ ਮਿਸਾਲੀ ਕਾਰਵਾਈਆਂ ਚਾਹੁੰਦੇ ਸਨ ਜਿਹੜੀਆਂ ਪੰਜਾਬ ਸਰਕਾਰ ਹੁਣ ਕਰ ਰਹੀ ਹੈ।

# ਉੱਚ ਅਹੁਦਿਆਂ ਦੇ ਨਾਲ-ਨਾਲ ਇੱਕ ਚੰਗਾ ਇਨਸਾਨ ਹੋਣਾ ਬਹੁਤ ਜ਼ਰੂਰੀ : ਪੂਨਮ ਸਿੰਘ



**ਬਠਿੰਡਾ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿੰਦਗੀ ਵਿੱਚ ਉੱਚ ਅਹੁਦਿਆਂ 'ਤੇ ਪਹੁੰਚਣ ਦੇ ਨਾਲ-ਨਾਲ ਮਨੁੱਖ ਦਾ ਇੱਕ ਚੰਗਾ ਇਨਸਾਨ ਹੋਣਾ ਬਹੁਤ ਜਿਆਦਾ ਜ਼ਰੂਰੀ ਹੈ। ਇਹਨਾਂ ਗੱਲਾਂ ਦਾ ਪ੍ਰਗਟਾਵਾ ਵਧੀਕ ਡਿਪਟੀ ਕਮਿਸ਼ਨਰ ਜਨਰਲ ਮੈਡਮ ਪੂਨਮ ਸਿੰਘ ਨੇ ਆਕਾਸ਼ ਮੈਡੀਕਲ ਆਈਆਈਟੀ ਜੇਈਈ ਦੇ ਵਿਦਿਆਰਥੀਆਂ ਨਾਲ ਮੁਲਾਕਾਤ ਉਪਰੰਤ ਗੱਲਬਾਤ ਕਰਦਿਆਂ ਕੀਤਾ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨੇ ਜਿੱਥੇ ਵਿਦਿਆਰਥੀਆਂ ਨੂੰ ਸਮੇਂ ਦਾ ਹਾਣੀ ਬਣਨ ਲਈ ਕਿਹਾ ਉੱਥੇ ਹੀ ਉਹਨਾਂ ਨੂੰ ਚੰਗੀ ਸਿੱਖਿਆ ਹਾਸਲ ਕਰਕੇ ਨਵਾਂ ਮੁਕਾਮ ਪੈਦਾ ਕਰਨ ਲਈ ਪ੍ਰੇਰਿਤ ਕੀਤਾ।

ਉਹਨਾਂ ਇਹ ਵੀ ਕਿਹਾ ਕਿ ਲੜਕੀਆਂ ਕਿਸੇ ਵੀ ਖੇਤਰ ਵਿੱਚ ਲੜਕਿਆਂ ਨਾਲੋਂ ਘੱਟ ਨਹੀਂ ਅਤੇ ਮਿਆਰੀ ਸਿੱਖਿਆ ਦੀ ਸਹਾਇਤਾ ਨਾਲ ਉਹ ਆਈਏਐਸ, ਆਈਪੀਐਸ, ਪੀਸੀਐਸ, ਡਾਕਟਰ, ਟੀਚਰ, ਇੰਜੀਨਿਅਰ, ਪਾਇਲਟ ਆਦਿ ਬਣ ਸਕਦੀਆਂ ਹਨ।

ਉਹਨਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਵਧੀਆ ਸਿੱਖਿਆ ਮੁਹੱਈਆ ਕਰਵਾਉਣ ਲਈ ਨਿਰੰਤਰ ਯਤਨ ਕੀਤੇ ਜਾ ਰਹੇ ਹਨ ਅਤੇ ਬੱਚੇ ਆਪਣੇ ਅਧਿਆਪਕ ਅਤੇ ਮਾਤਾ ਪਿਤਾ ਦੀ ਸੇਧ ਦੀ ਇੰਨ ਬਿੰਨ ਪਾਲਣਾ ਕਰਨ ਤਾਂ ਉਹ ਜ਼ਿੰਦਗੀ ਵਿੱਚ ਆਪਣੇ ਮਿੱਥੇ ਟੀਚੇ ਨੂੰ ਪੂਰੇ ਕਰ ਸਕਦੇ ਹਨ।


ਇਸ ਮੌਕੇ ਆਕਾਸ਼ ਮੈਡੀਕਲ ਫਾਊਂਡੇਸ਼ਨ ਦੇ ਬਠਿੰਡਾ ਬਰਾਂਚ ਹੈੱਡ ਸ੍ਰੀ ਤਰਨ ਗੁਪਤਾ, ਮਹਿੰਦ ਗੁਰਬੰਤਾ ਦਾਸ ਗੁਪਤਾ ਸਕੂਲ ਦੇ ਪ੍ਰਬੰਧਕੀ ਅਫਸਰ ਸ੍ਰੀ ਕੁਲਦੀਪ ਸ਼ਰਮਾ ਤੋਂ ਇਲਾਵਾ ਵਿਦਿਆਰਥੀ ਹਾਜ਼ਰ ਸਨ।

# ਅੱਗ ਸੁਰੱਖਿਆ ਹਫ਼ਤੇ ਤਹਿਤ ਬਲਾਕ ਵਿੱਚ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ

**ਫਾਜ਼ਿਲਕਾ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ÷ਅੱਗ ਸੁਰੱਖਿਆ ਹਫ਼ਤਾ÷ ਪ੍ਰੋਗਰਾਮ ਤਹਿਤ, ਸਿਵਲ ਸਰਜਨ ਫਾਜ਼ਿਲਕਾ ਡਾ. ਚੰਦਰ ਸ਼ੇਖਰ, ਸਹਾਇਕ ਸਿਵਲ ਸਰਜਨ ਡਾ. ਰੋਹਿਤ ਗੋਇਲ ਦੀ ਅਗਵਾਈ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਵਿਕਾਸ ਗਾਂਧੀ ਦੀ ਨਿਗਰਾਨੀ ਹੇਠ ਬਲਾਕ ਖੂਈਖੇੜਾ ਦੇ ਵੱਖ-ਵੱਖ ਸਰਕਾਰੀ ਅਤੇ ਸਰਕਾਰ-ਮਾਨਤਾ ਪ੍ਰਾਪਤ ਸਕੂਲਾਂ ਵਿੱਚ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤੇ ਗਏ।

ਅੱਗ ਸੁਰੱਖਿਆ ਹਫ਼ਤਾ 21 ਤੋਂ 26 ਅਪ੍ਰੈਲ ਤੱਕ ਆਯੋਜਿਤ ਕੀਤਾ ਜਾ ਰਿਹਾ ਹੈ ਤਾਂ ਜੋ ਸਿਹਤ ਸੰਸਥਾਵਾਂ ਨੂੰ ਅੱਗ ਸੁਰੱਖਿਆ ਮਾਪਦੰਡਾਂ ਅਨੁਸਾਰ ਵਿਕਸਤ ਕੀਤਾ ਜਾ ਸਕੇ ਅਤੇ ਸੰਸਥਾਵਾਂ ਵਿੱਚ ਕੰਮ ਕਰਨ ਵਾਲੇ ਸਾਰੇ ਡਾਕਟਰਾਂ, ਨਰਸਿੰਗ ਸਟਾਫ, ਪੈਰਾ ਮੈਡੀਕਲ ਸਟਾਫ ਅਤੇ ਸਹਾਇਕ ਸਟਾਫ



ਨੂੰ ਅੱਗ ਦੀਆਂ ਘਟਨਾਵਾਂ ਬਾਰੇ ਨਿਰੰਤਰ ਜਾਗਰੂਕ ਅਤੇ ਸਿਖਲਾਈ ਦਿੱਤੀ ਜਾ ਸਕੇ।ਸੀਐਮਓ ਡਾ. ਵਿਕਾਸ ਗਾਂਧੀ ਨੇ ਕਿਹਾ ਕਿ ਇਸ ਸਾਲ ਜ਼ਿਲ੍ਹੇ ਵਿੱਚ ਅੱਗ ਸੁਰੱਖਿਆ ਹਫ਼ਤੇ ਤਹਿਤ 'ਇਕਜੁੱਟ ਹੋਵੋ ਅਤੇ ਅੱਗ ਤੋਂ ਸੁਰੱਖਿਅਤ ਭਾਰਤ ਨੂੰ ਜਗਾਓ' ਦੇ ਵਿਸ਼ੇ 'ਤੇ ਵੱਖ-ਵੱਖ ਗਤੀਵਿਧੀਆਂ ਦਾ ਆਯੋਜਨ ਕੀਤਾ ਜਾਵੇਗਾ। ਇਸ ਕ੍ਰਮ ਵਿੱਚ, ਸਿਹਤ ਸੰਸਥਾਵਾਂ ਦੇ ਸਾਰੇ ਸਟਾਫ ਨੂੰ ਸੋਮਵਾਰ ਅਤੇ ਮੰਗਲਵਾਰ ਨੂੰ ਵੈਬਿਨਾਰ ਰਾਹੀਂ ਅੱਗ ਸੁਰੱਖਿਆ ਨਾਲ ਸਬੰਧਤ ਸਿਖਲਾਈ ਦਿੱਤੀ ਗਈ। ਇਸ ਕ੍ਰਮ ਵਿੱਚ, 22 ਅਪ੍ਰੈਲ ਨੂੰ ਦੁਪਹਿਰ 12 ਵਜੇ ਵੈਬਿਨਾਰ ਰਾਹੀਂ ਸਹੁੰ ਚੁਕਾਈ ਗਈ, 23 ਅਪ੍ਰੈਲ ਨੂੰ ਅੱਗ ਮੌਕ ਡ੍ਰਿਲ ਅਤੇ ਅੱਗ ਬੁਝਾਉਣ ਵਾਲੇ ਯੰਤਰ ਬਾਰੇ ਸਿਖਲਾਈ ਦਿੱਤੀ ਜਾਵੇਗੀ ਅਤੇ 24 ਅਤੇ 25 ਅਪ੍ਰੈਲ ਨੂੰ ਨਰਸਿੰਗ ਅਤੇ ਪੈਰਾ ਮੈਡੀਕਲ ਵਿਦਿਆਰਥੀਆਂ ਲਈ ਕੁਇਜ਼, ਪੋਸਟਰ ਅਤੇ ਬੈਨਰ ਮੁਕਾਬਲੇ ਕਰਵਾਏ ਜਾਣਗੇ।

ਅੱਗ ਸੁਰੱਖਿਆ ਹਫ਼ਤਾ ਹਫ਼ਤੇ ਦੇ ਆਖਰੀ ਦਿਨ 26 ਅਪ੍ਰੈਲ ਨੂੰ ਸਮਾਪਤ ਹੋਵੇਗਾ। ਇਹ ਗਤੀਵਿਧੀ ਸਾਰੇ ਆਯੁਸ਼ਮਾਨ ਅਰੋਗਿਆ ਮੰਦਰਾਂ, ਪ੍ਰਾਇਮਰੀ ਅਤੇ ਕਮਿਊਨਿਟੀ ਸਿਹਤ ਕੇਂਦਰਾਂ ਅਤੇ ਜ਼ਿਲ੍ਹੇ ਦੇ ਜ਼ਿਲ੍ਹਾ ਹਸਪਤਾਲ ਸਮੇਤ ਸਾਰੇ ਨਿੱਜੀ ਹਸਪਤਾਲਾਂ ਵਿੱਚ ਵੈਬਿਨਾਰ ਰਾਹੀਂ ਚਲਾਈ ਜਾਵੇਗੀ।

# ਵਿਦਿਆਰਥੀਆਂ ਨੂੰ ਜਾਗਰੂਕਤਾ ਸੈਮੀਨਾਰ ਵਿੱਚ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਅਤੇ ਵਾਤਾਵਰਣ ਦੀ ਸੰਭਾਲ ਬਾਰੇ ਕੀਤਾ ਜਾਗਰੂਕ




**ਬਟਾਲਾ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਸੁਹੇਲ ਕਾਸਿਮ ਮੀਰ, ਐਸ.ਐਸ.ਪੀ ਬਟਾਲਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬਟਾਲਾ ਪੁਲਿਸ ਦੇ ਸ਼ਕਤੀ ਹੈਲਪ ਡੈਸਕ ਵੱਲੋ ਸਰਕਾਰੀ ਪ੍ਰਾਇਮਰੀ ਸਕੂਲ ਸੰਤਪੁਰਾ ਵਿਖੇ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੂੰ ਚੰਗੇ ਛੋਹ, ਮਾੜੇ ਛੋਹ, ਹਰੇ ਵਾਤਾਵਰਣ, ਨਸ਼ਿਆਂ ਦੇ ਦੁਰਪ੍ਰਭਾਵਾਂ ਅਤੇ ਹੈਲਪ ਲਾਈਨ ਨੰਬਰ 112 ਅਤੇ 1098 ਬਾਰੇ ਜਾਗਰੂਕ ਕੀਤਾ ਗਿਆ।

ਇਸ ਮੌਕੇ ਸ੍ਰੀਮਤੀ ਜਸਵੰਤ ਕੌਰ, ਐਸ.ਪੀ. (ਐੱਚ) ਬਟਾਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਿਸ ਜ਼ਿਲ੍ਹਾ ਬਟਾਲਾ ਵਿਖੇ ਵੱਖ-ਵੱਖ ਸਕੂਲਾਂ ਵਿੱਚ ਜਾ ਕੇ ਵਿਦਿਆਰਥੀਆਂ ਨੂੰ ਸਮਾਜਿਕ ਬੁਰਾਈਆਂ ਵਿਰੁੱਧ ਜਾਗਰੂਕ ਕੀਤਾ ਜਾ ਰਿਹਾ ਹੈ। ਉਨਾਂ ਦੱਸਿਆ ਕਿ ਵਿਦਿਆਰਥੀਆਂ ਨੂੰ ਨਸ਼ਿਆਂ ਵਿਰੁੱਧ ਜਾਗਰੂ ਕਰਨ ਦੇ ਨਾਲ-ਨਾਲ ਵਾਤਾਵਰਣ ਨੂੰ ਹਰਿਆ ਭਰਿਆ ਰੱਖਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ।

ਉਨਾਂ ਅੱਗੇ ਦੱਸਿਆ ਕਿ ਬਟਾਲਾ ਪੁਲਿਸ ਵਲੋਂ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਗਰੂਕ ਕਰਨ ਦੇ ਨਾਲ ਖੇਡਾਂ ਵੱਲ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਅਤੇ ਨੌਜਵਾਨਾਂ ਵਲੋਂ ਪੂਰੇ ਉਤਸ਼ਾਹ ਨਾਲ ਖੇਡਾਂ ਵਿੱਚ ਸ਼ਮੂਲੀਅਤ ਕੀਤੀ ਜਾ ਰਹੀ ਹੈ।

ਐਸ.ਪੀ.(ਐੱਚ) ਬਟਾਲਾ ਨੇ ਅੱਗੇ ਕਿਹਾ ਕਿ ਅੱਜ ਸਮੇਂ ਦੀ ਮੁੱਖ ਲੋੜ ਹੈ ਕਿ ਵਾਤਾਵਰਣ ਦੀ ਸੰਭਾਲ ਲਈ ਵੱਧ ਤੋਂ ਵੱਧ ਉਪਰਾਲੇ ਕੀਤੇ ਜਾਣ। ਉਨਾਂ ਕਿਹਾ ਕਿ ਜਿਥੇ ਪੌਦੇ ਲਗਾਉਣ ਜਰੂਰੀ ਹਨ, ਓਸ ਦੇ ਨਾਲ-ਨਾਲ ਪੌਦਿਆਂ ਦੀ ਸਾਂਭ ਸੰਭਾਲ ਕਰਨੀ ਵੀ ਬਹੁਤ ਜਰੂਰੀ ਹੈ। ਉਨਾਂ

# ਜ਼ਿਲ੍ਹਾ ਮੈਜਿਸਟਰੇਟ ਨੇ ਟਰੈਕਟਰਾਂ ਤੇ ਸਬੰਧਤ ਸੰਦਾਂ ਦੇ ਬਿਨਾਂ ਮਨਜ਼ੂਰੀ ਖ਼ਤਰਨਾਕ ਪ੍ਰਦਰਸ਼ਨ ਤੇ ਸਟੰਟ ਆਯੋਜਿਤ ਕਰਨ ਤੇ ਲਗਾਈ ਪਾਬੰਦੀ

**ਫਤਹਿਗੜ੍ਹ ਸਾਹਿਬ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਮੈਜਿਸਟਰੇਟ ਡਾ. ਸੋਨਾ ਥਿੰਦ ਨੇ ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੀ ਹਦੂਦ ਅੰਦਰ ਟਰੈਕਟਰਾਂ ਅਤੇ ਸਬੰਧਤ ਸੰਦਾਂ ਦੇ ਖ਼ਤਰਨਾਕ, ਪ੍ਰਦਰਸ਼ਨ ਤੇ ਸਟੰਟ ਬਿਨਾਂ ਮਨਜ਼ੂਰੀ ਆਯੋਜਿਤ ਕਰਨ ਤੇ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ।

ਉਨ੍ਹਾਂ ਸਖ਼ਤ ਹੁਕਮ ਦਿੰਦਿਆਂ ਕਿਹਾ ਕਿ ਜ਼ਿਲ੍ਹੇ ਅੰਦਰ ਕੋਈ ਵੀ ਸੰਸਥਾ ਜਾਂ ਵਿਅਕਤੀ ਬਿਨਾਂ ਮਨਜ਼ੂਰੀ ਅਜਿਹੇ ਖ਼ਤਰਨਾਕ ਪ੍ਰਦਰਸ਼ਨ ਜਾਂ ਸਟੰਟ ਆਯੋਜਿਤ ਨਾ ਕਰੇ। ਇਨ੍ਹਾਂ ਹੁਕਮਾਂ ਦੀ ਇੰਨ-ਬਿੰਨ ਪਾਲਣਾ ਲਈ ਜ਼ਿਲ੍ਹਾ ਪੁਲਿਸ ਮੁਖੀ ਨੂੰ ਜਿੰਮੇਵਾਰ ਬਣਾਉਂਦਿਆਂ ਹੁਕਮ ਜਾਰੀ ਕੀਤੇ ਗਏ ਹਨ ਕਿ ਇਨ੍ਹਾਂ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਵਾਈ ਜਾਵੇ ਅਤੇ ਹੁਕਮਾਂ ਦੀ ਪਾਲਣਾ ਨਾ ਕਰਨ ਜਾਂ ਕਸੂਰਵਾਰ ਪਾਏ ਜਾਣ ਵਾਲਿਆਂ ਵਿਰੁੱਧ ਕਾਰਵਾਈ ਕੀਤੀ ਜਾਵੇ।

ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਕੀਤੇ ਗਏ ਮਨਾਹੀ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਸੂਬੇ ਅੰਦਰ ਬੀਤੇ ਸਮੇਂ ਦੌਰਾਨ ਕੁਝ ਘਟਨਾਵਾਂ ਵਾਪਰੀਆਂ ਹਨ ਜਿਨ੍ਹਾਂ ਵਿੱਚ ਟਰੈਕਟਰਾਂ ਅਤੇ ਸਬੰਧਤ ਸੰਦਾਂ ਦੇ ਖ਼ਤਰਨਾਕ ਪ੍ਰਦਰਸ਼ਨ, ਸਟੰਟ ਦੌਰਾਨ ਨੌਜਵਾਨਾਂ ਦੀ ਮੌਤ ਵੀ ਹੋ ਚੁੱਕੀ ਹੈ।

ਇਸੇ ਲਈ ਅਜਿਹੀਆਂ ਦੁਰਘਟਨਾਵਾਂ ਨੂੰ ਰੋਕਣ ਲਈ ਜਾਰੀ ਕੀਤੇ ਗਏ ਇਹ ਮਨਾਹੀ ਹੁਕਮ 16 ਜੂਨ, 2025 ਤੱਕ ਲਾਗੂ ਰਹਿਣਗੇ।

# ਇੱਕ ਮਜ਼ਬੂਤ, ਆਤਮ-ਨਿਰਭਰ ਭਾਰਤ ਦੇ ਨਿਰਮਾਣ ਵਿੱਚ ਨੌਜਵਾਨਾਂ ਨੂੰ ਸਰਗਰਮ ਹਿੱਸੇਦਾਰ ਬਣਨਾ ਚਾਹੀਦਾ ਹੈ: ਲੋਕ ਸਭਾ ਸਪੀਕਰ

## ➢ ਭਾਰਤੀ ਵਿਦਿਆਰਥੀ ਨਵੀਨਤਾ, ਵਿਭਿੰਨਤਾ ਤੇ ਆਲਮੀ ਲੀਡਰਸ਼ਿਪ ਦੀ ਭਾਵਨਾ ਨੂੰ ਦਰਸਾਉਂਦੇ ਹਨ ➢ ਸਿੱਖਿਆ ਵਿੱਚ ਪਰੰਪਰਾਗਤ ਗਿਆਨ ਤੇ ਆਧੁਨਿਕ ਨਵੀਨਤਾ ਦੋਵਾਂ ਨੂੰ ਸ਼ਾਮਲ ਕਰਨਾ ਚਾਹੀਦਾ ਹੈ: ਲੋਕ ਸਭਾ ਸਪੀਕਰ



**ਫਗਵਾੜਾ/ਨਵੀਂ ਦਿੱਲੀ, 25 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਸਪੀਕਰ ਸ਼੍ਰੀ ਓਮ ਬਿਰਲਾ ਨੇ ਨੌਜਵਾਨਾਂ ਨੂੰ ਇੱਕ ਮਜ਼ਬੂਤ ਅਤੇ ਆਤਮ-ਨਿਰਭਰ ਭਾਰਤ ਦੇ ਨਿਰਮਾਣ ਵਿੱਚ ਸਰਗਰਮ ਹਿੱਸੇਦਾਰ ਬਣਨ ਲਈ ਹੱਲ੍ਹਾਸ਼ੇਰੀ ਦਿੱਤੀ। ਉਨ੍ਹਾਂ ਨੌਜਵਾਨਾਂ ਨੂੰ ਰਾਸ਼ਟਰ ਨਿਰਮਾਣ, ਨਵੀਨਤਾ ਅਤੇ ਆਲਮੀ ਲੀਡਰਸ਼ਿਪ ਵਿੱਚ ਸਰਗਰਮੀ ਨਾਲ ਸ਼ਾਮਲ ਹੋਣ ਅਤੇ ਲੋਕਤੰਤਰ, ਖੋਜ, ਕਾਨੂੰਨ ਨਿਰਮਾਣ ਅਤੇ ਤਕਨੀਕੀ ਤਰੱਕੀ ਵਿੱਚ ਹਿੱਸਾ ਲੈ ਕੇ ਭਾਰਤ ਦੀ ਵਿਕਾਸ ਗਾਥਾ ਵਿੱਚ ਅਰਥਪੂਰਨ ਯੋਗਦਾਨ ਪਾਉਣ ਦਾ ਸੱਦਾ ਦਿੱਤਾ।

ਸ਼੍ਰੀ ਬਿਰਲਾ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲਪੀਯੂ) ਦੇ ਸਾਲਾਨਾ ਸੱਭਿਆਚਾਰਕ ਉਤਸਵ ਅਤੇ ਅਧਿਐਨ ਗ੍ਰਾਂਟ ਪੁਰਸਕਾਰਾਂ ਮੌਕੇ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ, ਜੋ ÷ਇੱਕ ਭਾਰਤ ਅਤੇ ਇੱਕ ਵਿਸ਼ਵ÷ ਥੀਮ ਦੇ ਤਹਿਤ ਆਯੋਜਿਤ ਕੀਤਾ ਗਿਆ ਸੀ। ਉਨ੍ਹਾਂ ਨੇ ਵਿਕਸਤ ਭਾਰਤ 2047 ਦੇ ਵਿਚਾਰ ਨੂੰ ਸਪੱਸ਼ਟ ਕੀਤਾ, ਜਿਸ ਵਿੱਚ ਆਰਥਿਕ ਵਿਕਾਸ, ਸਮਾਜਿਕ ਬਰਾਬਰੀ, ਵਿਸ਼ਵ ਲੀਡਰਸ਼ਿਪ ਅਤੇ ਸਥਿਰਤਾ ਸ਼ਾਮਲ ਹੈ। ਸਪੀਕਰ ਦੇ ਭਾਸ਼ਣ ਨੇ ਨੌਜਵਾਨਾਂ 'ਤੇ ਡੂੰਘਾ ਪ੍ਰਭਾਵ ਛੱਡਿਆ ਅਤੇ ਉਨ੍ਹਾਂ ਨੂੰ ਭਾਰਤ ਦੀ ਕਿਸਮਤ ਨੂੰ ਆਕਾਰ ਦੇਣ ਵਿੱਚ ਸਰਗਰਮ ਭਾਗੀਦਾਰ ਬਣਨ ਦੀ ਅਪੀਲ ਕੀਤੀ। ਉਨ੍ਹਾਂ ਜ਼ਿਕਰ ਕੀਤਾ ਕਿ ਭਾਰਤ ਅੱਜ ਵਿਸ਼ਵ ਪੱਧਰ 'ਤੇ ਆਪਣੀ ਜੀਵੰਤ ਨੌਜਵਾਨ ਆਬਾਦੀ ਲਈ ਮਾਨਤਾ ਹਾਸਲ ਕਰ ਰਿਹਾ ਹੈ, ਜੋ ਸਾਰੇ ਖੇਤਰਾਂ – ਤਕਨਾਲੋਜੀ, ਸ਼ਾਸਨ, ਅਕਾਦਮਿਕਤਾ ਅਤੇ ਉੱਦਮਤਾ ਵਿੱਚ ਉੱਤਮਤਾ ਪ੍ਰਾਪਤ ਕਰ ਰਹੇ ਹਨ। ਸਪੀਕਰ ਨੇ ਵਿਦਿਆਰਥੀਆਂ ਨੂੰ ਦ੍ਰਿੜਤਾ ਨਾਲ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਇਮਾਨਦਾਰੀ, ਨਵੀਨਤਾ ਅਤੇ ਸੇਵਾ ਦੀ ਭਾਵਨਾ ਨਾਲ ਭਾਰਤ ਦੀ ਆਲਮੀ ਸਥਿਤੀ ਨੂੰ ਸਮ੍ਰਿੱਧ ਬਣਾਉਣ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਚਾਨਣਾ ਪਾਇਆ ਕਿ ਭਾਰਤੀ ਵਿਦਿਆਰਥੀ ਨਵੀਨਤਾ, ਵਿਭਿੰਨਤਾ ਅਤੇ ਆਲਮੀ ਲੀਡਰਸ਼ਿਪ ਦੀ ਭਾਵਨਾ ਨੂੰ ਦਰਸਾਉਂਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਰਚਨਾਤਮਕਤਾ, ਨਵੀਨਤਾ, ਉੱਦਮੀ ਭਾਵਨਾ ਅਤੇ ਨੈਤਿਕ ਦ੍ਰਿੜਤਾ ਨਾਲ, ਭਾਰਤ ਦੇ ਨੌਜਵਾਨ ਇਸ ਦੇਸ਼ ਨੂੰ ਦੁਨੀਆ ਲਈ ਇੱਕ ਮਾਡਲ ਬਣਨ ਵੱਲ ਲਿਜਾ ਸਕਦੇ ਹਨ।

ਇਹ ਦੱਸਦੇ ਹੋਏ ਕਿ ਸਿੱਖਿਆ ਨੂੰ ਰਵਾਇਤੀ ਗਿਆਨ ਅਤੇ ਆਧੁਨਿਕ ਨਵੀਨਤਾ ਦਾ ਇੱਕ ਸੁਹਿਰਦ ਮਿਸ਼ਰਣ ਹੋਣਾ ਚਾਹੀਦਾ ਹੈ, ਸ਼੍ਰੀ ਬਿਰਲਾ ਨੇ ਤਕਨਾਲੋਜੀ ਅਤੇ ਸਮਕਾਲੀ ਗਿਆਨ ਪ੍ਰਣਾਲੀਆਂ ਦੀ ਪਰਿਵਰਤਨਸ਼ੀਲ ਸ਼ਕਤੀ ਨੂੰ ਅਪਣਾਉਂਦੇ ਹੋਏ ਸੰਸਕ੍ਰਿਤਕ ਜੜ੍ਹਾਂ ਨੂੰ ਸੁਰੱਖਿਅਤ ਰੱਖਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਜ਼ੋਰ ਦਿੱਤਾ ਕਿ ਭਾਰਤ ਦੀਆਂ ਪ੍ਰਾਚੀਨ ਵਿਦਿਅਕ ਪਰੰਪਰਾਵਾਂ ਵਿੱਚ ਸਮਾਈਆਂ ਸਦੀਵੀ ਕਦਰਾਂ ਕੀਮਤਾਂ ਨੂੰ ਉਸ ਬੁਨਿਆਦ ਵਜੋਂ ਕੰਮ ਕਰਨਾ ਚਾਹੀਦਾ ਹੈ, ਜਿਸ 'ਤੇ ਵਿਗਿਆਨ, ਤਕਨਾਲੋਜੀ ਅਤੇ ਸਿੱਖਿਆ ਸ਼ਾਸਤਰ ਵਿੱਚ ਆਧੁਨਿਕ ਤਰੱਕੀ ਦਾ ਨਿਰਮਾਣ ਹੁੰਦਾ ਹੈ। ਤੇਜ਼ੀ ਨਾਲ ਵਿਕਸਿਤ ਹੋ ਰਹੇ ਆਲਮੀ ਦ੍ਰਿਸ਼ਟੀਕੋਣ ਵਿੱਚ, ਇਹ ਲਾਜ਼ਮੀ ਹੈ ਕਿ ਸਿੱਖਿਆ ਪ੍ਰਣਾਲੀ ਨਾ ਸਿਰਫ਼ ਹੁਨਰਮੰਦ ਪੇਸ਼ੇਵਰਾਂ ਦਾ ਪੋਸ਼ਣ ਕਰੇ, ਸਗੋਂ ਸਮਾਜਿਕ ਤੌਰ 'ਤੇ ਚੇਤੰਨ ਨਾਗਰਿਕਾਂ ਦਾ ਵੀ ਪੋਸ਼ਣ ਕਰੇ, ਜੋ ਵਿਰਾਸਤ ਨਾਲ ਜੁੜੇ ਹਨ ਅਤੇ ਭਵਿੱਖ ਨੂੰ ਆਕਾਰ ਦੇਣ ਲਈ ਤਿਆਰ ਹਨ। ਉਨ੍ਹਾਂ ਨੇ ਨੌਜਵਾਨਾਂ ਵਿੱਚ ਰਾਸ਼ਟਰੀ ਪਛਾਣ, ਆਲਮੀ ਦ੍ਰਿਸ਼ਟੀਕੋਣ ਅਤੇ ਸਮਾਜਿਕ ਵਚਨਬੱਧਤਾ ਦੇ ਅਧਾਰ 'ਤੇ ਉਦੇਸ਼ ਦੀ ਭਾਵਨਾ ਵਿਕਸਿਤ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਭਾਰਤ ਦੀ ਵਿਦਿਅਕ ਤਰੱਕੀ ਦੇ ਪ੍ਰਤੀਕ ਵਜੋਂ ਐੱਲਪੀਯੂ ਦੀ ਸ਼ਲਾਘਾ ਕਰਦੇ ਹੋਏ, ਸ਼੍ਰੀ ਬਿਰਲਾ ਨੇ ਕਿਹਾ ਕਿ ਯੂਨੀਵਰਸਿਟੀ ਅਨੇਕਤਾ ਵਿੱਚ ਏਕਤਾ ਦੀ ਭਾਵਨਾ ਨੂੰ ਦਰਸਾਉਂਦੀ ਹੈ। ਉਨ੍ਹਾਂ ਐੱਲਪੀਯੂ ਨੂੰ ਦੇਸ਼ ਦੀ ਸੱਭਿਆਚਾਰਕ ਅਮੀਰੀ ਦਾ ਇੱਕ ਅਸਲ ਸੂਖਮ ਜਗਤ ਆਖਿਆ, ਜਿੱਥੇ ਹਰ ਭਾਰਤੀ ਰਾਜ ਅਤੇ 50 ਤੋਂ ਵੱਧ ਦੇਸ਼ਾਂ ਦੇ ਵਿਦਿਆਰਥੀ ਦੋਸਤੀ ਅਤੇ ਆਪਸੀ ਸਤਿਕਾਰ ਦੇ ਮਾਹੌਲ ਵਿੱਚ ਇਕੱਠੇ ਪੜ੍ਹਦੇ ਹਨ। ਉਨ੍ਹਾਂ ਕਿਹਾ ਕਿ ਐੱਲਪੀਯੂ ਸਮੇਂ ਨਾਲ ਵਿਕਸਿਤ ਹੋ ਰਹੀਆਂ ਲੋੜਾਂ ਦੇ ਅਨੁਸਾਰ ਲਗਾਤਾਰ ਢਲਿਆ ਹੈ, ਭਾਰਤੀ ਕਦਰਾਂ-ਕੀਮਤਾਂ ਅਤੇ ਸੱਭਿਆਚਾਰ ਨੂੰ ਬਰਕਰਾਰ ਰੱਖਦੇ ਹੋਏ ਵਿਸ਼ਵ ਪੱਧਰੀ ਸਹੂਲਤਾਂ ਪ੍ਰਦਾਨ ਕੀਤੀਆਂ ਹਨ। ÷ਇੱਕ ਭਾਰਤ, ਇੱਕ ਵਿਸ਼ਵ÷ ਵਰਗੇ ਸਮਾਗਮਾਂ ਦੀ ਭਾਰਤ ਦੇ ਸੱਭਿਅਤਾਵਾਦੀ ਦਰਸ਼ਨ, 'ਵਸੁਧੈਵ ਕੁਟੁੰਬਕਮ – ਦੁਨੀਆ ਇੱਕ ਪਰਿਵਾਰ' ਦੀਆਂ ਸ਼ਾਨਦਾਰ ਉਦਾਹਰਣਾਂ ਵਜੋਂ ਸ਼ਲਾਘਾ ਕੀਤੀ। ਸਪੀਕਰ ਨੇ ਅੱਗੇ ਕਿਹਾ ਕਿ ਅੱਜ ਆਪਸ ਵਿੱਚ ਜੁੜੇ ਹੋਏ ਜਿਸ ਸੰਸਾਰ ਵਿੱਚ ਅਸੀਂ ਰਹਿੰਦੇ ਹਾਂ, ਭਾਰਤ ਦੇ ਨੌਜਵਾਨਾਂ ਨੂੰ ਰਾਸ਼ਟਰੀ ਸਰਹੱਦਾਂ ਤੋਂ ਪਰ੍ਹੇ ਸੋਚਣਾ ਚਾਹੀਦਾ ਹੈ। ਸਪੀਕਰ ਨੇ ਚਾਨਣਾ ਪਾਇਆ ਕਿ ਉਨ੍ਹਾਂ ਨੂੰ ਭਾਰਤੀ ਦਿਲ ਵਾਲੇ ਆਲਮੀ ਨਾਗਰਿਕ ਹੋਣਾ ਚਾਹੀਦਾ ਹੈ ਅਤੇ ਇਹੀ 'ਇੱਕ ਭਾਰਤ ਅਤੇ ਇੱਕ ਵਿਸ਼ਵ' ਹੈ।

ਸ਼੍ਰੀ ਓਮ ਬਿਰਲਾ ਨੇ ਭਾਰਤ ਦੇ ਭਵਿੱਖ ਲਈ ਆਪਣੀ ਉਮੀਦ ਅਤੇ ਨੌਜਵਾਨ ਪੀੜ੍ਹੀ ਵਿੱਚ ਆਪਣੇ ਡੂੰਘੇ ਭਰੋਸੇ ਨੂੰ ਦੁਹਰਾਇਆ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜਿਵੇਂ-ਜਿਵੇਂ ਅਸੀਂ 2047 ਵੱਲ ਵਧ ਰਹੇ ਹਾਂ, ਆਓ ਅਸੀਂ ਇੱਕ ਅਜਿਹਾ ਭਾਰਤ ਬਣਾਉਣ ਦਾ ਵਾਅਦਾ ਕਰੀਏ, ਜੋ ਸਿਰਫ਼ ਵਿਕਸਿਤ ਹੀ ਨਹੀਂ ਸਗੋਂ ਨਿਆਂਪੂਰਨ, ਸਮਾਵੇਸ਼ੀ, ਦਿਆਲੂ ਅਤੇ ਬੁੱਧੀਮਾਨ ਵੀ ਹੋਵੇ ਅਤੇ ਆਓ ਅਸੀਂ ਇੱਕ ਅਜਿਹੀ ਦੁਨੀਆ ਲਈ ਕੰਮ ਕਰੀਏ, ਜਿੱਥੇ ਭਾਰਤ ਕਦਰਾਂ-ਕੀਮਤਾਂ ਨਾਲ ਅਗਵਾਈ ਕਰੇ ਅਤੇ ਜਿੱਥੇ ਹਰ ਭਾਰਤੀ ਆਲਮੀ ਭਲਾਈ ਵਿੱਚ ਯੋਗਦਾਨ ਪਾਵੇ। ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਵਿੱਚ 50 ਤੋਂ ਵੱਧ ਦੇਸ਼ਾਂ ਦੇ ਵਿਦਿਆਰਥੀ, ਫੈਕਲਟੀ ਮੈਂਬਰ, ਅਕਾਦਮਿਕ ਆਗੂ ਅਤੇ ਪਰਿਵਾਰ ਸ਼ਾਮਲ ਸਨ। ਸ਼੍ਰੀ ਬਿਰਲਾ ਨੇ ਗ੍ਰੈਜੂਏਟ ਹੋਣ ਵਾਲੀ ਕਲਾਸ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਆਪਣੇ ਪੇਸ਼ੇਵਰ ਸਫ਼ਰਾਂ ਵਿੱਚ ਅਨੁਸ਼ਾਸਨ, ਦ੍ਰਿੜਤਾ ਅਤੇ ਏਕਤਾ ਦੀਆਂ ਕਦਰਾਂ-ਕੀਮਤਾਂ ਨੂੰ ਲੈ ਕੇ ਜਾਣ ਅਤੇ ਆਪਣੀਆਂ ਜੜ੍ਹਾਂ ਨਾਲ ਡੂੰਘਾਈ ਤੋਂ ਜੁੜੇ ਰਹਿੰਦਿਆਂ ਉੱਤਮਤਾ ਲਈ ਯਤਨ ਕਰਨ ਲਈ ਉਤਸ਼ਾਹਿਤ ਕੀਤਾ।

ਸੰਸਦ ਮੈਂਬਰ ਸ਼੍ਰੀ ਅਸ਼ੋਕ ਮਿੱਤਲ ਅਤੇ ਹੋਰ ਪਤਵੰਤੇ ਇਸ ਮੌਕੇ 'ਤੇ ਮੌਜੂਦ ਸਨ।

# 70.56 ਗ੍ਰਾਮ ਨਸ਼ੀਲਾ ਪਾਊਡਰ ਸਮੇਤ ਇੱਕ ਨੌਜਵਾਨ ਕੀਤਾ ਕਾਬੂ



**ਸ੍ਰੀ ਆਨੰਦਪੁਰ ਸਾਹਿਬ, 25 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-**

ਸੀਨੀਅਰ ਕਪਤਾਨ ਪੁਲਿਸ ਜ਼ਿਲ੍ਹਾ ਰੂਪਨਗਰ ਸ਼ੁਭਮ ਅਗਰਵਾਲ ਆਈ.ਪੀ.ਐਸ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕਪਤਾਨ ਪੁਲਿਸ (ਡਿਟੈਕਟਿਵ) ਰੂਪਨਗਰ ਗੁਰਦੀਪ ਸਿੰਘ ਗੋਸਲ ਪੀ.ਪੀ.ਐਸ ਕਪਤਾਨ ਪੁਲਿਸ ਸ੍ਰੀ ਆਨੰਦਪੁਰ ਸਾਹਿਬ ਅਜੇ ਸਿੰਘ ਪੀ.ਪੀ.ਐਸ ਦੀ ਅਗਵਾਈ ਵਿੱਚ ਮੁੱਖ ਅਫਸਰ ਥਾਣਾ ਸ੍ਰੀ ਅਨੰਦਪੁਰ ਸਾਹਿਬ ਇੰਸਪੈਕਟਰ ਦਾਨਿਸ਼ਵੀਰ ਸਿੰਘ ਦੀ ਟੀਮ ਵੱਲੋਂ ਯੁੱਧ ਨਸ਼ਿਆ ਵਿਰੁੱਧ ਮਾੜੇ ਅਨਸਰਾਂ ਨੂੰ ਕਾਬੂ ਕਰਨ ਅਤੇ ਗੈਰ ਕਾਨੂੰਨੀ ਗਤੀਵਿਧੀਆਂ ਨੂੰ ਨੱਥ ਪਾਉਣ ਸਬੰਧੀ ਮੁਹਿੰਮ ਵਿੱਢੀ ਗਈ ਹੈ ਜਿਸ ਦੇ ਤਹਿਤ ਗੁਰਮੁੱਖ ਸਿੰਘ ਇੰਚਾਰਜ ਪੁਲਿਸ ਚੌਂਕੀ ਸ੍ਰੀ ਅਨੰਦਪੁਰ ਸਾਹਿਬ ਅਤੇ ਸ:ਥ ਕੁਲਵਿੰਦਰ ਸਿੰਘ 167/ ਆਰ ਵੱਲੋਂ ਸਮੇਤ ਟੀਮ ਮਿਤੀ 21.4. 2025 ਨੂੰ ਪੰਜ ਪਿਆਰਾ ਪਾਰਕ ਸ੍ਰੀ ਅਨੰਦਪੁਰ ਸਾਹਿਬ ਨਜਦੀਕ ਇੱਕ ਵਿਅਕਤੀ ਵਿਸ਼ਾਲ ਕੁਮਾਰ ਉਰਫ ਸਨੀ ਖੱਤਰੀ ਪੁੱਤਰ ਸੁਰਿੰਦਰ ਪਾਲ ਸਿੰਘ ਵਾਸੀ ਪਿੰਡ ਬਣੀ ਥਾਣਾ ਸ਼੍ਰੀ ਆਨੰਦਪੁਰ ਸਾਹਿਬ ਜ਼ਿਲਾ ਰੂਪਨਗਰ ਨੂੰ ਕਾਬੂ ਕਰਕੇ ਉਸਦੇ ਕਬਜ਼ੇ ਵਿੱਚੋਂ 70.56 ਗ੍ਰਾਮ ਨਸ਼ੀਲਾ ਪਾਊਡਰ ਬਰਾਮਦ ਕਰਕੇ ਉਸਦੇ ਖਿਲਾਫ ਮੁਕਦਮਾ ਨੰਬਰ 56 ਮਿਟੀ 21.4 .2025 ਅ/ਧ 22.61.85 ਐਨ.ਡੀ.ਪੀ.ਐਸ ਐਕਟ ਰਾਣਾ ਸ਼੍ਰੀ ਅਨੰਦਪੁਰ ਸਾਹਿਬ ਦੇ ਦਰਜ ਰਜਿਸਟਰ ਕੀਤਾ ਗਿਆ ਦੋਸ਼ੀ ਨੂੰ ਅੱਜ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਿਲ ਕੀਤਾ ਜਾਵੇਗਾ ਮੁਕਦਮਾ ਦੀ ਤਫਤੀਸ਼ ਜਾਰੀ ਹੈ।

ਮੁੱਖ ਅਫਸਰ ਥਾਣਾ ਸ਼੍ਰੀ ਅਨੰਦਪੁਰ ਸਾਹਿਬ ਅਤੇ ਇੰਚਾਰਜ ਪੁਲਿਸ ਚੌਂਕੀ ਸ਼੍ਰੀ ਅਨੰਦਪੁਰ ਸਾਹਿਬ ਨੇ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਗੈਰ ਕਾਨੂੰਨੀ ਗਤੀਵਿਧੀਆ ਕਰਨ ਵਾਲੇ ਵਿਅਕਤੀਆਂ ਨੂੰ ਨਹੀਂ ਬਖਸ਼ਿਆ ਜਾਵੇਗਾ ਅਤੇ ਉਹਨਾਂ ਵੱਲੋਂ ਆਮ ਆਦਮੀ ਜਨਤਾ ਨੂੰ ਵੀ ਅਪੀਲ ਕੀਤੀ ਆਪਣੇ ਆਸ ਪਾਸ ਜੇਕਰ ਕੋਈ ਗੈਰ ਕਾਨੂੰਨੀ ਗਤੀਵਿਧੀਆ ਹੋਣ ਦੀ ਸੂਚਨਾ ਮਿਲਦੀ ਹੈ ਤਾਂ ਪੁਲਿਸ ਨੂੰ ਤੁਰੰਤ ਉਸ ਦੀ ਤੁਰੰਤ ਇਤਲਾ ਲੋਕਲ ਪੁਲਿਸ ਨੂੰ ਦਿੱਤੀ ਜਾਵ

# ਤਮੰਨਾ ਆਰਟਸ ਫਰਮ ਦਾ ਮਾਲੇਰਕੋਟਲਾ ਵਿੱਖੇ ਹੋਇਆ ਉਦਘਾਟਨ



**ਮਲੇਰਕੋਟਲਾ, 25 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਦਿਨੀਂ ਮਾਲੇਰਕੋਟਲਾ ਬੱਸ ਸਟੈਂਡ ਦੇ ਪਿਛਲੇ ਪਾਸੇ ਤਮੰਨਾ ਆਰਟਸ ਦੇ ਆਫਿਸ ਦਾ ਹੋਇਆ ਉਦਘਾਟਨ। ਜਿਸ ਵਿੱਚ ਐਮ ਡੀ ਤਮੰਨਾ ਵਰਮਾ ਨੇ ਕਿਹਾ ਕਿ ਤਮੰਨਾ ਆਰਟਸ ਪਿਛਲੇ 17 ਸਾਲਾਂ ਤੋਂ ਕੰਪੀਟੀਸ਼ਨ ਕਰਵਾਉਂਦੇ ਆ ਰਹੇ ਹਨ। ਜਿਸ ਵਿੱਚ ਅਸ਼ਮੀਤ. ਮਨਜੀਤ ਰੂਪੋਵਾਲੀਆ, ਸਾਰੇ ਗਾਮਾ ਫੇਮ ਸੰਜਨਾ ਅਤੇ ਹੋਰ ਵੀ ਕਈ ਸਿੰਗਰ ਬਾਲੀਵੁੱਡ ਤੱਕ ਪਹੁੰਚੇ। ਪੰਜਾਬੀ ਸੱਭਿਆਚਾਰ ਅਤੇ ਗਾਇਕੀ ਦੇ ਖੇਤਰ ਵਿੱਚ ਨਵੇਂ ਗਾਇਕਾਂ ਨੂੰ ਇੱਕ ਵਾਰ ਫਿਰ ਤੋਂ ਆਪਣੇ ਹੁਨਰ ਦਿਖਾਉਣ ਦਾ ਮੌਕਾ ਮਿਲ ਰਿਹਾ ਹੈ। ਤਮੰਨਾ ਵਰਮਾ ਨੇ ਦੱਸਿਆ ਕਿ ਤਮੰਨਾ ਆਰਟਸ ਇੱਕ ਮੇਘਾ ਸਿੰਗਿੰਗ ਕੰਪਟੀਸ਼ਨ ਕਰਵਾਉਣ ਜਾ ਰਹੀ ਹੈ ਜਿਸ ਦਾ ਨਾਮ ਮਹਿਕ ਪੰਜਾਬ ਦੀ ਸਿੰਗਰ ਨੰਬਰ ( 1) 2025 ਹੈ ਜਿਸ ਵਿੱਚ ਪੰਜ ਸਾਲ ਤੋਂ ਲੈ ਕੇ 40 ਸਾਲ ਤੱਕ ਦੇ ਸਟੂਡੈਂਟ ਆਪਣਾ ਹੁਨਰ ਦਿਖਾ ਸਕਦੇ ਹਨ। ਉਨਾਂ ਨੇ ਕਿਹਾ ਕਿ ਮੇਗਾ ਸਿੰਗਿੰਗ ਕੰਪਟੀਸ਼ਨ (ਮਹਿਕ ਪੰਜਾਬ ਦੀ) ਅਡੀਸ਼ਨ ਅੱਜ ਤੋਂ ਸ਼ੁਰੂ ਹੋ ਗਿਆ ਹੈ ਤੇ ਤਮੰਨਾ ਆਰਟਸ ਦੇ ਵਿੱਚ ਫਿਰ ਤੋਂ ਇੱਕ ਜੱਗ ਮੰਗਾਉਂਦਾ ਸਿਤਾਰਾ ਚੁਣਿਆ ਜਾਵੇਗਾ। ਤਮੰਨਾ ਵਰਮਾ ਜੀ ਨੇ ਦੱਸਿਆ ਕਿ ਜਿੱਤਣ ਵਾਲੇ ਵਿਜੇਤਾ ਨੂੰ ਇਕ ਲੱਖ ਰੁਪਏ ਦਾ ਕੈਸ਼ ਇਨਾਮ ਦਿੱਤਾ ਜਾਏਗਾ ਅਤੇ ਉਨਾਂ ਦੀ ਪੰਜਾਬੀ ਗਾਣੇ ਦੀ ਕੈਸਟ ਵੀ ਕਰਵਾਈ ਜਾਏਗੀ। ਮਹਿਕ ਪੰਜਾਬ ਦੀ ਕੰਪੀਟੀਸ਼ਨ ਦੀ ਜਜਮੈਂਟ ਕਰਨ ਲਈ ਪੰਜਾਬੀ ਗਾਇਕ ਰਣਜੀਤ ਮਣੀ, ਪ੍ਰਗਟ ਖਾਣ, ਲਵਲੀ ਨਿਰਮਾਣ ਅਤੇ ਬਾਲੀਵੁੱਡ ਸਿੰਗਰ ਕਰਨਗੇ। ਇਸ ਮੌਕੇ ਤਮੰਨਾ ਆਰਟਸ ਦੇ ਉਦਘਾਟਨ ਤੇ ਪਹੁੰਚ ਕੇ ਰਾਹੁਲ ਜੀ ਨੇ ਸ਼ਮਾ ਰੌਸ਼ਨ ਕਰਕੇ ਰੀਵਨ ਕੱਟਿਆ ਅਤੇ ਤਮੰਨਾ ਆਰਟਸ ਨੂੰ ਬਹੁਤ ਬਹੁਤ ਵਧਾਈਆਂ ਦਿੱਤੀਆਂ। ਤਮੰਨਾ ਆਰਟਸ ਆਫ਼ਿਸ ਵਿੱਚ ਨੇਹਾ, ਮੋਨੂ, ਸੋਨੀ, ਕਰਨ, ਰੁਦਰਾਕਸ਼, ਦਿਲਸ਼ਾਦ ਖਾਨ, ਸਰਫਰਾਜ, ਸ਼ੰਕਰ, ਸ਼ਾਹਿਦ, ਅਤੇ ਲਿਬਰਲ ਪਾਰਟੀ ਦੇ ਇੰਡੀਆ ਪ੍ਰੈਜੀਡੈਂਟ ਰਣਜੀਤ ਘਨੌਰ ਜੀ, ਅਤੇ ਬੋਲੀਵੁੱਡ ਦੇ ਸਿੰਗਰ ਵਿਸ਼ਾਲ ਸੋਨੂ ਜੀ ਨੇ ਸ਼ਿਰਕਤ ਕੀਤੀ।

ਵਿਸ਼ਾਲ ਸੋਨੂ ਜੀ ਪੱਤਰਕਾਰਾਂ ਨੂੰ ਕਿਹਾ ਕਿ ਬੋਲੀਵੁੱਡ ਦੇ ਸਿੰਗਰ ਅਤੇ ਪੰਜਾਬੀ ਸਿੰਗਰ ਹਮੇਸ਼ਾ ਤਮੰਨਾ ਆਰਟਸ ਨਾਲ ਖੜੇ ਰਹਿਣਗੇ ਅਤੇ ਹਰ ਕੰਪੀਟੀਸ਼ਨ ਤੇ ਤਮੰਨਾ ਜੀ ਦਾ ਸਾਥ ਦੇਣਗੇ।

# ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਡਾ ਬਲਜੀਤ ਕੌਰ ਵੱਲੋਂ ਵੱਖ-ਵੱਖ ਵਿਭਾਗਾਂ ਅਤੇ ਜਿਲ੍ਹਿਆਂ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ

## ਨਸ਼ਾ ਮੁਕਤ ਪੰਜਾਬ ਲਈ ਸਰਕਾਰ ਵੱਲੋਂ ਵੱਡਾ ਫੈਸਲਾ - ਹਰ ਜ਼ਿਲ੍ਹੇ ਨੂੰ 10 ਲੱਖ ਰੁਪਏ ਅਤੇ ਰਾਜ ਦੀਆਂ 10 ਜੇਲ੍ਹਾਂ ਵਿੱਚ ਨਸ਼ਾ ਛਡਾਊ ਕੇਂਦਰਾਂ ਨੂੰ ਸਥਾਪਿਤ ਕਰਨ ਲਈ 2.01 ਕਰੋੜ ਰੁਪਏ ਕੀਤੇ ਜਾਣਗੇ ਜਾਰੀ



**ਚੰਡੀਗੜ੍ਹ, 25 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਨੂੰ ਨਸ਼ਾ ਮੁਕਤ ਬਣਾਉਣ ਲਈ ÷ਯੁੱਧ ਨਸ਼ਿਆਂ ਵਿਰੁੱਧ÷ ਦੇਸ਼ ਭਰ ਵਿੱਚ ਸਭ ਤੋ ਵੱਡੀ ਮੁਹਿੰਮ ਸ਼ੁਰੂ ਕੀਤੀ ਗਈ ਹੈ। ਸੂਬਾ ਸਰਕਾਰ ਦੇ ਇਸ ਉਪਰਾਲੇ ਨੂੰ ਸਾਰਥਕ ਬਣਾਉਣ ਲਈ ਨਸ਼ੀਲੇ ਪਦਾਰਕਾਂ ਦੀ ਮੰਗ ਘਟਾਉਣ ਲਈ ਲਗਭਗ 10 ਕਰੋੜ ਰੁਪਏ ਜਾਰੀ ਕੀਤੇ ਜਾਣਗੇ।

ਪੰਜਾਬ ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਅੱਜ ਇੱਥੇ ਪੰਜਾਬ ਭਵਨ ਵਿੱਖੇ ਖੇਡਾਂ ਅਤੇ ਯੂਵਕ ਸੇਵਾਵਾਂ ਵਿਭਾਗ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਸਪੈਸਲ ਡਾਇਰੈਕਟਰ ਜਨਰਲ ਪੁਲਿਸ, ਐਂਟੀ ਨਾਰਕੋਟਿਕ ਟਾਸਕ ਫੋਰਸ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਰੋਜਗਾਰ ਉਤਪਤਾ, ਹੁਨਰ ਵਿਕਾਸ ਅਤੇ ਸਿੱਖਲਾਈ ਵਿਭਾਗ, ਸੂਚਨਾ ਤੇ ਲੋਕ ਸੰਪਰਕ ਵਿਭਾਗ, ਸਕੂਲ ਸਿੱਖਿਆ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਦੇ ਉੱਚ ਅਧਿਕਾਰੀਆਂ ਅਤੇ ਸਮੂਹ ਜਿਲ੍ਹਿਆਂ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਉਨ੍ਹਾਂ ਕਿਹਾ ਕਿ ਸੂਬੇ ਨੂੰ ਨਸ਼ਾ ਮੁਕਤ ਬਣਾਉਣ ਲਈ ਸਾਨੂੰ ਸਾਰਿਆਂ ਨੂੰ ਆਪਸੀ ਤਾਲਮੇਲ ਅਤੇ ਸਹਿਯੋਗ ਨਾਲ ਕੰਮ ਕਰਨ ਦੀ ਲੋੜ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਸੂਬੇ ਵਿੱਚੋ ਨਸ਼ਾ ਖਤਮ ਕਰਨ ਲਈ ਸਕੂਲਾਂ, ਕਾਲਜਾਂ ਅਤੇ ਹੋਰ ਵਿਦਿਅਕ ਸੰਸਥਾਵਾਂ ਵਿੱਚ ਸੈਮੀਨਾਰ ਅਤੇ ਹੋਰ ਪ੍ਰੋਗਰਾਮਾਂ ਰਾਹੀਂ ਨੌਜਵਾਨਾਂ ਨੂੰ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾਵੇ। ਕੈਬਨਿਟ ਮੰਤਰੀ ਵੱਲੋਂ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਅਪੀਲ ਕੀਤੀ ਗਈ ਕਿ ਨਸ਼ੇ ਦੀ ਗ੍ਰਿਫਤ ਵਿੱਚ ਆ ਚੁੱਕੇ ਨੌਜਵਾਨਾਂ ਨੂੰ ਨਸ਼ੇ ਦੀ ਦਲਦਲ ਵਿੱਚ ਕੱਢਣ ਲਈ ਉਪਰਾਲੇ ਹੋਰ ਤੇਜ਼ ਕੀਤੇ ਜਾਣ।

ਮੀਟਿੰਗ ਵਿੱਚ ਵੱਖ-ਵੱਖ ਵਿਭਾਗਾਂ ਅਤੇ ਜਿਲਿਆਂ ਦੇ ਸੀਨੀਅਰ ਅਧਿਕਾਰੀਆਂ ਵੱਲੋਂ ਨਸ਼ੇ ਨੂੰ ਖਤਮ ਕਰਨ ਲਈ ਉਨ੍ਹਾਂ ਦੇ ਪੱਧਰ 'ਤੇ ਜਿਹੜੇ ਜਿਹੜੇ ਉਪਰਾਲੇ ਕੀਤੇ ਜਾ ਰਹੇ ਹਨ,ਉਨ੍ਹਾਂ ਸਬੰਧੀ ਵਿਸਤ੍ਰਿਤ ਚਰਚਾ ਕੀਤੀ।

ਡਾ ਬਲਜੀਤ ਕੌਰ ਨੇ ਵੱਖ-ਵੱਖ ਵਿਭਾਗਾਂ ਵੱਲੋਂ ਨਸ਼ਾ ਖਤਮ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸੂਬੇ ਨੂੰ ਦੇਸ਼ ਦਾ ਪਹਿਲਾ ਨਸ਼ਾ ਮੁਕਤ ਰਾਜ ਬਣਾਉਣ ਲਈ ਫੰਡਾਂ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ।

ਕੈਬਨਿਟ ਮੰਤਰੀ ਡਾ ਬਲਜੀਤ ਕੌਰ ਨੇ ਅੱਗੇ ਕਿਹਾ ਕਿ ਸੂਬੇ ਵਿੱਚ ਨਸ਼ਾ ਖਤਮ ਕਰਨ ਲਈ ਹਰੇਕ ਜ਼ਿਲ੍ਹੇ ਨੂੰ 10 ਲੱਖ ਰੁਪਏ ਦਿੱਤੇ ਜਾਣਗੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜਿਹੜਾ ਜ਼ਿਲਾ ਨਸ਼ਿਆਂ ਨੂੰ ਖਤਮ ਕਰਨ ਵਿੱਚ ਆਪਣੇ ਜਿਲ੍ਹੇ ਵਿੱਚ ਵਧੀਆ ਉਪਰਾਲੇ ਕਰਨਗੇ ਉਨਾਂ ਦੀ ਰਾਸ਼ੀ 10 ਲੱਖ ਤੋ ਵਧਾਈ ਵੀ ਜਾ ਸਕਦੀ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਸੂਬੇ ਦੀਆਂ ਜੇਲ੍ਹਾਂ ਜਿਵੇਂ ਪਟਿਆਲਾ, ਲੁਧਿਆਣਾ, ਫਿਰੋਜਪੁਰ, ਫਰੀਦਕੋਟ, ਹੁਸ਼ਿਆਰਪੁਰ, ਗੁਰਦਾਸਪੁਰ, ਅੰਮ੍ਰਿਤਸਰ, ਕਪੂਰਥਲਾ, ਬਠਿੰਡਾ ਅਤੇ ਗੋਇੰਦਵਾਲ ਸਾਹਿਬ ਵਿਖੇ ਨਸ਼ਾ ਛਡਾਊ ਕੇਂਦਰ ਸਥਾਪਿਤ ਕਰਨ ਲਈ 2.01 ਕਰੋੜ ਰੁਪਏ ਦੀ ਰਾਸ਼ੀ ਦਿੱਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਨਸ਼ਾ ਵਿਰੁੱਧ ਲੜਾਈ ਵਿੱਚ ਤਕਨੀਕੀ ਸਹਾਇਤਾ ਲਈ ਨਵੇਂ ਉਪਰਾਲੇ ਸ਼ੁਰੂ ਕੀਤੇ ਗਏ ਹਨ, ਜਿਵੇਂ ਕਿ ਐਂਟੀ ਡਰਗ ਹੈਲਪਲਾਈਨ ਅਤੇ ਵਟਸਐਪ ਚੈਟਬੋਟ ਨੰਬਰ (9779100200) ਜਾਰੀ ਕੀਤਾ ਗਿਆ ਹੈ। ਇਸ ਹੈਲਪਲਾਈਨ ਨੰਬਰ ਤੇ ਲੋਕ ਨਸ਼ਾ ਤਸਕਰਾਂ ਬਾਰੇ ਜਾਣਕਾਰੀ ਦੇ ਸਕਦੇ ਹਨ ਅਤੇ ਨਸ਼ਾ ਛਡਾਉਣ ਲਈ ਮਦਦ ਲੈ ਸਕਦੇ ਹਨ।

ਇਸ ਮੌਕੇ ਮੀਟਿੰਗ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਤੋਂ ਇਲਾਵਾ ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੇ ਵਿਸ਼ੇਸ਼ ਮੁੱਖ ਸਕੱਤਰ ਰਾਜੀ ਪੀ ਸ੍ਰੀਵਾਸਤਵਾ, ਵਿਸ਼ੇਸ ਸਕੱਤਰ ਕੇਸ਼ਵ ਹਿੰਗੋਨੀਆ ਅਤੇ ਵਿੰਮੀ ਭੂਲਰ ਵਿਸ਼ੇਸ ਤੌਰ ਤੇ ਹਾਜ਼ਰ ਸਨ।

# ਡੀਜੀਪੀ ਗੌਰਵ ਯਾਦਵ ਨੇ ਫਰੀਦਕੋਟ ਵਿੱਚ ਸਾਈਬਰ ਕ੍ਰਾਈਮ ਪੁਲਿਸ ਸਟੇਸ਼ਨ ਅਤੇ ਮੋਗਾ ਵਿੱਚ ਸਮਾਰਟ ਪੁਲਿਸ ਕੰਟਰੋਲ ਰੂਮ ਦਾ ਕੀਤਾ ਉਦਘਾਟਨ

**ਚੰਡੀਗੜ੍ਹ, 25 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮਜ਼ਬੂਤ ਪੁਲਿਸ ਬੁਨਿਆਦੀ ਢਾਂਚੇ ਨੂੰ ਵਿਕਸਤ ਕਰਨ ਲਈ, ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਸੂਬੇ ਵਿੱਚ ਚੱਲ ਰਹੀ ਨਸ਼ਾ ਵਿਰੋਧੀ 'ਯੁੱਧ ਨਸ਼ਿਆ ਵਿਰੁੱਧ' ਮੁਹਿੰਮ ਦੀ ਸਮੀਖਿਆ ਕਰਨ ਲਈ ਅੱਜ ਫਰੀਦਕੋਟ ਅਤੇ ਮੋਗਾ ਦਾ ਦੌਰਾ ਕੀਤਾ ਅਤੇ ਇਸ ਦੌਰਾਨ ਦੋਵਾਂ ਜ਼ਿਲ੍ਹਿਆਂ ਵਿੱਚ ਕਈ ਵਿਕਾਸ ਪ੍ਰਾਜੈਕਟਾਂ ਦਾ ਉਦਘਾਟਨ ਕੀਤਾ।

ਡੀਜੀਪੀ ਨੇ ਫਰੀਦਕੋਟ ਵਿੱਚ ਤਿੰਨ ਪ੍ਰਾਜੈਕਟਾਂ ਦਾ ਉਦਘਾਟਨ ਕੀਤਾ ਹੈ ਜਿਸ ਵਿੱਚ ਅਤਿ-ਆਧੁਨਿਕ ਸਾਈਬਰ ਕ੍ਰਾਈਮ ਪੁਲਿਸ ਸਟੇਸ਼ਨ, ਹਾਈ-ਟੈਕ ਉਪਕਰਨਾਂ ਨਾਲ ਲੈਸ ਕਾਨਫਰੰਸ ਹਾਲ ਅਤੇ 250 ਵਿਅਕਤੀਆਂ ਦੇ ਬੈਠਣ ਦੀ ਸਮਰੱਥਾ ਵਾਲਾ ਇੱਕ ਬ੍ਰੀਫਿੰਗ ਹਾਲ ਸ਼ਾਮਲ ਹੈ, ਜਦੋਂ ਕਿ ਮੋਗਾ ਜ਼ਿਲ੍ਹੇ ਵਿੱਚ ਭਵਿੱਖਮੁਖੀ ਸਮਾਰਟ ਪੁਲਿਸ ਕੰਟਰੋਲ ਰੂਮ ਦਾ ਉਦਘਾਟਨ ਕੀਤਾ ਗਿਆ ਹੈ। ਇਸ ਮੌਕੇ ਡੀਜੀਪੀ ਦੇ ਨਾਲ ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲਿਸ (ਡੀਆਈਜੀ) ਫਰੀਦਕੋਟ ਰੇਂਜ ਅਸ਼ਵਨੀ ਕਪੂਰ ਵੀ ਮੌਜੂਦ ਸਨ।

ਫਰੀਦਕੋਟ ਵਿੱਚ ਮੀਡੀਆ ਨਾਲ ਗੱਲਬਾਤ ਕਰਦਿਆਂ ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਉੱਨਤ ਡਿਜੀਟਲ ਫੋਰੈਂਸਿਕ ਉਪਕਰਨਾਂ ਨਾਲ ਲੈਸ ਇਸ ਸਾਈਬਰ ਕ੍ਰਾਈਮ ਪੁਲਿਸ ਸਟੇਸ਼ਨ ਨੂੰ ਆਨਲਾਈਨ ਵਿੱਤੀ ਧੋਖਾਧੜੀ, ਪਛਾਣ ਚੋਰੀ (ਆਈਡੈਂਟਿਟੀ ਥੈਪਟ) ਅਤੇ ਸਾਈਬਰ ਧੋਖਾਧੜੀ ਨਾਲ ਨਜਿੱਠਣ ਲਈ ਸਥਾਪਿਤ ਕੀਤਾ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਫਰੀਦਕੋਟ ਪੁਲਿਸ ਵੱਲੋਂ ਪਹਿਲਾਂ ਹੀ 260 ਗੁਆਚੇ ਮੋਬਾਈਲ ਫੋਨ ਮਾਲਕਾਂ ਨੂੰ ਵਾਪਸ ਕੀਤੇ ਗਏ ਹਨ ਅਤੇ ਸਾਈਬਰ ਧੋਖਾਧੜੀ ਪੀੜਤਾਂ ਨੂੰ 90 ਲੱਖ ਰੁਪਏ ਵਾਪਸ ਕਰ ਚੁੱਕੀ ਹੈ।



ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਵੱਡੇ ਪੱਧਰ 'ਤੇ ਸਫਲ ਬਣਾਉਣ ਲਈ ਫਰੀਦਕੋਟ ਪੁਲਿਸ ਦੇ ਅਸਾਧਾਰਨ ਯਤਨਾਂ ਦੀ ਸ਼ਲਾਘਾ ਕਰਦਿਆਂ, ਡੀਜੀਪੀ ਨੇ ਕਿਹਾ ਕਿ ਫਰੀਦਕੋਟ ਪੁਲਿਸ ਨੇ ਜਨਤਾ ਦੇ ਸਹਿਯੋਗ ਨਾਲ ਕੁਸ਼ਲ ਫਾਲੋ-ਅੱਪ ਸਿਸਟਮ ਵਿਕਸਤ ਕੀਤਾ ਹੈ ਅਤੇ 1 ਮਾਰਚ, 2025 ਨੂੰ ਇਸ ਵਿਸ਼ੇਸ਼ ਮੁਹਿੰਮ ਦੀ ਸ਼ੁਰੂਆਤ ਤੋਂ ਬਾਅਦ 300 ਤੋਂ ਵੱਧ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਹੈ। ਫਰੀਦਕੋਟ ਉਹ ਜ਼ਿਲ੍ਹਾ ਹੈ ਜਿੱਥੇ ਪੰਜਾਬ ਸਰਕਾਰ ਦੀ ਸੇਫ ਪੰਜਾਬ ਐਂਟੀ-ਡਰੱਗ ਹੈਲਪਲਾਈਨ '9779100200' ਰਾਹੀਂ ਪ੍ਰਾਪਤ ਸੂਹਾਂ 'ਤੇ ਕਾਰਵਾਈ ਕਰਦਿਆਂ ਸਭ ਤੋਂ ਵੱਧ ਐਫਆਈਆਰਜ਼ ਦਰਜ ਕੀਤੀਆਂ ਗਈਆਂ ਹਨ। ਫਰੀਦਕੋਟ ਪੁਲਿਸ ਵੱਲੋਂ ਆਯੋਜਿਤ 'ਵੱਡਾ ਖਾਣਾ' (ਦੁਪਹਿਰ ਦਾ ਖਾਣਾ) ਦੌਰਾਨ ਡੀਜੀਪੀ ਸ਼ਾਮਲ ਹੋਏ, ਜਿੱਥੇ ਸਾਰੇ ਰੈਂਕਾਂ ਦੇ ਅਧਿਕਾਰੀਆਂ ਨੂੰ ਪੁਲਿਸ ਬਲ ਦੇ ਮੁਖੀ ਨਾਲ ਗੱਲਬਾਤ ਕਰਨ ਅਤੇ ਵਿਚਾਰ ਸਾਂਝੇ ਕਰਨ ਦਾ ਮੌਕਾ ਮਿਲਿਆ, ਜਿਸ ਨਾਲ ਖੇਤਰ ਵਿੱਚ ਪ੍ਰਭਾਵਸ਼ਾਲੀ ਟੀਮ ਵਰਕ ਲਈ ਲੋੜੀਂਦੇ ਸਬੰਧ ਮਜ਼ਬੂਤ ਹੋਏ।

ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ) ਫਰੀਕੋਟ ਡਾ. ਪ੍ਰਗਿਆ ਜੈਨ ਨੇ ਡੀਜੀਪੀ ਨੂੰ ਦੱਸਿਆ ਕਿ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਫਰੀਦਕੋਟ ਪੁਲਿਸ ਨੇ 150 ਐਫਆਈਆਰ ਦਰਜ ਕਰਕੇ 300 ਤੋਂ ਵੱਧ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ 4.7 ਕਿਲੋ ਹੈਰੋਇਨ, 3 ਕਿਲੋ ਅਫੀਮ, 130 ਕਿਲੋ ਭੁੱਕੀ, 3.83 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਉਨ੍ਹਾਂ ਅੱਗੇ ਕਿਹਾ ਕਿ ਐਨਡੀਪੀਐਸ ਦੀ ਧਾਰਾ 68 ਐਫ ਅਧੀਨ 5 ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ ਫਰੀਜ਼ ਕੀਤੀ ਗਈ ਹੈ ਜਿਸ ਨਾਲ ਜ਼ਿਲ੍ਹਾ ਫਰੀਦਕੋਟ ਵਿੱਚ ਡਰੱਗ ਨੈੱਟਵਰਕ ਨੂੰ ਵੱਡਾ ਝਟਕਾ ਲੱਗਿਆ ਹੈ।

ਡੀਜੀਪੀ ਨੇ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਜਨਤਕ ਆਊਟਰੀਚ ਦੌਰਾਨ ਫਰੀਦਕੋਟ ਦੇ ਵਸਨੀਕਾਂ ਨਾਲ ਵੀ ਗੱਲਬਾਤ ਕੀਤੀ ਅਤੇ ਨਸ਼ਿਆਂ ਵਿਰੁੱਧ ਲੜਾਈ ਵਿੱਚ ਉਨ੍ਹਾਂ ਦੇ ਸਹਿਯੋਗ ਦੀ ਮੰਗ ਕੀਤੀ।

ਮੋਗਾ ਵਿੱਚ, ਡੀਜੀਪੀ ਗੌਰਵ ਯਾਦਵ ਨੇ ਸਮਾਰਟ ਪੁਲਿਸ ਕੰਟਰੋਲ ਰੂਮ ਦਾ ਉਦਘਾਟਨ ਕਰਦਿਆਂ ਕਿਹਾ ਕਿ ਇਹ ਸਹੂਲਤ ਅਤਿ-ਆਧੁਨਿਕ ਨਿਗਰਾਨ ਪ੍ਰਣਾਲੀਆਂ ਅਤੇ ਉੱਨਤ ਨਿਗਰਾਨ ਤਕਨਾਲੋਜੀਆਂ ਨਾਲ ਲੈਸ ਹੈ, ਜੋ ਅਪਰਾਧ ਰੋਕਥਾਮ ਵਿੱਚ ਵਾਧਾ ਕਰੇਗੀ, ਸ਼ੱਕੀ ਗਤੀਵਿਧੀਆਂ ਦੀ ਨਿਗਰਾਨੀ ਕਰੇਗੀ ਅਤੇ ਅਪਰਾਧਿਕ ਤੱਤਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲੱਭਣ ਵਿੱਚ ਸਹਾਇਤਾ ਕਰੇਗੀ।

ਉਨ੍ਹਾਂ ਕਿਹਾ ਕਿ ਮੋਗਾ ਪੁਲਿਸ ਵੱਲੋਂ ਮੋਗਾ ਸ਼ਹਿਰ, ਬਾਘਾਪੁਰਾਣਾ ਅਤੇ ਧਰਮਕੋਟ ਵਿੱਚ 140 ਨਿਗਰਾਨੀ ਕੈਮਰੇ – ਜਿਨ੍ਹਾਂ ਵਿੱਚ 107 ਬੁਲੇਟ ਕੈਮਰੇ ਅਤੇ 33 ਆਟੋਮੈਟਿਕ ਨੰਬਰ ਪਲੇਟ ਪਛਾਣ ਕਰਨ ਕੈਮਰੇ ਸ਼ਾਮਲ ਹਨ – ਲਗਾਏ ਗਏ ਹਨ। ਇਹ ਕੈਮਰੇ ਏ.ਆਈ.-ਸਮਰੱਥ ਹਨ, ਜੋ ਅੰਤਰ-ਜ਼ਿਲ੍ਹਾ ਚੌਂਕੀਆਂ ਦੀ ਵੀ ਨਿਗਰਾਨੀ ਕਰਨਗੇ।

ਉਨ੍ਹਾਂ ਨੇ ਨਿਹਾਲ ਸਿੰਘ ਵਾਲਾ, ਬਾਘਾਪੁਰਾਣਾ ਅਤੇ ਧਰਮਕੋਟ ਸਬ-ਡਵੀਜ਼ਨਾਂ ਵਿੱਚ 100 ਹੋਰ ਸੀਸੀਟੀਵੀ ਕੈਮਰੇ ਲਗਾਉਣ ਦਾ ਵੀ ਐਲਾਨ ਕੀਤਾ।

ਡੀਜੀਪੀ ਨੇ ਜ਼ਿਲ੍ਹਾ ਮੋਗਾ ਵਿੱਚ ਐਸਐਚਓ ਅਤੇ ਡੀਐਸਪੀ/ਐਸਪੀ ਵਜੋਂ ਤਾਇਨਾਤ ਪੁਲਿਸ ਅਧਿਕਾਰੀਆਂ ਨਾਲ ਵੀ ਗੱਲਬਾਤ ਕੀਤੀ ਹੈ ਅਤੇ ਲਾਗੂਕਰਨ ਅਤੇ ਰੋਕਥਾਮ ਰਣਨੀਤੀਆਂ ਵਿੱਚ ਸੁਧਾਰ ਲਈ ਉਨ੍ਹਾਂ ਦੇ ਸੁਝਾਅ ਲੈ ਕੇ ਪੰਜਾਬ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੀ ਪ੍ਰਗਤੀ ਦੀ ਸਮੀਖਿਆ ਕੀਤੀ।

ਐਸਐਸਪੀ ਮੋਗਾ ਅਜੈ ਗਾਂਧੀ ਨੇ ਜ਼ਿਲ੍ਹੇ ਵਿੱਚ 100 ਹੋਰ ਸੀਸੀਟੀਵੀ ਕੈਮਰੇ ਲਗਾਉਣ ਦਾ ਐਲਾਨ ਕਰਨ ਲਈ ਡੀਜੀਪੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਕੈਮਰੇ ਨਸ਼ਿਆਂ ਦੇ ਹੌਟਸਪੌਟਾਂ ਅਤੇ ਅੰਤਰ-ਜ਼ਿਲ੍ਹਾ ਸੜਕਾਂ 'ਤੇ ਕੇਂਦ੍ਰਿਤ ਕੀਤੇ ਜਾਣਗੇ ਤਾਂ ਜੋ ਸੜਕੀ ਅਪਰਾਧ ਨੂੰ ਰੋਕਿਆ ਜਾ ਸਕੇ ਅਤੇ ਨਸ਼ਾ ਤਸਕਰਾਂ 'ਤੇ ਤਿੱਖੀ ਨਜ਼ਰ ਰੱਖੀ ਜਾ ਸਕੇ।

# ਰਾਮਦੇਵ ਦੀ 'ਸ਼ਰਬਤ ਜਿਹਾਦ' ਟਿੱਪਣੀ ਨੇ ਕੋਰਟ ਦੀ ਜ਼ਮੀਰ ਨੂੰ ਝੰਜੋੜਿਆ



**ਨਵੀਂ ਦਿੱਲੀ, 25 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਹਾਈ ਕੋਰਟ ਨੇ ਯੋਗ ਗੁਰੂ ਰਾਮਦੇਵ ਵੱਲੋਂ ਹਮਦਰਦ ਦੇ ਰੂਹ ਅਫਜ਼ਾ ਬਾਰੇ ਕਥਿਤ 'ਸ਼ਰਬਤ ਜਿਹਾਦ' ਟਿੱਪਣੀ ਵਾਲੇ ਬਿਆਨ 'ਤੇ ਸਖ਼ਤ ਇਤਰਾਜ਼ ਜਤਾਇਆ ਹੈ। ਜਸਟਿਸ ਅਮਿਤ ਬਾਂਸਲ ਨੇ ਸੁਣਵਾਈ ਦੌਰਾਨ ਕਿਹਾ, "ਇਹ ਅਦਾਲਤ ਦੀ ਅੰਤਰ-ਆਤਮਾ (ਜ਼ਮੀਰ) ਨੂੰ ਝੰਜੋੜਦਾ ਹੈ। ਇਹ ਬਿਆਨ ਕਿਸੇ ਤਰ੍ਹਾਂ ਵੀ ਬਚਾਅ ਦਾ ਹੱਕਦਾਰ ਨਹੀਂ ਹੈ।" ਉਨ੍ਹਾਂ ਰਾਮਦੇਵ ਦੇ ਵਕੀਲ ਨੂੰ ਕਿਹਾ, "ਤੁਸੀਂ ਆਪਣੇ ਮੁਵੱਕਿਲ ਤੋਂ ਨਿਰਦੇਸ਼ ਲਵੋ, ਨਹੀਂ ਤਾਂ ਇਹ ਕੋਰਟ ਸਖ਼ਤ ਹੁਕਮ ਪਾਸ ਕਰੇਗੀ।"

ਇਹ ਟਿੱਪਣੀ ਹਮਦਰਦ ਨੈਸ਼ਨਲ ਫਾਊਂਡੇਸ਼ਨ (ਇੰਡੀਆ) ਵੱਲੋਂ ਰਾਮਦੇਵ ਦੀ ਕੰਪਨੀ ਪਤੰਜਲੀ ਫੂਡਜ਼ ਲਿਮਟਿਡ ਵਿਰੁੱਧ ਦਾਇਰ ਪਟੀਸ਼ਨ ਦੀ ਸੁਣਵਾਈ ਦੌਰਾਨ ਕੀਤੀ ਗਈ। ਹਮਦਰਦ ਵੱਲੋਂ ਅਦਾਲਤ ਨੂੰ ਦੱਸਿਆ ਗਿਆ ਕਿ ਹਾਲ ਹੀ ਵਿੱਚ ਰਾਮਦੇਵ ਨੇ ਪਤੰਜਲੀ ਦੇ ਗੁਲਾਬ ਸ਼ਰਬਤ ਦਾ ਪ੍ਰਚਾਰ ਕਰਦੇ ਹੋਏ ਕਿਹਾ ਸੀ ਕਿ "ਹਮਦਰਦ ਦੇ ਰੂਹ ਅਫਜ਼ਾ ਤੋਂ ਕਮਾਏ ਪੈਸੇ ਨੂੰ ਮਦਰੱਸਿਆਂ ਅਤੇ ਮਸਜਿਦਾਂ ਦੇ ਨਿਰਮਾਣ ਵਿੱਚ ਲਗਾਇਆ ਜਾਂਦਾ ਹੈ।" ਰਾਮਦੇਵ ਨੇ ਹਾਲਾਂਕਿ ਮਗਰੋਂ ਆਪਣੇ ਬਿਆਨ ਦਾ ਬਚਾਅ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਕਿਸੇ ਬ੍ਰਾਂਡ ਜਾਂ ਭਾਈਚਾਰੇ ਦਾ ਨਾਮ ਨਹੀਂ ਲਿਆ ਸੀ। ਹਮਦਰਦ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਦਲੀਲ ਦਿੱਤੀ ਕਿ ਇਹ ਮਾਮਲਾ ਸਿਰਫ਼ ਮੁਕਾਬਲੇਬਾਜ਼ੀ ਦੀ ਆਲੋਚਨਾ ਬਾਰੇ ਨਹੀਂ ਹੈ, ਸਗੋਂ ਫਿਰਕੂ ਪਾੜਾ ਫੈਲਾਉਣ ਬਾਰੇ ਹੈ।

ਉਨ੍ਹਾਂ ਕਿਹਾ, "ਇਹ ਨਫ਼ਰਤ ਭਰਿਆ ਭਾਸ਼ਣ ਹੈ। ਉਹ ਕਹਿੰਦੇ ਹਨ ਕਿ ਇਹ 'ਸ਼ਰਬਤ ਜਿਹਾਦ' ਹੈ। ਉਨ੍ਹਾਂ ਨੂੰ ਆਪਣਾ ਕੰਮ ਕਰਨ ਦਿਓ, ਉਹ ਸਾਨੂੰ ਕਿਉਂ ਨਿਸ਼ਾਨਾ ਬਣਾ ਰਹੇ ਹਨ?" ਰਾਮਦੇਵ ਵੱਲੋਂ ਬਹਿਸ ਕਰਨ ਵਾਲਾ ਵਕੀਲ ਉਪਲਬਧ ਨਾ ਹੋਣ ਕਰਕੇ ਕੋਰਟ ਵੱਲੋਂ ਕੁਝ ਸਮੇਂ ਬਾਅਦ ਮੁੜ ਮਾਮਲੇ ਦੀ ਸੁਣਵਾਈ ਕੀਤੀ ਜਾਵੇਗੀ।

# ਖ਼ਤਰਨਾਕ ਗੈਂਗਸਟਰ ਬੱਚੂ ਡੌਨ ਮਾਰਿਆ ਗਿਆ, ਪੰਜਾਬ ਤੋਂ ਲਿਆਂਦਾ ਜਾ ਰਿਹਾ ਸੀ ਜੰਮੂ ਕਸ਼ਮੀਰ

**ਜੰਮੂ ਕਸ਼ਮੀਰ, 25 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-**

ਜੰਮੂ ਪੁਲਿਸ ਵੱਲੋਂ ਪੰਜਾਬ ਤੋਂ ਲਿਆਂਦਾ ਜਾ ਰਿਹਾ ਲੋੜੀਂਦਾ ਅਪਰਾਧੀ ਮੁਸ਼ਤਾਕ ਅਲੀ ਉਰਫ਼ ਰਾਜ ਅਲੀ ਉਰਫ਼ ਬੱਚੂ ਡੌਨ ਪੁਲਿਸ ਦੀ ਜਵਾਬੀ ਕਾਰਵਾਈ ਵਿੱਚ ਮਾਰਿਆ ਗਿਆ। ਜਾਣਕਾਰੀ ਅਨੁਸਾਰ ਦੋਸ਼ੀ ਨੂੰ ਜੰਮੂ ਲਿਆਂਦਾ ਜਾ ਰਿਹਾ ਸੀ, ਇਸ ਦੌਰਾਨ ਉਸਨੇ ਅਚਾਨਕ ਪੁਲਿਸ 'ਤੇ ਹਮਲਾ ਕਰ ਦਿੱਤਾ।

ਪੁਲਿਸ ਨੇ ਸਵੈ-ਰੱਖਿਆ ਵਿੱਚ ਜਵਾਬੀ ਕਾਰਵਾਈ ਕੀਤੀ, ਜਿਸ ਵਿੱਚ ਦੋਸ਼ੀ ਜ਼ਖਮੀ ਹੋ ਗਿਆ ਅਤੇ ਬਾਅਦ ਵਿੱਚ ਉਸਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਕਿਕਰੀ ਮੋਡ, ਬੜੀ ਬ੍ਰਾਹਮਣਾ ਦੇ ਨਿਵਾਸੀ ਵਜੋਂ ਹੋਈ ਹੈ। ਮੁਲਜ਼ਮ ਕਈ ਗੰਭੀਰ ਅਪਰਾਧਿਕ ਮਾਮਲਿਆਂ ਵਿੱਚ ਲੋੜੀਂਦਾ ਸੀ ਅਤੇ ਉਸਨੂੰ ਪੰਜਾਬ ਤੋਂ ਹਿਰਾਸਤ ਵਿੱਚ ਲਿਆ ਗਿਆ ਸੀ।

ਇਹ ਘਟਨਾ ਬਿਸ਼ਨਾਹ ਪੁਲਿਸ ਸਟੇਸ਼ਨ ਵਿੱਚ ਦਰਜ ਕੀਤੀ ਗਈ ਹੈ। ਇਸ ਤੋਂ ਇਲਾਵਾ, ਜ਼ਿਲ੍ਹਾ ਮੈਜਿਸਟ੍ਰੇਟ (ਡੀਐਮ) ਜੰਮੂ ਨੇ ਨਿਰਪੱਖ ਅਤੇ ਨਿਰਪੱਖ ਜਾਂਚ ਨੂੰ ਯਕੀਨੀ ਬਣਾਉਣ ਲਈ ਮ੍ਰਿਤਕ ਦੇ ਪੋਸਟ ਮਾਰਟਮ ਲਈ ਡਾਕਟਰਾਂ ਦਾ ਇੱਕ ਮੈਡੀਕਲ ਬੋਰਡ ਗਠਿਤ ਕਰਨ ਦੇ ਨਿਰਦੇਸ਼ ਦਿੱਤੇ ਹਨ। ਪੁਲਿਸ ਦਾ ਕਹਿਣਾ ਹੈ ਕਿ ਸਾਰੇ ਤੱਥਾਂ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਗਈ ਹੈ।

ਪੁਲਿਸ ਮੁਕਾਬਲੇ ਵਿੱਚ ਮਾਰੇ ਗਏ ਲੋੜੀਂਦੇ ਅਪਰਾਧੀ ਮੁਸ਼ਤਾਕ ਅਲੀ ਉਰਫ਼ ਰਾਜ ਅਲੀ ਉਰਫ਼ ਬੱਚੂ ਡੌਨ ਦਾ ਪੋਸਟਮਾਰਟਮ ਸਰਕਾਰੀ ਮੈਡੀਕਲ ਕਾਲਜ ਜੰਮੂ ਵਿਖੇ ਕੀਤਾ ਜਾ ਰਿਹਾ ਹੈ। ਪ੍ਰਸ਼ਾਸਨ ਵੱਲੋਂ ਡਾਕਟਰਾਂ ਦਾ ਇੱਕ ਵਿਸ਼ੇਸ਼ ਮੈਡੀਕਲ ਬੋਰਡ ਬਣਾਇਆ ਗਿਆ ਹੈ ਜੋ ਪੋਸਟਮਾਰਟਮ ਪ੍ਰਕਿਰਿਆ ਦੀ ਨਿਗਰਾਨੀ ਕਰ ਰਿਹਾ ਹੈ।

ਕਿਸੇ ਵੀ ਅਣਸੁਖਾਵੀਂ ਸਥਿਤੀ ਨਾਲ ਨਜਿੱਠਣ ਲਈ ਮੁਰਦਾਘਰ ਦੇ ਬਾਹਰ ਵੱਡੀ ਗਿਣਤੀ ਵਿੱਚ ਪੁਲਿਸ ਬਲ ਤਾਇਨਾਤ ਕੀਤੇ ਗਏ ਹਨ।

ਸੁਰੱਖਿਆ ਕਰਮਚਾਰੀ ਮੌਕੇ 'ਤੇ ਮੌਜੂਦ ਹਨ ਅਤੇ ਆਲੇ ਦੁਆਲੇ ਦੇ ਇਲਾਕਿਆਂ ਵਿੱਚ ਨਿਗਰਾਨੀ ਵੀ ਵਧਾ ਦਿੱਤੀ ਗਈ ਹੈ।

# ਬਜ਼ੁਰਗ ਨੇ ਸਰਪੰਚਣੀ ਦੇ ਪਤੀ 'ਤੇ ਮੋਹਰ ਨਾ ਲਾਉਣ ਦਾ ਲਗਾਇਆ ਦੋਸ਼

**ਮਾਛੀਵਾੜਾ ਸਾਹਿਬ, 25 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਸਾਹਿਬ ਦੇ ਨੇੜਲੇ ਪਿੰਡ ਅਕਾਲਗਡ ? ਦੇ ਵਾਸੀ ਬਜ਼ੁਰਗ ਗੁਰਨਾਮ ਸਿੰਘ ਨੇ ਪਿੰਡ ਦੀ ਸਰਪੰਚਣੀ ਮਮਤਾ ਰਾਣੀ ਦੇ ਪਤੀ ਗੁਰਜੋਤ ਸਿੰਘ 'ਤੇ ਦੋਸ਼ ਲਗਾਇਆ ਕਿ ਜਦੋਂ ਉਹ ਆਪਣੇ ਦਸਤਾਵੇਜ਼ਾਂ 'ਤੇ ਮੋਹਰ ਲਗਾਉਣ ਲਈ ਗਿਆ ਤਾਂ ਉਸਦੇ ਪਤੀ ਨੇ ਇਹ ਕਹਿ ਕੇ ਬੇਰੰਗ ਮੋੜ ਦਿੱਤਾ ਕਿ ਤੂੰ ਸਾਨੂੰ ਵੋਟਾਂ ਨਹੀਂ ਪਾਈਆਂ ਇਸ ਕਰਕੇ ਤੇਰੇ ਦਸਤਾਵੇਜ਼ਾਂ 'ਤੇ ਮੋਹਰ ਨਹੀਂ ਲਗਾਉਣੀ।

ਗੁਰਨਾਮ ਸਿੰਘ ਨੇ ਬਲਾਕ ਪੰਚਾਇਤ ਅਧਿਕਾਰੀ ਨੂੰ ਦਿੱਤੀ ਸ਼ਿਕਾਇਤ ਵਿਚ ਕਿਹਾ ਕਿ ਉਸਨੇ ਆਪਣਾ ਘਰ ਦਾ ਪਤਾ ਬਦਲਣ ਵਿਚ ਅਧਾਰ ਕਾਰਡ ਵਿਚ ਸੋਧ ਕਰਵਾਉਣੀ ਸੀ ਜਿਸ ਸਬੰਧੀ ਉਹ ਦਸਤਾਵੇਜ਼ਾਂ 'ਤੇ ਮੋਹਰ ਲਗਾਉਣ ਲਈ ਪਿੰਡ ਦੀ ਮਹਿਲਾ ਸਰਪੰਚ ਦੇ ਘਰ ਗਿਆ।

ਗੁਰਨਾਮ ਸਿੰਘ ਨੇ ਦੋਸ਼ ਲਗਾਇਆ ਕਿ ਜਦੋਂ ਉਹ ਸਰਪੰਚਣੀ ਦੇ ਘਰ ਗਿਆ ਤਾਂ ਉੱਥੇ ਉਸਦੇ ਪਤੀ ਗੁਰਜੋਤ ਸਿੰਘ ਨੇ ਕਿਹਾ ਕਿ ਦਸਤਾਵੇਜ਼ਾਂ 'ਤੇ ਲਗਾਉਣ ਵਾਲੀ ਮੋਹਰ ਸਰਕਾਰੀ ਅਧਿਕਾਰੀ ਕੋਲ ਰਹਿ ਗਈ ਹੈ ਅਤੇ ਨਾਲ ਇਹ ਵੀ ਕਹਿ ਦਿੱਤਾ ਕਿ ਜਿਸ ਨੇ ਸਾਨੂੰ ਵੋਟਾਂ ਨਹੀਂ ਪਾਈਆਂ ਅਸੀਂ ਉਸਦਾ ਕੋਈ ਕੰਮ ਨਹੀਂ ਕਰਨਾ। ਗੁਰਨਾਮ ਸਿੰਘ ਨੇ ਦੋਸ਼ ਲਗਾਇਆ ਕਿ ਸਰਪੰਚਣੀ ਦੇ ਪਤੀ ਗੁਰਜੋਤ ਸਿੰਘ ਨੇ ਕਿਹਾ ਕਿ ਤੈਨੂੰ 2 ਦਿਨ ਬਾਅਦ ਬੁਲਾਵਾਂਗੇ ਪਰ ਇਸ ਨੇ ਮੈਨੂੰ ਨਹੀਂ ਬੁਲਾਇਆ। ਸ਼ਿਕਾਇਤਕਰਤਾ ਨੇ ਕਿਹਾ ਕਿ ਉਸਨੇ ਇਨ੍ਹਾਂ ਦਸਤਾਵੇਜ਼ਾਂ 'ਤੇ ਨੰਬਰਦਾਰ ਦੀ ਮੋਹਰ ਲਗਾਈ ਪਰ ਉਸਦਾ ਕੰਮ ਨਹੀਂ ਬਣਿਆ ਜਿਸ ਕਾਰਨ ਸਰਪੰਚਣੀ ਦੇ ਪਤੀ ਵਲੋਂ ਜਾਣਬੁੱਝ ਕੇ ਅਣਗੌਲਿਆਂ ਕੀਤੇ ਜਾਣ ਕਾਰਨ ਉਹ ਖੱਜਲ ਖੁਆਰ ਹੋ ਰਿਹਾ ਹੈ। ਗੁਰਨਾਮ ਸਿੰਘ ਨੇ ਸ਼ਿਕਾਇਤ ਵਿਚ ਕਿਹਾ ਕਿ ਪਿੰਡ ਅਕਾਲਗੜ੍ਹ ਦੇ ਸਰਪੰਚ ਖਿਲਾਫ਼ ਕਾਰਵਾਈ ਕੀਤੀ ਜਾਵੇ।



**ਅਸੀਂ ਘਰ ਨਹੀਂ ਸੀ ਮੌਜੂਦ ਦੁਬਾਰਾ ਆਉਣ ਨੂੰ ਕਿਹਾ ਸੀ -ਗੁਰਜੋਤ ਸਿੰਘ**

ਜਦੋਂ ਇਸ ਸਬੰਧੀ ਪਿੰਡ ਅਕਾਲਗੜ੍ਹ ਦੀ ਸਰਪੰਚਣੀ ਮਮਤਾ ਰਾਣੀ ਦੇ ਪਤੀ ਗੁਰਜੋਤ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਜਿਸ ਦਿਨ ਗੁਰਨਾਮ ਸਿੰਘ ਉਸਦੇ ਘਰ ਮੋਹਰ ਲਗਾਉਣ ਆਇਆ ਉਸਦੀ ਸਰਪੰਚ ਪਤਨੀ ਘਰ ਵਿਚ ਮੌਜੂਦ ਨਹੀਂ ਸੀ। ਇਸ ਤੋਂ ਇਲਾਵਾ ਸਰਪੰਚ ਵਾਲੀ ਮੋਹਰ ਵੀ ਉਹ ਭੁਲੇਖੇ ਨਾਲ ਕਿਸੇ ਸਰਕਾਰੀ ਅਧਿਕਾਰੀ ਕੋਲ ਰਹਿ ਗਈ ਜਿਸ ਕਾਰਨ ਉਸਨੇ ਗੁਰਨਾਮ ਸਿੰਘ ਨੂੰ ਦੁਬਾਰਾ ਆਉਣ ਲਈ ਕਿਹਾ ਸੀ। ਸਰਪੰਚਣੀ ਦੇ ਪਤੀ ਨੇ ਕਿਹਾ ਕਿ ਜੋ ਗੁਰਨਾਮ ਸਿੰਘ ਨੇ ਜੋ ਦੋਸ਼ ਲਗਾਏ ਹਨ ਕਿ ਜਿਸਨੇ ਸਾਨੂੰ ਵੋਟਾਂ ਨਹੀਂ ਪਾਈਆਂ ਉਸਦਾ ਕੰਮ ਨਹੀਂ ਕਰਨਾ ਉਹ ਬਿਲਕੁਲ ਝੂਠੇ ਅਤੇ ਬੇਬਨਿਆਦ ਹਨ।

# ਪੰਜਾਬ ਦੇ ਸਰਪੰਚਾਂ ਨੂੰ ਮਿਲੇਗਾ ਦੋ ਹਜ਼ਾਰ ਰੁਪਏ ਮਾਣ ਭੱਤਾ: ਮੁੱਖ ਮੰਤਰੀ



**ਚੰਡੀਗੜ੍ਹ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਪੰਚਾਇਤੀ ਰਾਜ ਦਿਵਸ ਮੌਕੇ ਪੰਜਾਬ ਦੇ ਸਰਪੰਚਾਂ ਦੇ ਮਾਣ ਭੱਤੇ 'ਚ ਵਾਧਾ ਕਰ ਕੇ ਨਵਾਂ ਤੋਹਫ਼ਾ ਦਿੱਤਾ ਹੈ। ਮੁੱਖ ਮੰਤਰੀ ਮਾਨ ਨੇ ਅੱਜ 'ਪੰਚਾਇਤੀ ਰਾਜ ਦਿਵਸ' ਮੌਕੇ ਸਥਾਨਕ ਟੈਗੋਰ ਥੀਏਟਰ ਵਿੱਚ ਅਗਾਂਹਵਧੂ ਪੰਚਾਇਤਾਂ ਦੇ ਸਨਮਾਨ ਮੌਕੇ ਐਲਾਨ ਕੀਤਾ ਕਿ ਪੰਜਾਬ 'ਚ ਨਵੇਂ ਬਣੇ ਸਰਪੰਚਾਂ ਨੂੰ ਪ੍ਰਤੀ ਮਹੀਨਾ ਦੋ ਹਜ਼ਾਰ ਰੁਪਏ ਮਾਣ ਭੱਤਾ ਦਿੱਤਾ ਜਾਵੇਗਾ।

ਚੇਤੇ ਰਹੇ ਕਿ ਇਸ ਤੋਂ ਪਹਿਲਾਂ ਸਰਪੰਚਾਂ ਨੂੰ 1200 ਰੁਪਏ ਪ੍ਰਤੀ ਮਹੀਨਾ ਮਾਣ ਭੱਤਾ ਮਿਲਦਾ ਸੀ ਜੋ ਕੁੱਝ ਵਰ੍ਹੇ ਪਹਿਲਾਂ ਤੋਂ ਬੰਦ ਪਿਆ ਸੀ। ਮੁੱਖ ਮੰਤਰੀ ਨੇ ਕਿਹਾ ਕਿ ਪੰਚਾਇਤਾਂ ਨੂੰ ਹੋਰ ਅਖ਼ਤਿਆਰ ਦੇਣ ਬਾਰੇ ਵੀ ਜਲਦ ਫ਼ੈਸਲਾ ਕੀਤਾ ਜਾਵੇਗਾ।

ਮੁੱਖ ਮੰਤਰੀ ਨੇ ਅੱਜ ਸੂਬੇ 'ਚੋਂ ਪਹਿਲੇ ਸਥਾਨ 'ਤੇ ਰਹਿਣ ਵਾਲੀ ਪਿੰਡ ਬੱਲ੍ਹੋ ਦੀ ਪੰਚਾਇਤ ਤੋਂ ਇਲਾਵਾ ਪੰਚਾਇਤ ਐਡਵਾਂਸ ਇੰਡੈਕਸ ਅਧੀਨ ਸਥਾਈ ਵਿਕਾਸ ਟੀਚਿਆਂ ਦੇ 9 ਵਿਸ਼ਿਆਂ ਵਿੱਚੋਂ ਅੱਵਲ ਆਉਣ ਵਾਲੀਆਂ ਪੰਚਾਇਤਾਂ ਨੂੰ ਵੀ ਸਨਮਾਨਿਤ ਕੀਤਾ। ਮੁੱਖ ਮੰਤਰੀ ਨੇ ਪਹਿਲੇ ਨੰਬਰ 'ਤੇ ਆਉਣ ਵਾਲੀ ਪੰਚਾਇਤ ਦੇ ਵਿਕਾਸ ਕੰਮਾਂ ਨੂੰ ਦੇਖਣ ਲਈ ਪਿੰਡ ਬੱਲ੍ਹੋ ਵਿਖੇ 6 ਮਈ ਨੂੰ ਦੌਰਾ ਕਰਨ ਦਾ ਐਲਾਨ ਵੀ ਕੀਤਾ।

# ਜੰਮੂ ਕਸ਼ਮੀਰ ਦਹਿਸ਼ਤੀ ਹਮਲਾ 'ਇੰਟੈਲੀਜੈਂਸ ਦੀ ਨਾਕਾਮੀ' : ਠਾਕਰੇ

**ਮੁੰਬਈ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵ ਸੈਨਾ (ਊਧਵ ਬਾਲਾਸਾਹਿਬ ਠਾਕਰੇ) ਨੇ ਵੀਰਵਾਰ ਨੂੰ ਦਾਅਵਾ ਕੀਤਾ ਕਿ ਜੰਮੂ ਕਸ਼ਮੀਰ ਦੇ ਪਹਿਲਗਾਮ ਵਿਚ ਸੈਲਾਨੀਆਂ 'ਤੇ ਹਮਲਾ 'ਇੰਟੈਲੀਜੈਂਸ ਦੀ ਨਾਕਾਮੀ' ਦਾ ਨਤੀਜਾ ਸੀ। ਪਾਰਟੀ ਨੇ ਕਿਹਾ ਕਿ ਮਹਿਜ਼ ਪਾਕਿਸਤਾਨ ਨੂੰ ਧਮਕਾਉਣ ਨਾਲ ਕੇਂਦਰ ਸ਼ਾਸਿਤ ਪ੍ਰਦੇਸ਼ ਨੂੰ ਦਰਪੇਸ਼ ਮਸਲੇ ਦਾ ਹੱਲ ਨਹੀਂ ਨਿਕਲਣਾ। ਊਧਵ ਠਾਕਰੇ ਦੀ ਅਗਵਾਈ ਵਾਲੀ ਪਾਰਟੀ ਨੇ ਆਪਣੇ ਪਰਚੇ 'ਸਾਮਨਾ' ਦੀ ਸੰਪਾਦਕੀ ਵਿਚ ਤਿੱਖੇ ਸ਼ਬਦਾਂ ਵਿਚ ਕਿਹਾ ਕਿ ਧਾਰਾ 370, ਜਿਸ ਤਹਿਤ ਜੰਮੂ ਕਸ਼ਮੀਰ ਨੂੰ ਵਿਸ਼ੇਸ਼ ਰਾਜ ਦਾ ਦਰਜਾ ਹਾਸਲ ਸੀ, ਮਨਸੂਖ ਕੀਤੇ ਜਾਣ ਨਾਲ ਕਸ਼ਮੀਰ ਵਾਦੀ ਵਿਚ ਹਿੰਸਾ ਦਾ ਭੋਗ ਨਹੀਂ ਪਿਆ, ਜਿੱਥੇ ਹਿੰਦੂਆਂ ਨੂੰ ਅਜੇ ਵੀ 'ਨਿਸ਼ਾਨਾ' ਬਣਾਇਆ ਜਾ ਰਿਹਾ ਹੈ।

ਸ਼ਿਵ ਸੈਨਾ (ਯੂਬੀਟੀ) ਨੇ ਆਪਣੇ ਸਾਬਕਾ ਭਾਈਵਾਲ 'ਤੇ ਹਮਲਾ ਕਰਦਿਆਂ ਕਿਹਾ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਸਾਲ 2019 ਵਿਚ



ਸੰਵਿਧਾਨ ਦੀ ਵਿਵਾਦਿਤ ਵਿਵਸਥਾ ਨੂੰ ਰੱਦ ਕਰਨ ਮਗਰੋਂ 'ਸਿਆਸੀ ਤਿਉਹਾਰ' ਮਨਾਇਆ ਸੀ।

ਸੰਪਾਦਕੀ ਵਿਚ ਦਾਅਵਾ ਕੀਤਾ ਗਿਆ ਕਿ 5 ਅਗਸਤ 2019 ਮਗਰੋਂ ਹੁਣ ਤੱਕ ਜੰਮੂ ਕਸ਼ਮੀਰ ਵਿਚ 197 ਸੁਰੱਖਿਆ ਬਲ, 135 ਆਮ ਨਾਗਰਿਕ ਤੇ 700 ਦਹਿਸ਼ਤਗਰਦ ਮਾਰੇ ਜਾ ਚੁੱਕੇ ਹਨ। ਮਰਾਠੀ ਰੋਜ਼ਨਾਮਚੇ ਨੇ ਪੁੱਛਿਆ ਕਿ ਖੁਦ ਨੂੰ 'ਜੇਮਸ ਬਾਂਡ' ਦੱਸਣ ਵਾਲੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਕਿੱਥੇ ਸਨ? ਸੰਪਾਦਕੀ ਵਿਚ ਕਿਹਾ ਗਿਆ, "2019 ਪੁਲਵਾਮਾ ਹਮਲੇ ਮਗਰੋਂ ਪਹਿਲਗਾਮ ਹਮਲਾ ਇੰਟੈਲੀਜੈਂਸ ਦੀ ਨਾਕਾਮੀ ਸੀ।

# ਪਹਿਲਗਾਮ ਦੇ ਅੱਤਵਾਦੀਆਂ ਤੇ ਸਾਜ਼ਿਸ਼ੀਆਂ ਨੂੰ ਉਨ੍ਹਾਂ ਦੀ ਸੋਚ ਤੋਂ ਵੱਧ ਸਜ਼ਾ ਦੇਵਾਂਗੇ: ਮੋਦੀ

**ਮਧੂਬਨੀ (ਬਿਹਾਰ), 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਕ ਸਖ਼ਤ ਸੰਦੇਸ਼ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਰਵਾਰ ਨੂੰ ਕਿਹਾ ਕਿ ਭਾਰਤ ਹਰ ਉਸ ਅੱਤਵਾਦੀ ਅਤੇ ਉਨ੍ਹਾਂ ਦੇ ਸਮਰਥਕਾਂ ਦੀ ਪਛਾਣ ਕਰੇਗਾ, ਉਨ੍ਹਾਂ ਨੂੰ ਟਰੈਕ ਕਰੇਗਾ ਅਤੇ ਸਜ਼ਾ ਦੇਵੇਗਾ ਜੋ ਪਹਿਲਗਾਮ ਵਿੱਚ ਹੋਏ ਹਮਲੇ ਲਈ ਜ਼ਿੰਮੇਵਾਰ ਸਨ। ਉਨ੍ਹਾਂ ਕਿਹਾ ਕਿ ਸਜ਼ਾ ਅਜਿਹੀ ਹੋਵੇਗੀ ਜਿਹੜੀ 'ਉਨ੍ਹਾਂ ਦੀ ਕਲਪਨਾ ਤੋਂ ਪਰੇ' ਹੋਵੇਗੀ।

ਮੋਦੀ ਨੇ ਇੱਥੇ ਇੱਕ ਜਨਤਕ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ, ਅੱਜ, ਬਿਹਾਰ ਦੀ ਧਰਤੀ ਤੋਂ, ਮੈਂ ਪੂਰੀ ਦੁਨੀਆ ਨੂੰ ਕਹਿੰਦਾ ਹਾਂ ਕਿ ਭਾਰਤ ਹਰ ਅੱਤਵਾਦੀ ਅਤੇ ਉਨ੍ਹਾਂ ਦੇ ਸਮਰਥਕਾਂ ਦੀ ਪਛਾਣ ਕਰੇਗਾ, ਟਰੈਕ ਕਰੇਗਾ ਅਤੇ ਸਜ਼ਾ ਦੇਵੇਗਾ। ਅਸੀਂ ਉਨ੍ਹਾਂ ਦਾ ਪਿੱਛਾ ਧਰਤੀ ਦੇ ਆਖ਼ਰੀ ਕੋਨੇ ਤੱਕ ਕਰਾਂਗੇ।

ਪ੍ਰਧਾਨ ਮੰਤਰੀ ਨੇ ਮੰਗਲਵਾਰ ਨੂੰ ਜੰਮੂ-ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਵਿਚ



ਪਹਿਲਗਾਮ ਦੇ ਬੈਸਰਨ ਮੈਦਾਨ ਵਿੱਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਆਪਣੀ ਪਹਿਲੀ ਜਨਤਕ ਟਿੱਪਣੀ ਵਿੱਚ ਕਿਹਾ, ਦਹਿਸ਼ਤਗਰਦੀ ਨਾਲ ਭਾਰਤ ਦੇ ਹੌਸਲੇ ਕਦੇ ਵੀ ਨਹੀਂ ਤੋੜੇ ਜਾ ਸਕਦੇ। ਅੱਤਵਾਦ ਨੂੰ ਸਜ਼ਾ ਮਿਲੇ ਕੇ ਰਹੇਗ। ਗ਼ੌਰਤਲਬ ਹੈ ਕਿ ਇਸ ਮਹਲੇ ਵਿੱਚ ਘੱਟੋ-ਘੱਟ 26 ਵਿਅਕਤੀ ਮਾਰੇ ਗਏ ਸਨ।

ਪ੍ਰਧਾਨ ਮੰਤਰੀ ਨੇ ਅੰਗਰੇਜ਼ੀ ਵਿੱਚ ਆਪਣੇ ਸੰਖੇਪ ਭਾਸ਼ਣ ਵਿੱਚ ਕਿਹਾ, ਇਨਸਾਨੀਅਤ ਵਿੱਚ ਭਰੋਸਾ ਰੱਖਣ ਵਾਲਾ ਹਰ ਕੋਈ ਸਾਡੇ ਨਾਲ ਹੈ। ਮੈਂ ਵੱਖ-ਵੱਖ ਦੇਸ਼ਾਂ ਦੇ ਲੋਕਾਂ ਅਤੇ ਉਨ੍ਹਾਂ ਨੇਤਾਵਾਂ ਦਾ ਧੰਨਵਾਦ ਕਰਦਾ ਹਾਂ ਜੋ ਇਸ ਸਮੇਂ ਸਾਡੇ ਨਾਲ ਖੜ੍ਹੇ ਹਨ।

ਇਸ ਤੋਂ ਪਹਿਲਾਂ, ਪ੍ਰਧਾਨ ਮੰਤਰੀ ਮੋਦੀ ਅਤੇ ਇੱਥੇ ਕੌਮੀ ਪੰਚਾਇਤੀ ਰਾਜ ਦਿਵਸ ਪ੍ਰੋਗਰਾਮ ਲਈ ਇਕੱਠੇ ਹੋਏ ਵੱਡੀ ਗਿਣਤੀ ਲੋਕਾਂ ਨੇ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੇ ਪੀੜਤਾਂ ਨੂੰ ਸ਼ਰਧਾਂਜਲੀ ਦੇਣ ਲਈ ਕੁਝ ਪਲਾਂ ਲਈ ਮੌਨ ਰੱਖਿਆ। ਆਪਣਾ ਭਾਸ਼ਣ ਸ਼ੁਰੂ ਕਰਨ ਤੋਂ ਪਹਿਲਾਂ, ਮੋਦੀ ਨੇ ਇਕੱਠ ਨੂੰ ਪਹਿਲਗਾਮ ਵਿੱਚ ਆਪਣੀਆਂ ਜਾਨਾਂ ਗੁਆਉਣ ਵਾਲੇ ਸਾਡੇ ਪਰਿਵਾਰਕ ਮੈਂਬਰਾਂ ਦੇ ਸਤਿਕਾਰ ਵਜੋਂ ਮੌਨ ਰੱਖਣ ਦੀ ਅਪੀਲ ਕੀਤੀ।

# ਪਹਿਲਗਾਮ ਹਮਲਾ; ਦਿੱਲੀ ਵਿਚ ਪਾਕਿਸਤਾਨ ਹਾਈ ਕਮਿਸ਼ਨ ਨੇੜੇ ਵਿਰੋਧ ਪ੍ਰਦਰਸ਼ਨ




**ਨਵੀਂ ਦਿੱਲੀ, 25 ਅਪ੍ਰੈਲ**
**-ਸ਼ਿਵ ਨਰਾਇਣ ਜਾਂਗੜਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਹਿਲਗਾਮ ਅਤਿਵਾਦੀ ਹਮਲੇ ਦੇ ਵਿਰੋਧ ਵਿਚ 500 ਤੋਂ ਵੱਧ ਲੋਕਾਂ ਨੇ ਪਾਕਿਸਤਾਨ ਹਾਈ ਕਮਿਸ਼ਨ ਨੇੜੇ ਪ੍ਰਦਰਸ਼ਨ ਕੀਤਾ।

ਤਖ਼ਤੀਆਂ ਫੜ ਕੇ ਅਤੇ ਪਾਕਿਸਤਾਨ ਵਿਰੁੱਧ ਨਾਅਰੇਬਾਜ਼ੀ ਕਰਦੇ ਹੋਏ ਪ੍ਰਦਰਸ਼ਨਕਾਰੀਆਂ ਨੇ ਗੁਆਂਢੀ ਦੇਸ਼ ਵਿਰੁੱਧ ਫੈਸਲਾਕੁੰਨ ਕਾਰਵਾਈ ਦੀ ਮੰਗ ਕੀਤੀ ਅਤੇ ਉਸ 'ਤੇ ਭਾਰਤ ਵਿਚ ਅਤਿਵਾਦੀ ਗਤੀਵਿਧੀਆਂ ਦਾ ਸਮਰਥਨ ਕਰਨ ਦਾ ਦੋਸ਼ ਲਗਾਇਆ।

ਭਾਜਪਾ ਨੇ ਅਤਿਵਾਦ ਵਿਰੋਧੀ ਐਕਸ਼ਨ ਫੋਰਮ ਵਰਗੇ ਵੱਖ-ਵੱਖ ਸਮਾਜਿਕ ਸੰਗਠਨਾਂ ਦੇ ਨਾਲ-ਨਾਲ ਪ੍ਰਦਰਸ਼ਨ ਵਿਚ ਵੀ ਹਿੱਸਾ ਲਿਆ। ਇਕ ਅਧਿਕਾਰੀ ਨੇ ਕਿਹਾ ਦਿੱਲੀ ਪੁਲੀਸ ਨੇ ਹਾਈ ਕਮਿਸ਼ਨ ਤੋਂ ਲਗਭਗ 500 ਮੀਟਰ ਦੀ ਦੂਰੀ 'ਤੇ ਬੈਰੀਕੇਡ ਲਗਾਏ ਸਨ ਅਤੇ ਪ੍ਰਦਰਸ਼ਨਕਾਰੀਆਂ ਨੂੰ ਉੱਥੇ ਰੋਕ ਦਿੱਤਾ ਗਿਆ ਸੀ। ਅਤਿਵਾਦ ਵਿਰੋਧੀ ਐਕਸ਼ਨ ਫੋਰਮ ਦੇ ਇਕ ਮੈਂਬਰ ਨੇ ਪੀਟੀਆਈ ਵੀਡੀਓਜ਼ ਨੂੰ ਕਿਹਾ, ਪਹਿਲਾਂ, ਸਰਕਾਰ ਨੇ ਇਕ ਸਰਜੀਕਲ ਸਟ੍ਰਾਈਕ ਕੀਤੀ ਸੀ। ਅਸੀਂ ਅਤਿਵਾਦ ਨੂੰ ਖਤਮ ਕਰਨ ਲਈ ਦੁਬਾਰਾ ਅਜਿਹੀ ਕਾਰਵਾਈ ਦੀ ਮੰਗ ਕਰਦੇ ਹਾਂ। ਇਹ ਮਾਸੂਮ ਸੈਲਾਨੀਆਂ 'ਤੇ ਸ਼ਰਮਨਾਕ ਹਮਲਾ ਸੀ।"

ਪ੍ਰਦਰਸ਼ਨਕਾਰੀਆਂ ਨੇ ਇਹ ਵੀ ਮੰਗ ਕੀਤੀ ਕਿ ਆਉਣ ਵਾਲੀ ਅਮਰਨਾਥ ਯਾਤਰਾ ਲਈ ਜੰਮੂ-ਕਸ਼ਮੀਰ ਜਾਣ ਵਾਲੇ ਸ਼ਰਧਾਲੂਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਤੁਰੰਤ ਕਦਮ ਚੁੱਕੇ ਜਾਣ। ਵਿਰੋਧ ਪ੍ਰਦਰਸ਼ਨ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਹਾਈ ਕਮਿਸ਼ਨ ਵੱਲ ਮਾਰਚ ਕਰਨ ਦੀ ਕੋਸ਼ਿਸ਼ ਵਿੱਚ ਬੈਰੀਕੇਡਾਂ 'ਤੇ ਚੜ੍ਹਨ ਦੀ ਕੋਸ਼ਿਸ਼ ਕੀਤੀ, ਉਨ੍ਹਾਂ ਨੂੰ ਪੁਲਿਸ ਕਰਮਚਾਰੀਆਂ ਨੇ ਰੋਕ ਲਿਆ।

# 'ਹਮਲੇ ਪਿੱਛੋਂ ਦੇਸ਼ 'ਚ ਕਸ਼ਮੀਰੀਆਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹੈ'

## ਵਾਦੀ ਦੇ ਆਗੂਆਂ ਨੇ ਲਾਏ ਦੋਸ਼; ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਖ਼ਾਸਕਰ ਵਿਦਿਆਰਥੀਆਂ ਦੀ ਕੁੱਟਮਾਰ ਕੀਤੇ ਜਾਣ ਤੇ ਉਨ੍ਹਾਂ ਨੂੰ ਘਰ ਖਾਲੀ ਕਰਨ ਲਈ ਆਖੇ ਜਾਣ ਦੇ ਕੀਤੇ ਦਾਅਵੇ; ਦੂਜੇ ਰਾਜਾਂ ਵਿੱਚ ਆਪਣੇ ਹਮਰੁਤਬਾਵਾਂ ਨਾਲ ਸੰਪਰਕ ਵਿੱਚ ਹਾਂ: ਉਮਰ ਅਬਦੁੱਲਾ

**ਸ੍ਰੀਨਗਰ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਕਸ਼ਮੀਰੀ ਵਿਦਿਆਰਥੀਆਂ ਨੂੰ ਨਿਸ਼ਾਨਾ ਬਣਾਉਂਦੇ ਹੋਏ 'ਪ੍ਰੇਸ਼ਾਨ ਕਰਨ, ਡਰਾਉਣ ਅਤੇ ਧਮਕਾਉਣ ਦੀਆਂ ਕਾਲਾਂ' ਆਉਣ ਦੀਆਂ ਕਈ ਘਟਨਾਵਾਂ ਵਾਪਰੀਆਂ ਹਨ। ਇਹ ਦੋਸ਼ ਵਾਦੀ ਦੇ ਕੁਝ ਸਿਆਸੀ ਆਗੂਆਂ ਅਤੇ ਵਾਦੀ ਦੀ ਵਿਦਿਆਰਥੀ ਜਥੇਬੰਦੀ ਨੇ ਲਾਏ ਹਨ।

ਪੀਪਲਜ਼ ਕਾਨਫਰੰਸ ਦੇ ਮੁਖੀ ਅਤੇ ਹੰਦਵਾੜਾ ਦੇ ਵਿਧਾਇਕ ਸਜਾਦ ਲੋਨ ਨੇ X 'ਤੇ ਇਕ ਪੋਸਟ ਵਿਚ ਕਿਹਾ, ਦੇਸ਼ ਭਰ ਵਿੱਚ ਬਹੁਤ ਸਾਰੀਆਂ ਘਟਨਾਵਾਂ ਵਾਪਰੀਆਂ ਹਨ ਜਿੱਥੇ ਕਸ਼ਮੀਰੀ ਵਿਦਿਆਰਥੀਆਂ ਨੂੰ ਪ੍ਰੇਸ਼ਾਨ ਕੀਤਾ ਗਿਆ, ਕੁੱਟਿਆ ਗਿਆ, ਧੱਕੇਸ਼ਾਹੀ ਕੀਤੀ ਗਈ ਅਤੇ ਇੱਥੋਂ ਤੱਕ ਕਿ ਉਨ੍ਹਾਂ ਨੂੰ ਆਪਣੀਆਂ ਰਿਹਾਇਸ਼ੀ ਥਾਵਾਂ ਖਾਲੀ ਕਰਨ ਲਈ ਵੀ ਕਿਹਾ ਗਿਆ।

ਉਨ੍ਹਾਂ ਕੇਂਦਰ ਸਰਕਾਰ ਨੂੰ ਕਸ਼ਮੀਰੀ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੀ ਅਪੀਲ ਕੀਤੀ। ਇਸ ਦੌਰਾਨ, ਜੰਮੂ-ਕਸ਼ਮੀਰ ਵਿਦਿਆਰਥੀ ਐਸੋਸੀਏਸ਼ਨ ਨੇ ਵੀਰਵਾਰ ਨੂੰ ਕਿਹਾ ਕਿ ਉਨ੍ਹਾਂ ਨੂੰ ਦੇਸ਼ ਭਰ ਵਿੱਚ ਕਸ਼ਮੀਰੀ ਵਿਦਿਆਰਥੀਆਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਪ੍ਰੇਸ਼ਾਨ, ਡਰਾਉਣ ਅਤੇ ਧਮਕੀ ਭਰੀਆਂ ਕਾਲਾਂ ਬਾਰੇ ਰਿਪੋਰਟਾਂ ਮਿਲੀਆਂ ਹਨ।

ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨੇ ਕਿਹਾ ਕਿ ਉਨ੍ਹਾਂ ਨੇ ਪਹਿਲਗਾਮ ਅੱਤਵਾਦੀ ਹਮਲੇ ਦੇ ਦੁਖੀ ਪਰਿਵਾਰਾਂ ਨਾਲ ਹਮਦਰਦੀ ਅਤੇ ਇਕਜੁੱਟਤਾ ਪ੍ਰਗਟ ਕਰਨ ਲਈ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਗੱਲ ਕੀਤੀ। ਉਨ੍ਹਾਂ ਕਿਹਾ, ਅਸੀਂ ਇਸ ਸੋਗ ਦੀ ਘੜੀ ਵਿੱਚ ਦੇਸ਼ ਦੇ ਨਾਲ ਖੜ੍ਹੇ ਹਾਂ।


ਉਨ੍ਹਾਂ ਕਿਹਾ, ਮੈਂ ਉਨ੍ਹਾਂ ਨੂੰ ਕੁਝ ਤੱਤਾਂ ਵੱਲੋਂ ਵੱਖ-ਵੱਖ ਰਾਜਾਂ ਵਿੱਚ ਕਸ਼ਮੀਰੀ ਵਿਦਿਆਰਥੀਆਂ ਅਤੇ ਵਪਾਰੀਆਂ ਨੂੰ ਖੁੱਲ੍ਹੇਆਮ ਧਮਕੀਆਂ ਦੇਣ ਦੇ ਮੱਦੇਨਜ਼ਰ ਦਖ਼ਲ ਦੇਣ ਦੀ ਵੀ ਬੇਨਤੀ ਕੀਤੀ। ਮੈਂ ਉਨ੍ਹਾਂ ਨੂੰ ਅਪੀਲ ਕੀਤੀ ਕਿ ਜਿੱਥੇ ਵੀ ਅਜਿਹੀਆਂ ਘਟਨਾਵਾਂ ਦੀ ਰਿਪੋਰਟ ਕੀਤੀ ਜਾ ਰਹੀ ਹੈ, ਉੱਥੇ ਕਸ਼ਮੀਰੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਬਿਨਾਂ ਦੇਰੀ ਦਖਲ ਦੇਣ।

**ਮੁੱਖ ਮੰਤਰੀ ਉਮਰ ਅਬਦੁੱਲਾ ਨੇ ਦਿੱਤੀ ਪ੍ਰਤੀਕਿਰਿਆ**

ਅਜਿਹੀਆਂ ਰਿਪੋਰਟਾਂ 'ਤੇ ਪ੍ਰਤੀਕਿਰਿਆ ਦਿੰਦਿਆਂ ਮੁੱਖ ਮੰਤਰੀ ਉਮਰ ਅਬਦੁੱਲਾ ਨੇ X 'ਤੇ ਲਿਖਿਆ: ਜੰਮੂ-ਕਸ਼ਮੀਰ ਸਰਕਾਰ ਉਨ੍ਹਾਂ ਰਾਜਾਂ ਦੀਆਂ ਸਰਕਾਰਾਂ ਨਾਲ ਰਾਬਤੇ ਵਿੱਚ ਹੈ ਜਿੱਥੋਂ ਅਜਿਹੀਆਂ ਰਿਪੋਰਟਾਂ ਆ ਰਹੀਆਂ ਹਨ। ਮੈਂ ਇਨ੍ਹਾਂ ਰਾਜਾਂ ਦੇ ਆਪਣੇ ਹਮਰੁਤਬਾ ਮੁੱਖ ਮੰਤਰੀਆਂ ਦੇ ਵੀ ਸੰਪਰਕ ਵਿੱਚ ਹਾਂ ਅਤੇ ਉਨ੍ਹਾਂ ਨੂੰ ਵਾਧੂ ਧਿਆਨ ਰੱਖਣ ਦੀ ਬੇਨਤੀ ਕੀਤੀ ਹੈ।

ਇਸ ਤੋਂ ਪਹਿਲਾਂ, ਨੈਸ਼ਨਲ ਕਾਨਫਰੰਸ ਦੇ ਨੇਤਾ ਇਮਰਾਨ ਨਬੀ ਡਾਰ ਨੇ ਕਿਹਾ ਸੀ ਕਿ ਦੇਸ਼ ਭਰ ਵਿੱਚ ਰਹਿ ਰਹੇ ਕਸ਼ਮੀਰੀ ਵਿਦਿਆਰਥੀਆਂ ਦੇ ਕਈ ਵੀਡੀਓ ਸੋਸ਼ਲ ਮੀਡੀਆ 'ਤੇ ਵਿਆਪਕ ਤੌਰ 'ਤੇ ਸ਼ੇਅਰ ਕੀਤੇ ਜਾ ਰਹੇ ਹਨ, ਜਿਸ ਵਿੱਚ ਉਹ ਆਪਣੀ ਸੁਰੱਖਿਆ ਬਾਰੇ ਚਿੰਤਾ ਪ੍ਰਗਟਾ ਰਹੇ ਹਨ। ਉਨ੍ਹਾਂ ਆਪਣੀ ✓ ਪੋਸਟ ਵਿਚ ਕਿਹਾ, ਮੁੱਖ ਮੰਤਰੀ ਉਮਰ ਅਬਦੁੱਲਾ ਨੂੰ ਬੇਨਤੀ ਹੈ ਕਿ ਉਹ ਤੁਰੰਤ ਦਖਲ ਦੇਣ ਅਤੇ ਦੇਸ਼ ਭਰ ਦੇ ਆਪਣੇ ਹਮਰੁਤਬਾਵਾਂ ਨਾਲ ਗੱਲ ਕਰਨ।

# ਨੈਸ਼ਨਲ ਪੰਚਾਇਤੀ ਰਾਜ ਦਿਵਸ ਮੌਕੇ ਕਰਵਾਈਆਂ ਗਈਆਂ ਸਪੈਸ਼ਲ ਗ੍ਰਾਮ ਸਭਾਵਾਂ



**ਪਟਿਆਲਾ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ, ਡਾਇਰੈਕਟਰ ,ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਚਾਇਤੀ ਰਾਜ ਵੱਲੋਂ ਹਰ ਸਾਲ ਦੀ ਤਰ੍ਹਾਂ 24 ਅਪ੍ਰੈਲ ਨੂੰ ਪੰਚਾਇਤੀ ਰਾਜ ਦਿਵਸ ਬੀ.ਡੀ.ਪੀ.ਓ. ਰਾਜਪੁਰਾ ਦੇ ਦਫਤਰ ਵਿਖੇ ਮਨਾਇਆ ਗਿਆ। ਇਸ ਮੌਕੇ ਸਪੈਸ਼ਲ ਗ੍ਰਾਮ ਸਭਾਵਾਂ ਕਰਵਾਈਆਂ ਗਈਆਂ। ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਸਵਿੰਦਰ ਸਿੰਘ ਅਤੇ ਬੀ.ਡੀ.ਪੀ.ਓ. ਪਟਿਆਲਾ-ਕਮ-ਨੋਡਲ ਅਫਸਰ ਸ੍ਰ: ਸੁਖਵਿੰਦਰ ਸਿੰਘ ਟਿਵਾਣਾਂ ਨੇ ਦੱਸਿਆ ਕਿ ਇਹ ਦਿਵਸ ਪੰਜਾਬ ਰਾਜ ਦੇ ਸਮੂਹ ਜ਼ਿਲ੍ਹਿਆਂ , ਬਲਾਕਾਂ, ਗਰਾਮ, ਪੰਚਾਇਤਾਂ ਵਿੱਚ ਸਪੈਸ਼ਲ ਗਰਾਮ ਸਭਾਵਾਂ ਵਿੱਚ ਹਰ ਸਾਲ ਕਰਵਾਇਆ ਜਾਂਦਾ ਹੈ। ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਨੇ ਦੱਸਿਆ ਕਿ ਇਹਨਾਂ ਵੱਖ-ਵੱਖ ਸਮਾਗਮਾਂ ਵਿੱਚ ਗਰਾਮ ਸਭਾਵਾਂ ਵਿੱਚ ਵਧੀਆ ਕਾਰਗੁਜ਼ਾਰੀ ਵਾਲੀਆਂ ਪੰਚਾਇਤਾਂ, ਜਾਗਰੂਕਤਾ ਗਤੀਵਿਧੀਆਂ ਅਤੇ ਭਾਈਚਾਰਕ ਸਮੂਲੀਅਤ ਗਤੀਵਿਧੀਆਂ ਨੂੰ ਸ਼ਾਮਲ ਕੀਤਾ ਗਿਆ।

ਇਸ ਦੌਰਾਨ ਅਧਿਕਾਰੀਆਂ ਨੇ ਪੰਚਾ ਸਰਪੰਚਾ ਦਾ ਸਨਮਾਨ ਕੀਤੀ ਅਤੇ ਨਵੇਂ ਡਿਜੀਟਲ ਪਲੇਟਫਾਰਮਾਂ ਜਿਵੇਂ ਈ-ਗਰਾਮਸਵਰਾਜ ਸਬੰਧੀ ਜਾਣਕਾਰੀ ਦਿੱਤੀ ਵੀ ਦਿੱਤੀ । ਇਸ ਮੌਕੇ ਬੀ ਡੀ.ਪੀ.ਓ. ਰਾਜਪੁਰਾ ਬਨਦੀਪ ਸਿੰਘ, ਸੁਪਰਡੰਟ ਨਵਨੀਤ ਕੁਮਾਰ, ਐਸ.ਈ.ਪੀ.ਓ. ਹਰਮਿੰਦਰ ਸਿੰਘ, ਐਡਵੋਕੇਟ ਆਤਮਜੀਤ ਸਿੰਘ ਤੋਂ ਇਲਾਵਾ ਵੱਖ-ਵੱਖ ਬਲਾਕਾਂ ਦੇ ਪੰਚਾਇਤ ਸਕੱਤਰ/, ਸਰਪੰਚ/ਪੰਚ ਅਤੇ ਵਿਭਾਗਾਂ ਦੇ ਅਧਿਕਾਰੀ ਅਤੇ ਨੁਮਾਇੰਦੇ ਹਾਜਰ ਸਨ।

# ਸਰਹੱਦ ਉਤੇ ਚੌਕਸੀ ਤੇ ਤਸਕਰੀ ਰੋਕਣ ਲਈ ਪੰਜਾਬ 'ਚ ਹੋਵੇਗੀ 5500 ਹੋਮ ਗਾਰਡ ਜਵਾਨਾਂ ਦੀ ਭਰਤੀ

**ਚੰਡੀਗੜ੍ਹ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪਹਿਲਗਾਮ ਵਿੱਚ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਪੰਜਾਬ ਸਰਕਾਰ ਨੇ ਵੀ ਆਪਣੀ ਪੰਜ ਸੌ ਕਿਲੋਮੀਟਰ ਤੋਂ ਵੱਧ ਲੰਬੀ ਸਰਹੱਦ 'ਤੇ ਸੁਰੱਖਿਆ ਦੀ ਦੂਜੀ ਕਤਾਰ ਨੂੰ ਮਜ਼ਬੂਤ ਕਰਨ ਲਈ ਪੰਜਾਬ ਹੋਮ ਗਾਰਡਜ਼ ਦੇ ਸਰਹੱਦੀ ਵਿੰਗ ਵਿੱਚ 5500 ਜਵਾਨਾਂ ਦੀ ਭਰਤੀ ਕਰਨ ਦਾ ਫੈਸਲਾ ਕੀਤਾ ਹੈ। ਇਸ ਸਬੰਧੀ ਫੈਸਲਾ ਅੱਜ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪ੍ਰਧਾਨਗੀ ਹੇਠ ਉਨ੍ਹਾਂ ਦੇ ਸਰਕਾਰੀ ਨਿਵਾਸ 'ਤੇ ਹੋਈ ਮੀਟਿੰਗ ਵਿੱਚ ਲਿਆ ਗਿਆ।

ਮੁੱਖ ਮੰਤਰੀ ਨੇ ਪਹਿਲਗਾਮ (ਜੰਮੂ-ਕਸ਼ਮੀਰ) ਵਿਖੇ ਹਾਲ ਹੀ ਵਿੱਚ ਹੋਏ ਅਤਿਵਾਦੀ ਹਮਲੇ ਦੇ ਮੱਦੇਨਜ਼ਰ ਸੂਬੇ ਪ੍ਰਤੀ ਦੁਸ਼ਮਣ ਤਾਕਤਾਂ ਦੇ ਨਾਪਾਕ ਮਨਸੂਬਿਆਂ ਨੂੰ ਰੋਕਣ ਲਈ ਪ੍ਰਭਾਵਸ਼ਾਲੀ ਦੂਜੀ ਰੱਖਿਆ ਲਾਈਨ ਸਥਾਪਤ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਸੁਰੱਖਿਆ ਘੇਰੇ ਨੂੰ ਵਧਾਉਣ ਲਈ ਪੰਜਾਬ ਪੁਲੀਸ ਦੇ



ਬਾਰਡਰ ਵਿੰਗ ਵਿੱਚ 5500 ਜਵਾਨਾਂ ਨੂੰ ਸੂਬੇ ਦੇ ਸੱਤ ਸਰਹੱਦੀ ਜ਼ਿਲ੍ਹਿਆਂ ਵਿੱਚ ਤਾਇਨਾਤ ਕੀਤਾ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਬੀਐਸਐਫ ਦੇ ਪਿੱਛੇ ਦੂਜੀ ਸੁਰੱਖਿਆ ਲਾਈਨ ਸਥਾਪਤ ਕਰਨ ਦੀ ਇਹ ਤਜਵੀਜ਼ ਕੌਮਾਂਤਰੀ ਸਰਹੱਦ 'ਤੇ ਬੀਐਸਐਫ ਦੇ ਜਾਲ ਤੋਂ ਬਚਣ ਵਾਲੇ ਕਿਸੇ ਵੀ ਅਨਸਰ ਨੂੰ ਫੜਨ ਵਿੱਚ ਮਦਦ ਕਰੇਗਾ। ਉਨ੍ਹਾਂ ਕਿਹਾ ਕਿ ਇਸ ਕੰਮ ਦੀ ਵਿਸ਼ਾਲਤਾ ਨੂੰ ਦੇਖਦੇ ਹੋਏ ਸੂਬਾ ਸਰਕਾਰ ਨੂੰ ਕੇਂਦਰ ਤੋਂ ਸਹਾਇਤਾ ਦੀ ਜ਼ਰੂਰਤ ਪਵੇਗੀ, ਜਿਸ ਲਈ ਉਹ ਜਲਦੀ ਕੇਂਦਰੀ ਗ੍ਰਹਿ ਮੰਤਰੀ ਨਾਲ ਮੁਲਾਕਾਤ ਕਰਨਗੇ।

ਉਨ੍ਹਾਂ ਕਿਹਾ ਕਿ ਸੂਬੇ ਕੋਲ ਮਨੁੱਖੀ ਸ਼ਕਤੀ, ਹੌਸਲਾ ਅਤੇ ਯੋਗਤਾ ਹੈ ਅਤੇ ਵਾਧੂ ਸਰੋਤਾਂ ਲਈ ਭਾਰਤ ਸਰਕਾਰ ਨਾਲ ਸੰਪਰਕ ਕੀਤਾ ਜਾਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਪੁਲੀਸ ਕੋਲ ਕਿਸੇ ਵੀ ਤਰ੍ਹਾਂ ਦੇ ਹਮਲੇ, ਭਾਵੇਂ ਉਹ ਭੇਸ ਵਿੱਚ ਹੋਵੇ, ਨੂੰ ਰੋਕਣ ਦੀ ਇੱਛਾ ਸ਼ਕਤੀ, ਤਜਰਬਾ ਅਤੇ ਪੇਸ਼ੇਵਰ ਯੋਗਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ 5500 ਹੋਮ ਗਾਰਡ ਜਵਾਨਾਂ ਤੋਂ ਇਲਾਵਾ ਸੂਬੇ ਭਰ ਵਿੱਚ 400 ਤੋਂ ਵੱਧ ਹੋਰ ਜਵਾਨਾਂ ਦੀ ਭਰਤੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਨ੍ਹਾਂ ਜਵਾਨਾਂ ਨੂੰ ਸੜਕ ਸੁਰੱਖਿਆ ਫੋਰਸ (SSF), ਸਟੇਟ ਡਿਜ਼ਾਜਸਟਰ ਰਿਲੀਫ ਫੋਰਸ (SDRF) ਅਤੇ ਹੋਰਾਂ ਬਲਾਂ ਵਿੱਚ ਤਾਇਨਾਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਅਤੇ ਨੌਜਵਾਨਾਂ ਨੂੰ ਨੌਕਰੀਆਂ ਮੁਹੱਈਆ ਕਰਨ ਲਈ ਬਹੁਤ ਜ਼ਰੂਰੀ ਹੈ।

# ਪਹਿਲਗਾਮ ਵਿਖੇ ਸੈਲਾਨੀਆ ਤੇ ਹੋਏ ਹਮਲੇ ਤੇ ਦੇਸ਼ ਵਾਸੀਆਂ ਵਿੱਚ ਭਾਰੀ ਰੋਸ਼

**ਮਾਛੀਵਾੜਾ ਸਾਹਿਬ, 25 ਅਪ੍ਰੈਲ**
**-ਸਤੀਸ਼ ਕੁਮਾਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਸਾਹਿਬ ਦੇ ਵੱਖ ਵੱਖ ਆਗੂਆਂ ਵੱਲੋਂ ਪਹਿਲਗਾਮ ਵਿੱਚ ਹੋਏ ਹਮਲੇ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਮਾਛੀਵਾੜਾ ਸਾਹਿਬ 24 ਅਪ੍ਰੈਲ (ਮਾਸਟਰ ਸਤੀਸ਼ ਕੁਮਾਰ)ਪਹਿਲਗਾਮ ਵਿਖੇ ਸੈਲਾਨੀਆਂ ਤੇ ਹੋਏ ਅੱਤਵਾਦੀ ਹਮਲੇ ਨੂੰ ਲੈ ਕੇ ਪੂਰੇ ਦੇਸ਼ ਵਿੱਚ ਆਤੰਕਵਾਦ ਅਤੇ ਆਤੰਕਵਾਦ ਨੂੰ ਪਨਾਹ ਦੇ ਰਹੇ ਗੁਆਂਢੀ ਦੇਸ਼ ਪਾਕਿਸਤਾਨ ਖਿਲਾਫ ਭਾਰੀ ਰੋਸ ਪਾਇਆ ਜਾ ਰਿਹਾ ਹੈ ਅਤੇ ਇਸ ਘਿਨੌਣੀ ਘਟਨਾ ਦੀ ਪੂਰੇ ਦੇਸ਼ ਵਿੱਚ ਨਿੰਦਿਆ ਕੀਤੀ ਜਾ ਰਹੀ ਹੈ। ਜਾਨ ਗਵਾਉਣ ਵਾਲੇ ਸੈਲਾਨੀਆਂ ਨੂੰ ਦੇਸ਼ ਵਿੱਚ ਥਾਂ ਥਾਂ ਤੇ ਸ਼ਰਧਾਂਜਲੀ ਦਿੱਤੀ ਜਾ ਰਹੀ ਹੈ। ਦੇਸ਼ ਅੰਦਰ ਥਾਂ ਥਾਂ ਤੇ ਆਤੰਕਵਾਦ ਦੇ ਪੁਤਲੇ ਫੂਕੇ ਜਾ ਰਹੇ ਹਨ ਇਸੇ ਤਹਿਤ ਅੱਜ ਮਾਛੀਵਾੜਾ ਸਾਹਿਬ ਵਿਖੇ ਵੱਖ-ਵੱਖ ਪਾਰਟੀਆਂ ਦੇ ਆਗੂਆਂ ਨੇ ਇਸ ਦਹਿਸ਼ਤਵਾਦ ਦੇ ਇਨਸਾਨੀਅਤ ਨੂੰ ਸ਼ਰਮਸ਼ਾਰ ਕਰ ਦੇਣ ਵਾਲੀ ਘਟਨਾ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਆਤੰਕਵਾਦ ਦੇ ਮੁਕੰਮਲ ਖਾਤਮੇ ਲਈ ਸਖਤ ਤੋਂ ਸਖਤ ਕਦਮ ਉਠਾਉਣ ਲਈ ਭਾਰਤ ਸਰਕਾਰ ਨੂੰ ਅਪੀਲ ਕੀਤੀ।ਪਾਰਟੀਬਾਜੀ ਤੋਂ ਉੱਪਰ ਉੱਠ ਕੇ ਗੱਲ ਕਰਦਿਆਂ ਨਗਰ ਕੌਂਸਲ ਪ੍ਰਧਾਨ ਮੋਹਿਤ ਕੁੰਦਰਾ, ਸਾਬਕਾ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਹਰਜਿੰਦਰ ਸਿੰਘ ਖੇੜਾ ,ਸਾਬਕਾ



ਚੇਅਰਮੈਨ ਸ਼ਕਤੀ ਅਨੰਦ, ਕਾਂਗਰਸ ਪਾਰਟੀ ਦੇ ਜਿਲ੍ਹਾ ਉੱਪ ਪ੍ਰਧਾਨ ਕਸਤੂਰੀ ਲਾਲ ਮਿੰਟੂ , ਨੇ ਕਿਹਾ ਕਿ ਆਤੰਕਵਾਦੀਆਂ ਵੱਲੋਂ ਸੈਲਾਨੀਆਂ ਤੇ ਸ਼ਰੇਆਮ ਗੋਲੀਆਂ ਚਲਾ ਕੇ ਉਹਨਾਂ ਨੂੰ ਮੌਤ ਦੇ ਘਾਟ ਉਤਾਰਨਾ ਬੇਹੱਦ ਦੁਖਦਾਈ ਅਤੇ ਦਿਲ ਕੰਬਾਊ ਘਟਨਾ ਹੈ। ਇਸ ਘਟਨਾ ਨੇ ਪੂਰੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਇਸ ਘਟਨਾ ਨੂੰ ਲੈ ਕੇ ਹਰ ਇੱਕ ਦੇਸ਼ਵਾਸੀ ਦੀ ਅੱਖ ਵਿੱਚ ਹੰਜੂ ਦਿਖਾਈ ਦਿੱਤੇ। ਮਾਨਵਤਾ ਨੂੰ ਸ਼ਰਮਸ਼ਾਰ ਕਰਨ ਦੇਣ ਵਾਲੀ ਇਹ ਪਹਿਲੀ ਘਟਨਾ ਹੈ ਜਿਸ ਵਿੱਚ ਸੈਲਾਨੀਆਂ ਨੂੰ ਧਰਮ ਦੇ ਅਧਾਰ ਭੇਦਭਾਵ ਕਰਦਿਆਂ ਸ਼ਰੇਆਮ ਗੋਲੀਆਂ ਚਲਾਈਆਂ ਗਈਆਂ। ਉਹਨਾਂ ਨੇ ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨੂੰ ਅਪੀਲ ਕੀਤੀ ਕਿ ਇਹੋ ਜਿਹੇ ਅਤੰਕਵਾਦੀ ਸੰਗਠਨਾਂ ਨੂੰ ਜਲਦ ਤੋਂ ਜਲਦ ਖਤਮ ਕੀਤਾ ਜਾ ਸਕੇ ਤਾਂ ਕਿ ਭਵਿੱਖ ਵਿੱਚ ਇਹੋ ਜਿਹੀ ਘਟਨਾ ਦੁਬਾਰਾ ਨਾ ਹੋ ਸਕੇ।

# ਲਾਲ ਚੰਦ ਕਟਾਰੂਚੱਕ ਵੱਲੋਂ ਮਾਲੇਰਕੋਟਲਾ ਅਨਾਜ ਮੰਡੀ ਵਿਖੇ ਕਣਕ ਦੇ ਖਰੀਦ ਪ੍ਰਬੰਧਾਂ ਦਾ ਲਿਆ ਜਾਇਜ਼ਾ

## ਸੂਬੇ ਭਰ ਦੀਆਂ 1865 ਮੰਡੀਆਂ ਵਿੱਚ 60 ਲੱਖ ਮੀਟਰਕ ਟਨ ਤੋਂ ਵਧੇਰੇ ਕਣਕ ਦੀ ਆਮਦ, 54 ਲੱਖ ਮੀਟਰਕ ਟਨ ਕਣਕ ਦੀ ਹੋਈ ਖਰੀਦ , ਕਿਸਾਨਾਂ ਦੇ ਖਾਤੇ ਵਿੱਚ ਜਮ੍ਹਾਂ ਹੋਏ 7986.15 ਕਰੋੜ ਰੁਪਏ

**ਮਲੇਰਕੋਟਲਾ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਨੂੰ ਅਨਾਜ ਮੰਡੀ ਮਾਲੇਰਕੋਟਲਾ ਵਿਖੇ ਕਣਕ ਦੀ ਚੱਲ ਰਹੀ ਖਰੀਦ ਦਾ ਜਾਇਜ਼ਾ ਲੈਂਦਿਆ ਕਿਹਾ ਕਿ ਸੂਬੇ ਦੀਆਂ 1865 ਮੰਡੀਆਂ ਵਿੱਚ ਹੁਣ 60 ਲੱਖ ਮੀਟਰਿਕ ਟਨ ਕਣਕ ਦੀ ਆਮਦ ਹੋਈ ਹੈ ਜਿਸ ਵਿੱਚੋਂ 54 ਲੱਖ ਮੀਟਰਿਕ ਟਨ ਕਣਕ ਦੀ ਖਰੀਦ ਕਰ ਲਈ ਗਈ ਹੈ ਅਤੇ ਕਿਸਾਨਾਂ ਦੇ ਖਾਤਿਆਂ ਵਿੱਚ 7986.15 ਕਰੋੜ ਰੁਪਏ ਦੀ ਅਦਾਇਗੀ ਹੋ ਚੁੱਕੀ ਹੈ। ਹੁਣ ਤੱਕ 2 ਲੱਖ 50 ਹਜਾਰ ਕਿਸਾਨ ਮੰਡੀਆਂ ਵਿੱਚ ਆ ਚੁੱਕੇ ਹਨ।

ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਇਸ ਮੌਕੇ ਮੀਡੀਆ ਨਾਲ ਗ਼ੈਰਰਸਮੀ ਗੱਲਬਾਤ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਸੂਬੇ ਦੇ ਕਰੀਬ 8 ਲੱਖ ਕਿਸਾਨਾਂ ਦੀ ਕਣਕ ਦੀ ਜਿਣਸ ਦਾ ਇੱਕ-ਇੱਕ ਦਾਣਾ 2425 ਰੁਪਏ ਦੀ ਐਮ.ਐਸ.ਪੀ. 'ਤੇ ਖ਼ਰੀਦ ਕਰੇਗੀ।ਉਹਨਾਂ ਨੇ ਚੱਲ ਰਹੀ ਖਰੀਦ ਦਾ ਨਿਰੀਖਣ ਕਰਨ ਲਈ ਸੂਬੇ ਦੀਆਂ ਮੰਡੀਆਂ ਦਾ ਦੌਰਾ ਕਰਦਿਆਂ ਪਾਇਆ ਕਿ ਫਸਲ ਦੀ ਖਰੀਦ ਸੁਚਾਰੂ ਢੰਗ ਨਾਲ ਹੋ ਰਹੀ ਹੈ ਕਿਉਂਕਿ ਸੂਬਾ ਸਰਕਾਰ ਨੇ ਵਿਸਤ੍ਰਿਤ ਪ੍ਰਬੰਧ ਯਕੀਨੀ



ਬਣਾਏ ਹਨ।

ਕੈਬਨਿਟ ਮੰਤਰੀ ਨੇ ਪੰਜਾਬ ਦੇ ਕਿਸਾਨਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਬਿਲਕੁਲ ਚੜ੍ਹਦੀਕਲਾ 'ਚ ਆਪਣੀ ਫ਼ਸਲ ਮੰਡੀਆਂ ਵਿੱਚ ਲੈ ਕੇ ਆਉਣ ਅਤੇ ਪੰਜਾਬ ਸਰਕਾਰ ਇੱਕ-ਇੱਕ ਦਾਣਾ ਖ੍ਰੀਦਣ ਲਈ ਵਚਨਬੱਧ ਹੈ। ਉਨ੍ਹਾਂ ਨੇ ਕਿਹਾ ਕਿ ਮੰਡੀਆਂ ਵਿੱਚ ਕਿਸਾਨਾਂ ਸਮੇਤ ਮਜ਼ਦੂਰਾਂ ਨੂੰ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ, ਜਿਸ ਲਈ ਖੁਰਾਕ ਅਤੇ ਸਿਵਲ ਸਪਲਾਈ ਵਿਭਾਗ ਸਮੇਤ ਵੱਖ-ਵੱਖ ਵਿਭਾਗਾਂ ਦੇ ਨਾਲ-ਨਾਲ ਸਮੁੱਚਾ ਪ੍ਰਸ਼ਾਸਨ ਪੂਰੀ ਤਨਦੇਹੀ ਨਾਲ ਡਿਊਟੀ ਨਿਭਾਏਗਾ।

ਕਟਾਰੂਚੱਕ ਨੇ ਕਿਹਾ ਹੈ ਕਿ ਸੂਬੇ ਵਿੱਚ ਇਸ ਸੀਜ਼ਨ ਦੌਰਾਨ ਕਣਕ ਦੀ ਬੰਪਰ ਫਸਲ ਹੋਈ ਹੈ। ਇਸ ਵਾਰ ਪੰਜਾਬ ਕੇਂਦਰੀ ਪੂਲ ਵਿੱਚ 124 ਲੱਖ ਮੀਟਰਕ ਟਨ ਕਣਕ ਦਾ ਯੋਗਦਾਨ ਪਾਵੇਗਾ। ਸੂਬਾ ਇਹ ਟੀਚਾ ਨਿਰਵਿਘਨ ਪ੍ਰਾਪਤ ਕਰਨ ਲਈ ਆਸਵੰਦ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਹਿਲਾਂ ਹੀ ਡਿਪਟੀ ਕਮਿਸ਼ਨਰਾਂ ਨੂੰ ਹਾਲ ਹੀ ਵਿੱਚ ਆਈ ਹਨੇਰੀ, ਸ਼ਾਰਟ ਸਰਕਟ ਅਤੇ ਗੜੇਮਾਰੀ ਕਾਰਨ ਫਸਲਾਂ ਨੂੰ ਹੋਏ ਨੁਕਸਾਨ ਦੀ ਜਾਂਚ ਕਰਨ ਦੇ ਨਿਰਦੇਸ਼ ਦਿੱਤੇ ਹੋਏ ਹਨ। ਕੈਬਨਿਟ ਮੰਤਰੀ ਨੇ ਭਰੋਸਾ ਦਿਵਾਇਆ ਕਿ ਕਿਸਾਨਾਂ ਦੇ ਹਰ ਨੁਕਸਾਨ ਦੀ ਭਰਪਾਈ ਪੰਜਾਬ ਸਰਕਾਰ ਵੱਲੋਂ ਕੀਤੀ ਜਾਵੇਗੀ। ਕਿਸਾਨਾਂ ਨੂੰ ਭੁਗਤਾਨ ਦਾ ਹਵਾਲਾ ਦਿੰਦੇ ਹੋਏ, ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਰਾਜ ਸਰਕਾਰ ਖਰੀਦ ਤੋਂ 24 ਘੰਟਿਆਂ ਦੇ ਅੰਦਰ-ਅੰਦਰ ਭੁਗਤਾਨ ਕਰ ਰਹੀ ਹੈ ਅਤੇ ਫਸਲ ਦੀ ਚੁਕਾਈ ਵਿੱਚ ਕੋਈ ਦੇਰੀ ਨਹੀਂ ਹੋ ਰਹੀ। ਇਸ ਮੌਕੇ ਪਿੰਡ ਬੁਰਜ ਦੇ ਕਿਸਾਨ ਕਰਮਜੀਤ ਸਿੰਘ ਨੇ ਆਪਣੀ ਜੀਣਸ ਦੀ ਅਦਾਇਗੀ ਦਾ ਮੋਬਾਇਲ ਤੇ ਸਕਰੀਨ ਸ਼ਾਟ ਵੀ ਦਿਖਾਇਆ।

ਪੰਜਾਬ ਦੇ ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਮਜ਼ਦੂਰਾ ਨਾਲ ਵਿਸ਼ੇਸ਼ ਤੌਰ ਤੇ ਗੱਲਬਾਤ ਕਰਦੇ ਹੋਏ ਕਿਹਾ ਕਿ ਧਰਤੀ ਉੱਤੇ ਅਸਲ ਦੇਵਤਾ ਮਜ਼ਦੂਰ ਹਨ ਜੋ ਕਿ ਇੰਨੀ ਮਿਹਨਤ ਮੁਸ਼ੱਕਤ ਨਾਲ ਆਪਣਾ ਪਰਿਵਾਰ ਪਾਲਦੇ ਹਨ। ਉਨ੍ਹਾਂ ਮਜ਼ਦੂਰਾਂ ਦਾ ਫਸਲਾਂ ਦੇ ਮੰਡੀਕਰਨ ਵਿੱਚ ਸਹਿਯੋਗ ਲਈ ਧੰਨਵਾਦ ਵੀ ਕੀਤਾ। ਪੰਜਾਬ ਸਰਕਾਰ ਵੱਲੋਂ ਲੋਡਿੰਗ ਵਾਲੇ ਮਜ਼ਦੂਰਾਂ ਲਈ 10 ਹਜ਼ਾਰ ਕਰੋੜ ਰੁਪਏ ਇਜ਼ਾਫਾ ਕੀਤਾ ਗਿਆ ਹੈ। ਮਜ਼ਦੂਰਾਂ ਦੇ ਰੇਟ ਰੀਵਾਈਜ਼ ਕੀਤੇ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਮੇਸ਼ਾ ਇਨ੍ਹਾਂ ਦੇ ਨਾਲ ਖੜੀ ਹੈ ਅਤੇ ਸੂਬਾ ਸਰਕਾਰ ਨੇ ਇਨ੍ਹਾਂ ਦਾ ਮਿਹਨਤਤਾਨਾ ਸਿਰਫ 1 ਸਾਲ ਵਿੱਚ ਹੀ 2 ਵਾਰ ਵਧਾਇਆ ਹੈ, ਉਨ੍ਹਾਂ ਕਿਹਾ ਕਿ ਪਹਿਲਾ 1 ਰੁਪਏ 80 ਤੋਂ ਵਧਾ ਕੇ 2 ਰੁਪਏ 21 ਪੈਸੇ ਕੀਤਾ ਤੇ ਵੱਧਦੀ ਮਹਿੰਗਾਈ ਤੇ ਆੜ੍ਹਤੀਆਂ ਦੀ ਮੰਗ ਨੂੰ ਮੱਦੇਨਜ਼ਰ ਰੱਖਦੇ ਹੋਏ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਨੇ ਦਲੇਰਾਨਾ ਫੈਸਲਾ ਲਿਆ ਤੇ 43 ਪੈਸੇ ਦਾ ਹੋਰ ਵਾਧਾ ਕਰਦੇ ਹੋਏ ਇਨ੍ਹਾਂ ਦਾ ਰੇਟ 2 ਰੁਪਏ 64 ਪੈਸੇ ਕੀਤੇ ਹਨ। ਉਨ੍ਹਾਂ ਦੱਸਿਆ ਕਿ ਇਸ ਵਾਧੇ ਨਾਲ ਲਗਭਗ 10 ਕਰੋੜ ਰੁਪਏ ਦਾ ਲਾਭ ਇਨ੍ਹਾਂ ਮਜ਼ਦੂਰ ਭਾਈਚਾਰੇ ਨੂੰ ਹੋਵੇਗਾ।

ਇਸ ਮੌਕੇ ਵਿਧਾਇਕ ਮਾਲੇਰਕੋਟਲਾ ਡਾ ਜਮੀਲ ਉਰ ਰਹਿਮਾਨ,ਵਿਧਾਇਕ ਅਮਰਗੜ੍ਹ ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ, ਡਿਪਟੀ ਕਮਿਸ਼ਨਰ ਵਿਰਾਜ ਐਸ.ਤਿੜਕੇ, ਐਸ.ਐਸ.ਪੀ. ਗਗਨ ਅਜੀਤ ਸਿੰਘ, ਐਸ.ਪੀ ਸਤਪਾਲ ਸ਼ਰਮਾ, ਐਸ.ਡੀ.ਐਮ. ਹਰਬੰਸ ਸਿੰਘ, ਸਹਾਇਕ ਕਮਿਸ਼ਨਰ ਗੁਰਮੀਤ ਕੁਮਾਰ,ਵਿਧਾਇਕ ਮਾਲੇਰਕੋਟਲਾ ਦੀ ਧਰਮਪਤਨੀ ਫਰਿਆਲ ਰਹਿਮਾਨ, ਚੇਅਰਮੈਨ ਮਾਰਕੀਟ ਕਮੇਟੀ ਮਾਲੇਰਕੋਟਲਾ ਜਾਫ਼ਰ ਅਲੀ, ਚੇਅਰਮੈਨ ਮਾਰਕੀਟ ਕਮੇਟੀ ਸੰਦੋੜ ਕਰਮਜੀਤ ਸਿੰਘ ਕੁਠਾਲਾ, ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈ ਕੰਟਰੋਲਰ ਡੇਜੀ ਖੋਸ਼ਲਾ, ਸਕੱਤਰ ਮਾਰਕੀਟ ਕਮੇਟੀ ਹਰਪ੍ਰੀਤ ਸਿੰਘ, ਯਾਸਰ ਅਰਫਾਤ, ਪ੍ਰਧਾਨ ਆੜ੍ਹਤੀ ਐਸੋਸੀਏਸ਼ਨ ਤਰਸ਼ੇਮ ਸਿੰਘ ਭੂਦਨ, ਡੀ.ਐਸ.ਪੀ. ਕੁਲਬੀਰ ਸਿੰਘ ਵੀ ਮੌਜੂਦ ਸਨ।

# ਪਾਕਿਸਤਾਨੀ ਨਾਗਰਿਕ ਅਟਾਰੀ-ਵਾਹਗਾ ਰਸਤੇ ਰਾਹੀਂ ਪਰਤਣ ਲੱਗੇ

**ਚੰਡੀਗੜ੍ਹ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰ ਵੱਲੋਂ ਦੇਸ਼ ਛੱਡਣ ਲਈ 48 ਘੰਟੇ ਦੀ ਸਮਾਂ ਸੀਮਾਂ ਨਿਰਧਾਰਤ ਕਰਨ ਤੋਂ ਬਾਅਦ, ਭਾਰਤ ਆਉਣ ਵਾਲੇ ਕਈ ਪਾਕਿਸਤਾਨੀ ਨਾਗਰਿਕਾਂ ਨੇ ਵੀਰਵਾਰ ਨੂੰ ਅੰਮ੍ਰਿਤਸਰ ਵਿਚ ਅਟਾਰੀ-ਵਾਹਗਾ ਰਸਤੇ ਰਾਹੀਂ ਵਾਪਸ ਪਰਤਣਾ ਸ਼ੁਰੂ ਕਰ ਦਿੱਤਾ ਹੈ। ਕੇਂਦਰ ਨੇ ਬੁੱਧਵਾਰ ਨੂੰ ਕਈ ਸਖ਼ਤ ਕਦਮ ਚੁੱਕੇ, ਜਿਸ ਵਿਚ 1960 ਦੀ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਨਾ ਅਤੇ ਮੰਗਲਵਾਰ ਨੂੰ ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਭਿਆਨਕ ਅਤਿਵਾਦੀ ਹਮਲੇ ਨਾਲ ਸਰਹੱਦ ਪਾਰ ਸਬੰਧਾਂ ਦੇ ਮੱਦੇਨਜ਼ਰ ਅਟਾਰੀ ਜ਼ਮੀਨੀ-ਆਵਾਜਾਈ ਚੌਕੀ ਨੂੰ ਤੁਰੰਤ ਬੰਦ ਕਰਨਾ ਸ਼ਾਮਲ ਹੈ।

ਵਿਦੇਸ਼ ਸਕੱਤਰ ਵਿਕਰਮ ਮਿਸਰੀ ਦੇ ਅਨੁਸਾਰ ਪਾਕਿਸਤਾਨੀ ਨਾਗਰਿਕਾਂ ਨੂੰ ਸਾਰਕ ਵੀਜ਼ਾ ਛੋਟ ਯੋਜਨਾ ਦੇ ਤਹਿਤ ਭਾਰਤ ਦੀ ਯਾਤਰਾ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ ਅਤੇ ਵੀਜ਼ਾ ਯੋਜਨਾ ਦੇ ਤਹਿਤ ਭਾਰਤ ਵਿੱਚ ਮੌਜੂਦਾ ਕਿਸੇ ਵੀ ਪਾਕਿਸਤਾਨੀ ਨਾਗਰਿਕ ਕੋਲ ਦੇਸ਼ ਛੱਡਣ ਲਈ 48 ਘੰਟੇ ਹਨ। ਇਹ ਫੈਸਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਹੋਈ ਕੈਬਨਿਟ ਕਮੇਟੀ




ਆਨ ਸਕਿਉਰਿਟੀ (ਸੀਸੀਐਸ) ਨੇ ਲਏ, ਜਿਸ ਵਿਚ ਐਲਾਨ ਕੀਤਾ ਗਿਆ ਕਿ ਅਟਾਰੀ ਵਿਖੇ ਏਕੀਕ੍ਰਿਤ ਚੈੱਕ-ਪੋਸਟ (ਆਈਸੀਪੀ) ਤੁਰੰਤ ਪ੍ਰਭਾਵ ਨਾਲ ਬੰਦ ਕਰ ਦਿੱਤੀ ਜਾਵੇਗੀ ਅਤੇ ਜੋ ਲੋਕ ਜਾਇਜ਼ ਦਸਤਾਵੇਜ਼ਾਂ ਨਾਲ ਪਾਕਿਸਤਾਨ ਗਏ ਹਨ, ਉਹ 1 ਮਈ ਤੋਂ ਪਹਿਲਾਂ ਉਸ ਰਸਤੇ ਰਾਹੀਂ ਵਾਪਸ ਆ ਸਕਦੇ ਹਨ।

ਵੀਰਵਾਰ ਸਵੇਰੇ ਕਈ ਪਾਕਿਸਤਾਨੀ ਪਰਿਵਾਰ ਅਟਾਰੀ-ਵਾਹਗਾ ਜ਼ਮੀਨੀ ਰਸਤੇ ਰਾਹੀਂ ਗੁਆਂਢੀ ਦੇਸ਼ ਵਾਪਸ ਜਾਣ ਲਈ ਅੰਮ੍ਰਿਤਸਰ ਦੇ ਆਈਸੀਪੀ ਪਹੁੰਚੇ। ਕਰਾਚੀ ਦੇ ਇਕ ਪਰਿਵਾਰ ਨੇ ਕਿਹਾ ਕਿ ਉਹ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਦਿੱਲੀ ਗਏ ਸਨ। ਉਨ੍ਹਾਂ ਕਿਹਾ, "ਅਸੀਂ 15 ਅਪਰੈਲ ਨੂੰ ਇੱਥੇ (ਭਾਰਤ) ਆਏ ਸੀ ਅਤੇ ਅੱਜ ਅਸੀਂ ਘਰ ਵਾਪਸ ਆ ਰਹੇ ਹਾਂ ਹਾਲਾਂਕਿ ਸਾਡੇ ਕੋਲ 45 ਦਿਨਾਂ ਦਾ ਵੀਜ਼ਾ ਸੀ।"

ਪਹਿਲਗਾਮ ਹਮਲੇ ਬਾਰੇ ਇੱਕ ਸਵਾਲ ਦੇ ਜਵਾਬ ਵਿੱਚ ਪਾਕਿਸਤਾਨੀ ਨਾਗਰਿਕ ਨੇ ਕਿਹਾ, ਜਿਸਨੇ ਵੀ ਇਹ ਕੀਤਾ ਹੈ ਉਹ ਪੂਰੀ ਤਰ੍ਹਾਂ ਗਲਤ ਹੈ। ਅਸੀਂ ਦੋਵਾਂ ਦੇਸ਼ਾਂ ਵਿਚਕਾਰ ਆਪਸੀ ਭਾਈਚਾਰਾ ਅਤੇ ਦੋਸਤੀ ਚਾਹੁੰਦੇ ਹਾਂ। ਮਨਸੂਰ ਨਾਮ ਦੇ ਇੱਕ ਹੋਰ ਪਾਕਿਸਤਾਨੀ ਨਾਗਰਿਕ ਨੇ ਕਿਹਾ ਕਿ ਉਹ ਆਪਣੇ ਪਰਿਵਾਰ ਨਾਲ 15 ਅਪਰੈਲ ਨੂੰ 90 ਦਿਨਾਂ ਦੇ ਵੀਜ਼ੇ 'ਤੇ ਭਾਰਤ ਆਇਆ ਸੀ। ਪਰ ਅਸੀਂ ਅੱਜ ਘਰ ਵਾਪਸ ਆ ਰਹੇ ਹਾਂ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡਕਾਲਾ ਦਾ ਸਮੂਹ ਸਟਾਫ ਤੇ ਵਿਦਿਆਰਥੀ ਵਰਗ ਸਿੱਖਿਆ ਕ੍ਰਾਂਤੀ ਵਾਲੀਆਂ ਲੀਹਾਂ 'ਤੇ ਚੱਲ ਰਿਹਾ ਹੈ : ਜੌੜਾਮਾਜਰਾ

**ਸਮਾਣਾ, 25 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਖਿਆ ਕ੍ਰਾਂਤੀ ਤਹਿਤ ਸਰਕਾਰ ਜੋ ਉਮੀਦ ਸਕੂਲਾਂ ਵਿਚ ਚੰਗੀ ਗੁਣਵੱਤਾ ਤੋਂ ਕਰਦੀ ਹੈ ਉਸੇ ਲੀਹਾਂ 'ਤੇ ਸਕੂਲ ਦੇ ਅਧਿਆਪਕ ਸਾਹਿਬਾਨ ਤੇ ਹੋਣਹਾਰ ਵਿਦਿਆਰਥੀ ਹਰ ਖੇਤਰ ਵਿੱਚ ਪ੍ਰਾਪਤੀਆਂ ਪੱਖੋਂ ਵਚਨਬੱਧਤਾ ਨਿਭਾ ਰਹੇ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਐਮਐਲਏ ਚੇਤਨ ਸਿੰਘ ਜੌੜਾਮਾਜਰਾ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡਕਾਲਾ ਦੀ ਚਾਰ ਦੀਵਾਰੀ ਦੇ ਉਦਘਾਟਨ ਉਪਰੰਤ ਕੀਤਾ। ਪ੍ਰਿੰਸੀਪਲ ਸੀਮਾ ਰਾਣੀ ਸਰਪੰਚ ਸਾਹਿਬਾਨ ਤੇ ਸਟਾਫ ਤੇ ਵਿਦਿਆਰਥੀਆਂ ਨੇ ਵਿਧਾਇਕ ਨੂੰ ਜੀ ਆਇਆਂ ਆਖਿਆ। ਵਿਦਿਆਰਥੀਆਂ ਨੇ ਸਿਹਤ, ਖੇਤੀਬਾੜੀ, ਬਿਜਨਸ ਬਲਾਸਟਰ, ਰੋਬੋਟਿਕ ਲੈਬ ਸਬੰਧਤ ਲਾਈਆਂ ਪ੍ਰਦਰਸ਼ਨੀਆਂ ਨੂੰ ਵੇਖਦੇ ਹੋਏ ਜੌੜਾਮਾਜਰਾ ਨੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਪ੍ਰਦਰਸ਼ਨੀ ਦੀ ਸ਼ਲਾਘਾ ਕੀਤੀ।

ਵਿਧਾਇਕ ਨੇ ਜਿੱਥੇ ਹੋਣ ਹਰ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਅਤੇ ਦੱਸਿਆ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਪਾਰਦਰਸ਼ੀ ਢੰਗ ਨਾਲ ਜਿੱਥੇ ਵਿਕਾਸ ਕਾਰਜ ਕਰਵਾ ਰਹੀ ਹੈ। ਉਨ੍ਹਾਂ ਕਿਹਾ ਕਿ ਸਾਲ 2025-26 ਲਈ 17975 ਕਰੋੜ ਰੁਪਏ ਸਿੱਖਿਆ ਬਜਟ ਵਿੱਚ ਰੱਖੇ ਗਏ ਹਨ ਪਟਿਆਲਾ ਜਿਲ੍ਹੇ ਦੇ ਪ੍ਰਾਇਮਰੀ ਮਿਡਲ ਹਾਈ ਤੇ ਸੀਨੀਅਰ ਸੈਕੈਂਡਰੀ ਸਕੂਲਾਂ ਵਿੱਚ ਵਿਕਾਸ ਕਾਰਜਾਂ ਦੇ ਨੀਹ ਪੱਥਰ ਰੱਖੇ ਜਾ ਰਹੇ ਹਨ ਤਾਂ ਜੋ ਇਹਨਾਂ ਸਕੂਲਾਂ ਵੀ ਕਾਇਆ ਕਲਪ ਕੀਤੀ ਜਾ ਸਕੇ। ਸਰਕਾਰ ਵੱਲੋਂ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਦੀ ਜਿੱਥੇ ਪੂਰਤੀ ਕੀਤੀ ਜਾ ਰਹੀ ਹੈ ਉੱਥੇ ਹੀ ਸਕੂਲੀ ਢਾਂਚੇ ਨੂੰ ਸਮਾਰਟ ਸਕੂਲਾਂ ਦਾ ਰੂਪ ਦਿੱਤਾ ਜਾ ਰਿਹਾ ਹੈ।

ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਸਕੂਲ ਮੁਖੀਆਂ ਅਧਿਆਪਕਾਂ ਦੀ ਗੁਣਵੱਤਾ ਨੂੰ ਦੇਸ਼ਾਂ ਵਿੱਚ ਟ੍ਰੇਨਿੰਗ ਲੈਣ ਲਈ ਭੇਜਿਆ ਜਾ ਰਿਹਾ ਹੈ, ਜਿਸ ਦੇ ਸਕਾਰਾਤਮਕ ਨਤੀਜੇ ਵੀ ਸਾਹਮਣੇ ਆ ਰਹੇ ਹਨ। ਹੋਣਹਾਰ ਤੇ ਪੜ੍ਹਾਈ ਪੱਖੋਂ ਚੰਗੇ ਵਿਦਿਆਰਥੀ ਜੋ ਉੱਚ ਅਧਿਕਾਰੀ ਬਣਨ ਦਾ ਜਜ਼ਬਾ ਰੱਖਦੇ ਹਨ ਉਹਨਾਂ ਲਈ ਸਰਕਾਰ ਵੱਲੋਂ ਆਈਪੀਐਸ ਆਈ ਏ ਐਸ ਅਧਿਕਾਰੀ ਸਕੂਲਾਂ ਵਿੱਚ ਭੇਜ ਕੇ ਵਿਦਿਆਰਥੀ ਵਰਗ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਸਰਕਾਰੀ ਸਕੂਲਾਂ ਵਿੱਚ ਦਾਖਲਾ ਮੁਹਿੰਮ ਨੂੰ ਹੁਲਾਰਾ ਦੇਣ ਲਈ ਮੋਬਾਇਲ ਵੈਨਾਂ ਦੀ ਪ੍ਰਬੰਧ ਵੀ ਕੀਤੇ ਗਏ ਹਨ। ਉਹਨਾਂ ਦੱਸਿਆ ਸਕੂਲ ਦੇ ਵਿਕਾਸ ਕਾਰਜਾਂ ਵਿੱਚ 5 ਲੱਖ ਚਾਰ ਦੀਵਾਰੀ ਲਈ 10 ਲੱਖ ਰਿਪੇਅਰ ਵਾਸਤੇ 9 ਲੱਖ ਕਲਾਸ ਰੂਮ ਲਈ 62 ਲੱਖ ਰੁਪਏ ਲੈਬ ਦੇ ਨਾਲ ਨਾਲ ਤੇ ਹੋਰ ਵਿਕਾਸ ਕਾਰਜਾਂ 'ਤੇ ਖਰਚ ਕੀਤੇ ਗਏ ਹਨ।

ਸਕੂਲ ਮੁਖੀ ਨੇ ਕਿਹਾ ਕੀ ਸਮੁੱਚੇ ਸਟਾਫ ਵੱਲੋਂ ਮਿਹਨਤ ਲਗਣ ਜਿੰਮੇਵਾਰੀ ਨਾਲ ਆਪਣੀ ਡਿਊਟੀ ਨਿਭਾਈ ਜਾ ਰਹੀ ਹੈ ਉਥੇ ਹੀ ਵਿਦਿਆਰਥੀਆਂ ਵੱਲੋਂ ਵੱਖ ਵੱਖ ਖੇਤਰਾਂ ਵਿੱਚ ਪ੍ਰਾਪਤੀਆਂ ਕਰਕੇ ਸਕੂਲ ਦਾ ਨਾਮ ਵੀ ਰੋਸ਼ਨ ਕੀਤਾ ਜਾ ਰਿਹਾ ਹੈ।ਇਸ ਮੌਕੇ ਵਿਦਿਆਰਥੀਆਂ ਨੇ ਸੱਭਿਆਚਾਰ ਗਤੀਵਿਧੀਆਂ ਦੀ ਕਲਾ ਦਾ ਪ੍ਰਦਰਸ਼ਨ ਕੀਤਾ।

# ਅਤੀਤ ਦੇ ਪਰਛਾਵੇਂ- ਯਾਦਾਂ ਦੀ ਗਲੀ 'ਚ ਫੇਰਾ



ਜਦੋਂ 15 ਅਗਸਤ 1947 ਨੂੰ ਦੇਸ਼ ਵੰਡ ਕਾਰਨ ਨਵਾਂ ਮੁਲਕ ਪਾਕਿਸਤਾਨ ਬਣਿਆ ਤਾਂ ਮੇਰੀ ਉਮਰ ਮਹਿਜ਼ ਸੱਤ-ਅੱਠ ਸਾਲ ਸੀ। ਪਾਕਿਸਤਾਨ ਬਣਦਿਆਂ ਹੀ ਰਾਵਲਪਿੰਡੀ ਵੱਲ ਦੇ ਮੁਸਲਮਾਨਾਂ ਨੇ ਹਿੰਦੂਆਂ ਅਤੇ ਸਿੱਖਾਂ 'ਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਅਤੇ ਉਨ੍ਹਾਂ ਵਿੱਚੋਂ ਬਹੁਤ ਸਾਰਿਆਂ ਨੂੰ ਮਾਰ ਮੁਕਾਇਆ। ਰਾਵਲਪਿੰਡੀ ਵੱਲ ਦੰਗੇ ਸ਼ੁਰੂ ਹੋਣ 'ਤੇ ਕਈ ਸਿੱਖ ਪਰਿਵਾਰ ਇਹ ਸੋਚ ਕੇ ਨਨਕਾਣਾ ਸਾਹਿਬ ਵੱਲ ਚਲੇ ਗਏ ਕਿ ਇਹ ਭਾਰਤ ਵਿੱਚ ਹੀ ਰਹੇਗਾ, ਸੋ ਉੱਥੇ ਰਹਿਣਾ ਸੁਰੱਖਿਅਤ ਹੋਵੇਗਾ। ਪਰ ਛੇਤੀ ਹੀ ਨਨਕਾਣਾ ਸਾਹਿਬ ਅਤੇ ਇਸ ਨੇੜਲੀਆਂ ਹੋਰ ਥਾਵਾਂ 'ਤੇ ਵੀ ਤਣਾਅ ਵਧਣ ਲੱਗਿਆ। ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਨਨਕਾਣਾ ਸਾਹਿਬ ਉਸ ਸਮੇਂ ਤਹਿਸੀਲ ਹੈੱਡਕੁਆਰਟਰ ਸੀ ਜੋ ਜ਼ਿਲ੍ਹਾ ਸ਼ੇਖ਼ੂਪੁਰਾ ਵਿੱਚ ਪੈਂਦਾ ਸੀ। ਹੁਣ ਪਾਕਿਸਤਾਨ ਸਰਕਾਰ ਨੇ ਨਨਕਾਣਾ ਸਾਹਿਬ ਨੂੰ ਜ਼ਿਲ੍ਹੇ ਦਾ ਦਰਜਾ ਦੇ ਦਿੱਤਾ ਹੈ। ਸ਼ੇਖ਼ੂਪੁਰੇ 'ਤੇ ਪਹਿਲਾ ਹਮਲਾ ਮੁਸਲਮਾਨਾਂ ਨੇ ਕੀਤਾ। ਉਨ੍ਹਾਂ ਨੇ ਤਕਰੀਬਨ ਸਾਰਾ ਸ਼ਹਿਰ ਸਾੜ ਦਿੱਤਾ ਅਤੇ ਵੱਡੀ ਗਿਣਤੀ ਹਿੰਦੂਆਂ ਤੇ ਸਿੱਖਾਂ ਨੂੰ ਮਾਰ ਮੁਕਾਇਆ। ਸ਼ੇਖ਼ੂਪੁਰੇ ਵਿੱਚ ਵਾਪਰੀਆਂ ਘਟਨਾਵਾਂ ਕਾਰਨ ਨਨਕਾਣਾ ਸਾਹਿਬ ਦੇ ਵਾਸੀ ਵੀ ਖ਼ੌਫ਼ਜ਼ਦਾ ਹੋ ਗਏ ਅਤੇ ਕਈ ਪਰਿਵਾਰਾਂ ਨੇ ਸੁਰੱਖਿਆ ਖ਼ਾਤਰ ਗੁਰਦੁਆਰੇ ਨੂੰ ਆਪਣਾ ਟਿਕਾਣਾ ਬਣਾ ਲਿਆ। ਸਾਡਾ ਘਰ ਜੀਟੀ ਰੋਡ 'ਤੇ ਸੀ ਜੋ ਕਾਫ਼ੀ ਵੱਡਾ ਸੀ। ਸਾਡਾ ਪਰਿਵਾਰ ਨਨਕਾਣਾ ਸਾਹਿਬ ਦੇ ਉੱਘੇ ਪਰਿਵਾਰਾਂ ਵਿੱਚੋਂ ਇੱਕ ਸੀ। ਹੋਰ ਇਲਾਕਿਆਂ ਤੋਂ ਹਿੰਦੂਆਂ ਅਤੇ ਸਿੱਖਾਂ ਦੇ ਇਸ ਸ਼ਹਿਰ ਵਿੱਚ ਆਉਣਾ ਸ਼ੁਰੂ ਹੋਣ ਕਾਰਨ ਇਸ ਨੂੰ ਫ਼ੌਜ ਦੀਆਂ ਬਲੋਚ ਯੂਨਿਟਾਂ ਦੇ ਕੰਟਰੋਲ ਹੇਠ ਲਿਆਂਦਾ ਗਿਆ।

ਉੱਥੋਂ ਦੇ ਵਾਸੀ ਡਰ ਦੇ ਸਾਏ ਹੇਠ ਜੀਅ ਰਹੇ ਸਨ ਅਤੇ ਕਿਸੇ ਵੇਲੇ ਵੀ ਹਮਲਾ ਹੋਣ ਦਾ ਸ਼ੱਕ ਸੀ। ਸੋ ਸਾਡੇ ਪਰਿਵਾਰ ਨੇ ਆਤਮ-ਰੱਖਿਆ ਲਈ ਕਦਮ ਚੁੱਕੇ। ਸਾਡਾ ਘਰ ਮੁੱਖ ਸੜਕ 'ਤੇ ਹੋਣ ਕਾਰਨ ਪਰਿਵਾਰ ਨੇ ਛੱਤ ਉੱਤੇ ਕਾਫ਼ੀ ਸਾਰੇ ਇੱਟਾਂ ਰੋੜੇ ਅਤੇ ਸੋਟੀਆਂ ਇਕੱਠੀਆਂ ਕਰ ਲਈਆਂ। ਪਿੰਡਾਂ ਵਾਲੇ ਸਾਡੇ ਰਿਸ਼ਤੇਦਾਰ ਵੀ ਸਾਡੇ ਘਰ ਪੁੱਜ ਗਏ ਸਨ। ਸਾਡੀ ਦਾਦੀ ਬਹੁਤ ਬਹਾਦਰ ਅਤੇ ਨਿਧੜਕ ਔਰਤ ਸੀ। ਉਹ ਭਾਰੀ ਜਿਹੀ ਡਾਂਗ ਫੜ ਕੇ ਘਰ ਦੇ ਗੇਟ ਦੀ ਚੌਕੀਦਾਰੀ ਕਰਦੀ ਸੀ। ਉਸ ਨੇ ਘਰ ਦੀਆਂ ਸਾਰੀਆਂ ਔਰਤਾਂ ਨੂੰ ਹੁਕਮ ਦਿੱਤਾ ਸੀ ਕਿ ਮੁਸਲਮਾਨਾਂ ਵੱਲੋਂ ਹਮਲੇ ਦੀ ਸੂਰਤ ਵਿੱਚ ਉਹ ਉਨ੍ਹਾਂ ਦੇ ਹੱਥ ਆਉਣ ਦੀ ਥਾਂ ਖ਼ੁਦ ਨੂੰ ਬਚਾਉਣ ਲਈ ਸਾਡੇ ਘਰ ਵਿਚਲੇ ਖੂਹ ਵਿੱਚ ਛਾਲਾਂ ਮਾਰ ਦੇਣ। ਘਰ ਦੇ ਗੇਟ ਅੱਗੇ ਲੋਕਾਂ, ਖ਼ਾਸਕਰ ਮੁਸਲਮਾਨਾਂ ਅਤੇ ਫ਼ੌਜੀਆਂ, ਦੀ ਹਿਲਜੁਲ 'ਤੇ ਨਜ਼ਰ ਰੱਖਣ ਲਈ ਇੱਕ ਵੱਡਾ ਸਾਰਾ ਬਲਬ ਲਾਇਆ ਹੋਇਆ ਸੀ। ਮੇਰੇ ਵਰਗੇ ਛੋਟੇ ਬੱਚਿਆਂ ਨੂੰ ਦੋ ਦੋ ਕੁੜਤੇ ਪਜਾਮੇ ਪਹਿਨਾਏ ਜਾਂਦੇ ਸਨ ਅਤੇ ਪਰਿਵਾਰ ਨਾਲੋਂ ਵਿਛੜਨ ਦੀ ਸੂਰਤ ਵਿੱਚ ਆਪਣਾ ਪੇਟ ਭਰਨ ਲਈ ਹਰ ਇੱਕ ਨੂੰ ਸੌ ਸੌ ਰੁਪਏ ਦਿੱਤੇ ਗਏ ਸਨ।

ਇੱਕ ਰਾਤ ਯੋਜਨਾ ਬਣਾ ਕੇ ਵੱਡੀ ਗਿਣਤੀ ਮੁਸਲਮਾਨ ਨਨਕਾਣਾ ਸਾਹਿਬ ਦੇ ਬਾਹਰਵਾਰ ਇਕੱਠੇ ਹੋ ਗਏ ਤਾਂ ਜੋ ਬਲੋਚ ਫ਼ੌਜੀਆਂ ਵੱਲੋਂ ਇਸ਼ਾਰਾ ਮਿਲਦੇ ਹੀ ਹਮਲਾ ਕਰ ਦੇਣ। ਇਹ ਹਮਲਾ ਹੋ ਨਾ ਸਕਿਆ ਜਿਵੇਂ ਗੁਰੂ ਨਾਨਕ ਦੇਵ ਜੀ ਨੇ ਆਪ ਹੱਥ ਦੇ ਕੇ ਨਨਕਾਣੇ ਦੇ ਬਾਸ਼ਿੰਦਿਆਂ ਨੂੰ ਬਚਾਇਆ ਹੋਵੇ। ਉਸ ਰਾਤ ਪਏ ਭਾਰੀ ਮੀਂਹ ਨੇ ਹਿੰਦੂਆਂ ਤੇ ਸਿੱਖਾਂ ਨੂੰ ਬਚਾ ਲਿਆ।

ਮੀਂਹ ਸ਼ੁਰੂ ਹੋਣ 'ਤੇ ਬਲੋਚ ਫ਼ੌਜੀ ਟਰੱਕ ਬਿਲਕੁਲ ਸਾਡੇ ਘਰ ਦੇ ਬਾਹਰ ਰੁਕਿਆ ਅਤੇ ਉਨ੍ਹਾਂ ਕਿਹਾ ਕਿ ਪੂਰੀ ਯੋਜਨਾ ਨਾਕਾਮ ਹੋ ਗਈ। ਕੋਠੇ 'ਤੇ ਬੈਠੇ ਪਰਿਵਾਰ ਦੇ ਬਜ਼ੁਰਗਾਂ ਨੇ ਇਹ ਗੱਲ ਸੁਣ ਲਈ। ਫ਼ੌਜੀ ਜਾਂਦੇ ਹੋਏ ਸਾਡੇ ਗੇਟ ਸਾਹਮਣੇ ਲਾਇਆ ਬਲਬ ਤੋੜ ਗਏ। ਅਗਲੀ ਸਵੇਰ ਨਨਕਾਣਾ ਸਾਹਿਬ ਦੇ ਤਹਿਸੀਲਦਾਰ ਨੇ ਮੇਰੇ ਪਿਤਾ ਨੂੰ ਬੁਲਾ ਕੇ ਕਿਹਾ, "ਬਾਵਾ ਜੀ, ਹੁਣ ਤੁਸੀਂ ਗੁਰਦੁਆਰੇ ਵਿੱਚ ਸ਼ਿਫਟ ਕਰ ਜਾਓ।" ਸੋ ਅਸੀਂ ਰਾਤ ਗੁਰਦੁਆਰਾ ਮਾਲਜੀ ਸਾਹਿਬ ਵਿੱਚ ਕੱਟਦੇ ਅਤੇ ਦਿਨ ਵੇਲੇ ਆਪਣੇ ਘਰ ਆ ਜਾਂਦੇ। ਇਹ ਪ੍ਰਕਿਰਿਆ ਕੁਝ ਦਿਨ ਚੱਲੀ। ਸਾਡਾ ਪਰਿਵਾਰ ਨਨਕਾਣਾ ਸਾਹਿਬ ਵਿੱਚੋਂ ਨਿਕਲਣ ਦਾ ਕੋਈ ਪ੍ਰਬੰਧ ਲੱਭ ਰਿਹਾ ਸੀ। ਇੱਕ ਦਿਨ ਦੋ ਫ਼ੌਜੀ ਟਰੱਕ ਆਏ। ਮੇਰੇ ਪਿਤਾ ਜੀ ਨੇ ਇੱਕ ਟਰੱਕ ਦੇ ਡਰਾਈਵਰ ਨਾਲ ਗੱਲ ਕਰਕੇ ਉਸ ਨੂੰ ਕੁਝ ਰੁਪਏ ਦੇਣ ਦੀ ਗੱਲ ਕਰਕੇ ਸਾਨੂੰ ਸਭ ਨੂੰ ਲਾਹੌਰ ਪਹੁੰਚਾਉਣ ਲਈ ਮਨਾ ਲਿਆ। ਅਸੀਂ ਸਾਰੇ ਪਰਿਵਾਰ ਟਰੱਕ ਵਿੱਚ ਬੈਠ ਗਏ ਅਤੇ ਕੁਝ ਸਾਮਾਨ ਵੀ ਲੱਦ ਲਿਆ। ਸਾਡੇ ਪਰਿਵਾਰ ਕੋਲ ਆਟੇ ਦੀਆਂ ਦੋ ਬੋਰੀਆਂ ਸਨ। ਮੇਰੇ ਮਾਸੜ ਜੀ ਨੇ ਹਾਲੇ ਬੋਰੀਆਂ ਟਰੱਕ ਵਿੱਚ ਰੱਖੀਆਂ ਹੀ ਸਨ ਕਿ ਉਨ੍ਹਾਂ ਦੇ ਹਾਲੇ ਟਰੱਕ ਵਿੱਚ ਨਾ ਚੜ੍ਹਨ ਦੇ ਬਾਵਜੂਦ ਡਰਾਈਵਰ ਨੇ ਟਰੱਕ ਤੋਰ ਲਿਆ। ਰੌਲਾ ਪਾਉਣ ਦੇ ਬਾਵਜੂਦ ਉਸ ਨੇ ਟਰੱਕ ਰੋਕਿਆ ਨਹੀਂ। ਵਿਚਾਰੇ ਮਾਸੜ ਜੀ ਨਨਕਾਣਾ ਸਾਹਿਬ ਵਿੱਚ ਹੀ ਰਹਿ ਗਏ। ਟਰੱਕ ਡਰਾਈਵਰ ਮੁਸਲਮਾਨ ਸੀ ਅਤੇ ਫ਼ੌਜੀ ਗਾਰਡ ਸਿੱਖ ਸੀ। ਨਨਕਾਣਾ ਸਾਹਿਬ ਵਿੱਚ ਸਾਡੀ ਆਟਾ ਚੱਕੀ ਸੀ। ਇੱਕ ਮਹੀਨਾ ਮੇਰੇ ਪਿਤਾ ਜੀ ਰਾਵਲਪਿੰਡੀ ਵੱਲੋਂ ਆਏ ਲੋਕਾਂ ਨੂੰ ਉੱਥੇ ਪਿਆ ਆਟਾ ਵੰਡਦੇ ਰਹੇ ਸਨ। ਲਾਹੌਰ ਜਾਂਦਿਆਂ ਡਰਾਈਵਰ ਨੇ ਟਰੱਕ ਰੋਕ ਲਿਆ ਅਤੇ ਹੋਰ ਪੈਸੇ ਮੰਗੇ ਜੋ ਮੇਰੇ ਪਿਤਾ ਜੀ ਨੇ ਦੇ ਦਿੱਤੇ। ਟਰੱਕ ਡਰਾਈਵਰ ਨੇ ਧਮਕੀ ਦਿੱਤੀ ਕਿ ਉਹ ਸਾਨੂੰ ਲਾਹੌਰ ਤਕ ਨਹੀਂ ਪਹੁੰਚਣ ਦੇਵੇਗਾ।

ਸਾਡੀ ਮਾੜੀ ਕਿਸਮਤ ਕਿ ਰਾਵੀ ਪਾਰ ਕਰਨ ਮਗਰੋਂ ਲਾਹੌਰ ਵਿੱਚ ਦਾਖ਼ਲ ਹੁੰਦਿਆਂ ਹੀ ਟਰੱਕ ਦਾ ਡੀਜ਼ਲ ਮੁੱਕ ਗਿਆ। ਅਸੀਂ ਪਰਮਾਤਮਾ ਦੇ ਰਹਿਮ 'ਤੇ ਸਾਂ। ਸਾਡੀ ਕਿਸਮਤ ਵਿੱਚ ਜਿਊਣਾ ਲਿਖਿਆ ਸੀ। ਸਿੱਖ ਗਾਰਡ ਨੇ ਇੱਕ ਗੇਟ ਅੱਗੇ ਇੱਕ ਗੋਰਖਾ ਗਾਰਡ ਨੂੰ ਖੜ੍ਹਾ ਦੇਖਿਆ ਜੋ ਗੋਰਖਾ ਫ਼ੌਜ ਦਾ ਕੈਂਪ ਸੀ। ਉਹ ਤੁਰੰਤ ਗੋਰਖੇ ਵੱਲ ਨੱਸਿਆ ਅਤੇ ਉਸ ਨੂੰ ਸਾਰੀ ਵਿਥਿਆ ਸੁਣਾਈ। ਗੋਰਖਿਆਂ ਦੀ ਮਦਦ ਨਾਲ ਟਰੱਕ ਨੂੰ ਗੋਰਖਾ ਕੈਂਪ ਵਿੱਚ ਲਿਜਾਇਆ ਗਿਆ ਅਤੇ ਗੋਰਖਿਆਂ ਨੇ ਸਾਨੂੰ ਸੁਰੱਖਿਆ ਛੱਤਰੀ ਮੁਹੱਈਆ ਕੀਤੀ। ਉਹ ਡੀਜ਼ਲ ਭਰ ਕੇ ਟਰੱਕ ਨੂੰ ਗੌਰਮਿੰਟ ਕਾਲਜ, ਲਾਹੌਰ ਵਿਚਲੇ ਰਫਿਊਜੀ ਕੈਂਪ ਵਿੱਚ ਲੈ ਗਏ ਜਿੱਥੇ ਅਸੀਂ ਤਿੰਨ ਦਿਨ ਰਹੇ। ਸਾਡੇ ਕੋਲ ਆਟੇ ਦੀਆਂ ਦੋ ਬੋਰੀਆਂ ਸਨ। ਸੋ ਅਸੀਂ ਖਾਣ ਲਈ ਰੋਟੀਆਂ ਬਣਾ ਸਕਦੇ ਸੀ ਅਤੇ ਕੈਂਪ ਵਿੱਚ ਹੋਰ ਲੋਕਾਂ ਨੂੰ ਵੀ ਆਟਾ ਦੇ ਦਿੱਤਾ।

ਤਿੰਨ ਦਿਨਾਂ ਮਗਰੋਂ ਰਫਿਊਜੀਆਂ ਨੂੰ ਲਾਹੌਰ ਕੈਂਪ ਵਿੱਚੋਂ ਲਿਜਾਣ ਲਈ ਅੰਮ੍ਰਿਤਸਰ ਤੋਂ ਕੁਝ ਬੱਸਾਂ ਆਈਆਂ। ਮੇਰੇ ਪਿਤਾ ਜੀ ਨੇ ਇੱਕ ਬੱਸ ਦੇਖੀ ਜੋ ਨਨਕਾਣਾ ਸਾਹਿਬ ਤੋਂ ਆਈ ਸੀ। ਉਨ੍ਹਾਂ ਨੇ ਡਰਾਈਵਰ ਨਾਲ ਸੰਪਰਕ ਕੀਤਾ ਜੋ ਸਾਨੂੰ ਉੱਥੋਂ ਅੰਮ੍ਰਿਤਸਰ ਲੈ ਆਇਆ। ਮੈਨੂੰ ਯਾਦ ਹੈ ਕਿ ਬੱਸ ਸਾਨੂੰ ਅੰਮ੍ਰਿਤਸਰ ਵਿੱਚ ਖੁੱਲ੍ਹੇ ਆਸਮਾਨ ਹੇਠ ਛੱਡ ਗਈ ਸੀ। ਅਸੀਂ ਭੁੱਖਣ ਭਾਣਿਆਂ ਨੇ ਸੜਕ 'ਤੇ ਰਾਤ ਕੱਟੀ। ਅਗਲੀ ਸਵੇਰ ਅਸੀਂ ਢਾਬ ਵਸਤੀ ਰਾਮ ਖੇਤਰ 'ਚ ਰਹਿੰਦੇ ਆਪਣੇ ਰਿਸ਼ਤੇਦਾਰਾਂ ਨਾਲ ਸੰਪਰਕ ਕੀਤਾ। ਉਹ ਆ ਕੇ ਸਾਨੂੰ ਆਪਣੇ ਨਾਲ ਲੈ ਗਏ ਅਤੇ ਅਸੀਂ ਇੱਕ ਹਫ਼ਤਾ ਉਨ੍ਹਾਂ ਦੇ ਘਰ ਰਹੇ। ਕਿਸੇ ਖੇਤਰ ਵਿੱਚ ਉਨ੍ਹਾਂ ਦਾ ਇੱਕ ਘਰ ਖਾਲੀ ਪਿਆ ਸੀ। ਉਨ੍ਹਾਂ ਨੇ ਸਾਨੂੰ ਉਹ ਘਰ ਰਹਿਣ ਲਈ ਦੇ ਦਿੱਤਾ। ਅਸੀਂ ਇੱਕ ਮਹੀਨਾ ਉੱਥੇ ਰਹੇ ਤੇ ਫਿਰ ਲੁਧਿਆਣੇ ਚਲੇ ਗਏ। ਰੇਲ ਗੱਡੀ ਰਾਹੀਂ ਅੰਮ੍ਰਿਤਸਰ ਤੋਂ ਲੁਧਿਆਣੇ ਜਾਂਦਿਆਂ ਦੇਖਿਆ ਕਿ ਗੱਡੀ ਦੀ ਲਾਈਨ ਨੁਕਸਾਨੀ ਹੋਈ ਸੀ ਅਤੇ ਹੜ੍ਹ ਦੇ ਪਾਣੀ ਵਿੱਚ ਲਾਸ਼ਾਂ ਤੈਰ ਰਹੀਆਂ ਸਨ। ਲੁਧਿਆਣੇ ਅਸੀਂ ਇੱਕ ਅਜਿਹੇ ਘਰ ਵਿੱਚ ਪੁੱਜੇ ਜਿੱਥੇ ਕੁਝ ਲੋਕ ਪਹਿਲਾਂ ਹੀ ਰਹਿ ਰਹੇ ਸਨ। ਸਾਨੂੰ ਵਰਾਂਡੇ ਵਿੱਚ ਹੀ ਥਾਂ ਮਿਲ ਸਕਦੀ ਸੀ। ਸਾਡਾ ਪਰਿਵਾਰ ਵੱਡਾ ਸੀ। ਹੌਲੀ ਹੌਲੀ ਸਾਰੇ ਉਸ ਘਰ ਵਿੱਚੋਂ ਜਾ ਕੇ ਵੱਖੋ ਵੱਖਰੇ ਤੌਰ 'ਤੇ ਹੋਰ ਥਾਵਾਂ ਉੱਤੇ ਰਹਿਣ ਲੱਗੇ। ਹੁਣ ਘਰ ਚਲਾਉਣ ਦਾ ਮਸਲਾ ਸਭ ਤੋਂ ਵੱਡਾ ਸੀ ਕਿਉਂਕਿ ਅਸੀਂ ਰਾਜੇ ਤੋਂ ਰੰਕ ਬਣ ਗਏ ਸਾਂ। ਅਸੀਂ ਇੱਕ ਹੌਜ਼ਰੀ ਮਿੱਲ ਵਿੱਚ ਨੌਕਰੀ ਕਰ ਕੇ ਕੁਝ ਪੈਸੇ ਕਮਾਉਣ ਲੱਗੇ। ਸਾਡੇ ਪਿਤਾ ਜੀ ਆਪਣਾ ਕੰਮ ਸ਼ੁਰੂ ਕਰਨ ਦਾ ਮੌਕਾ ਲੱਭ ਰਹੇ ਸਨ। ਉਨ੍ਹਾਂ ਨੂੰ ਮਾਛੀਵਾੜੇ ਵਿੱਚ ਡੀਜ਼ਲ ਇੰਜਣ ਨਾਲ ਚੱਲਣ ਵਾਲੀ ਖਾਲੀ ਪਈ ਆਟਾ ਚੱਕੀ ਮਿਲ ਗਈ ਅਤੇ ਉਨ੍ਹਾਂ ਨੇ ਸਰਕਾਰ ਤੋਂ ਇਸ ਨੂੰ ਪਟੇ 'ਤੇ ਲੈ ਲਿਆ। ਸਥਾਨਕ ਚੱਕੀ ਮਾਲਕਾਂ ਵੱਲੋਂ ਦਿਖਾਈ ਗਈ ਨਫ਼ਰਤ ਦੇ ਬਾਵਜੂਦ ਪਿਤਾ ਜੀ ਨੇ ਹੌਸਲਾ ਨਹੀਂ ਹਾਰਿਆ। ਉਨ੍ਹਾਂ ਨੇ ਪਿਸਾਈ ਦੀ ਕੀਮਤ ਘੱਟ ਰੱਖੀ। ਮਾਛੀਵਾੜੇ ਆ ਕੇ ਵਸੇ ਸ਼ਰਨਾਰਥੀਆਂ ਨੇ ਵੀ ਤਿੰਨ ਚਾਰ ਸਾਲ ਉਨ੍ਹਾਂ ਦਾ ਪੂਰਾ ਸਾਥ ਦਿੱਤਾ। ਇਸ ਦੌਰਾਨ ਅਸੀਂ ਆਪਣੀ ਪੜ੍ਹਾਈ ਵੀ ਸ਼ੁਰੂ ਕਰ ਸਕਦੇ ਸੀ। ਸਾਡੇ ਮਾਸੜ ਜੀ ਨੂੰ ਲਿਆਉਣ ਲਈ ਸਾਡੇ ਪਿਤਾ ਜੀ ਨੂੰ ਵਾਪਸ ਨਨਕਾਣਾ ਸਾਹਿਬ ਜਾਣਾ ਪਿਆ ਅਤੇ ਉਹ ਆਪਣੇ ਮਿਸ਼ਨ ਵਿੱਚ ਕਾਮਯਾਬ ਵੀ ਹੋਏ। ਨਨਕਾਣਾ ਸਾਹਿਬ ਤੋਂ ਲਾਹੌਰ ਪਹੁੰਚਣ ਵੇਲੇ ਮੁਸਲਿਮ ਡਰਾਈਵਰ ਨੇ ਸਾਨੂੰ ਤੰਗ ਪ੍ਰੇਸ਼ਾਨ ਕੀਤਾ ਸੀ। ਇਸ ਲਈ ਉੱਥੇ ਅਫ਼ਵਾਹ ਫੈਲ ਗਈ ਸੀ ਕਿ ਲਾਹੌਰ ਵਿੱਚ ਸਾਰੇ ਬਾਵਾ ਪਰਿਵਾਰ ਨੂੰ ਲੁੱਟਣ ਮਗਰੋਂ ਕਤਲ ਕਰ ਦਿੱਤਾ ਗਿਆ। ਅੰਮ੍ਰਿਤਸਰ ਵਿੱਚ ਸਾਡੇ ਸਭ ਦੇ ਰਾਜ਼ੀ-ਖ਼ੁਸ਼ੀ ਹੋਣ ਬਾਰੇ ਪਤਾ ਲੱਗਣ 'ਤੇ ਉੱਥੋਂ ਦੇ ਲੋਕਾਂ ਨੇ ਸੁਖ ਦਾ ਸਾਹ ਲਿਆ। ਪਰਮਾਤਮਾ ਨੇ ਸਾਨੂੰ ਸਾਰੇ ਦੁੱਖਾਂ ਮੁਸੀਬਤਾਂ ਵਿੱਚੋਂ ਬਚਾ ਲਿਆ ਸੀ।

- ਕੇ.ਐੱਸ. ਚਾਵਲਾ

## ਆਈਲੈਂਡ ਆਫ ਡੈਡ, ਇੱਥੋਂ ਬਚ ਕੇ ਜਾਣਾ ਹੈ ਅਸੰਭਵ

**ਆਈਲੈਂਡ ਦਾ ਨਵਾਂ ਮਾਲਕ ਇੱਥੇ ਆਪਣੇ ਪਰਿਵਾਰ ਦੇ ਨਾਲ ਰਹਿਣ ਲੱਗਿਆ। ਇੱਕ ਦਿਨ ਇਸ ਆਈਲੈਂਡ ਦੇ ਮਾਲਕ ਦੀ ਲੜਕੀ ਦੇ ਮੂੰਹ ਤੇ ਕਿਸੇ ਨੇ ਕੱਟ ਲਿਆ....**



ਆਈਲੈਂਡ ਆਫ ਡੈਡ ਦੇ ਨਾਂ ਨਾਲ ਮਸ਼ਹੂਰ ਇਟਲੀ ਦਾ ਇੱਕ ਅਜਿਹਾ ਆਈਲੈਂਡ ਹੈ, ਜਿੱਥੇ ਕੋਈ ਇੱਕ ਵਾਰ ਚਲਾ ਗਿਆ ਤਾਂ ਫਿਰ ਉਸਦਾ ਜਿੰਦਾ ਬਚਣਾ ਮੁਸ਼ਕਿਲ ਹੈ। ਇਟਲੀ ਦੇ ਪ੍ਰੋਵੇਲਿੰਗਯਾ ਆਈਲੈਂਡ 'ਤੇ 1922 ਵਿੱਚ ਮੈਂਟਲ ਹਸਪਤਾਲ ਬਣਾਇਆ ਗਿਆ ਸੀ। ਪਰ ਇਸ ਹਸਪਤਾਲ ਵਿੱਚ ਕੰਮ ਕਰਨ ਵਾਲੇ ਡਾਕਟਰ ਅਤੇ ਨਰਸਾਂ ਦੇ ਮੁਤਾਬਕ ਕੁਝ ਅਜੀਬ ਚੀਜ਼ਾਂ ਨਜ਼ਰ ਆਉਂਦੀਆਂ ਰਹਿੰਦੀਆਂ ਸਨ, ਜਿਸ ਦੇ ਕਾਰਨ ਇਸ ਹਸਪਤਾਲ ਨੂੰ ਬੰਦ ਕਰ ਦਿੱਤਾ ਗਿਆ। ਕਈ ਸਾਲਾਂ ਤੱਕ ਇਹ ਹਸਪਤਾਲ ਵੀਰਾਨ ਪਿਆ ਰਿਹਾ। ਆਫਟ੍ਰੈਕਪਲੇਨੇਟ ਡਾਟ ਕਾਮ ਦੇ ਮੁਤਾਬਕ 1950 ਵਿੱਚ ਇਟਲੀ ਦੀ ਸਰਕਾਰ ਨੇ ਇਸ ਆਈਲੈਂਡ ਨੂੰ ਕਿਸੇ ਨੂੰ ਵੇਚ ਦਿੱਤਾ। ਆਈਲੈਂਡ ਦਾ ਨਵਾਂ ਮਾਲਕ ਇੱਥੇ ਆਪਣੇ ਪਰਿਵਾਰ ਦੇ ਨਾਲ ਰਹਿਣ ਲੱਗਿਆ। ਇੱਕ ਦਿਨ ਇਸ ਆਈਲੈਂਡ ਦੇ ਮਾਲਕ ਦੀ ਲੜਕੀ ਦੇ ਮੂੰਹ ਤੇ ਕਿਸੇ ਨੇ ਕੱਟ ਲਿਆ, ਜਿਸ ਕਰਕੇ ਸਰਜਰੀ ਦੇ ਵਕਤ ਉਸਦੇ ਮੂੰਹ ਤੇ 14 ਟਾਂਕੇ ਲਗਾਉਣੇ ਪਏ। ਲਗਾਤਾਰ ਹੋ ਰਹੀਆਂ ਉਲਟ ਪ੍ਰਸਥਿਤੀਆਂ ਦੇ ਕਾਰਨ ਸਰਕਾਰ ਨੇ ਲੋਕਾਂ ਦੇ ਇਸ ਆਈਲੈਂਡ 'ਤੇ ਜਾਣਾ ਬੈਨ ਕਰ ਦਿੱਤਾ। 120 ਸਾਲ ਪਹਿਲਾਂ ਇਸ ਜਗ੍ਹਾ ਦੀ ਵਰਤੋਂ ਪਲੇਗ ਗ੍ਰਸਤ ਲੋਕਾਂ ਦੇ ਲਈ ਕੀਤੀ ਜਾਂਦੀ ਸੀ। ਪਲੇਗ ਦੇ ਮਰੀਜ਼ਾਂ ਨੂੰ ਇੱਥੇ ਛੱਡ ਦਿੱਤਾ ਜਾਂਦਾ ਸੀ, ਜਿਸ ਕਾਰਨ ਹੋਰ ਲੋਕਾਂ ਤੱਕ ਇਹ ਇਨਫੈਕਸ਼ਨ ਨਹੀਂ ਫੈਲ ਸਕਦਾ ਸੀ। ਇਸ ਤੋਂ ਬਾਅਦ ਹੋਰ ਭਿਆਨਕ ਬਿਮਾਰੀਆਂ ਦੇ ਲਈ ਵੀ ਇਸ ਜਗ੍ਹਾ ਦੀ ਵਰਤੋਂ ਕੀਤੀ ਜਾਂਦੀ ਰਹੀ। ਇਹਨਾਂ ਬਿਮਾਰੀਆਂ ਕਾਰਨ ਮਰ ਜਾਣ ਤੋਂ ਬਾਅਦ ਵੀ ਲੋਕਾਂ ਨੂੰ ਇੱਥੇ ਦਫਨਾ ਦਿੱਤਾ ਜਾਂਦਾ ਸੀ। ਜਦੋਂ ਇੱਥੇ ਮਰੀਜ਼ਾਂ ਦੀ ਗਿਣਤੀ 1 ਲੱਖ 6 ਹਜ਼ਾਰ ਤੱਕ ਪਹੁੰਚ ਗਈ ਤਾਂ ਉਹਨਾਂ ਨੂੰ ਜਿੰਦਾ ਜਲਾ ਦਿੱਤਾ ਗਿਆ। ਇਸ ਤੋਂ ਬਾਅਦ ਇਸ ਥਾਂ ਨੂੰ ਇਨਫੈਕਸ਼ਨ ਗ੍ਰਸਤ ਮੰਨਿਆ ਗਿਆ ਅਤੇ ਇੱਥੇ ਕਿਸੇ ਦੀ ਜਾਣਾ ਬੈਨ ਹੈ।

# ਲੁਕਿਆ ਸਵਰਗ ਹੈ ਸਿੱਕਿਮ



ਭਾਰਤ ਦੇ ਹਿਮਾਲਿਆ ਵਿੱਚ ਵਸੇ ਸੂਬਿਆਂ ਵਿੱਚੋਂ ਇੱਕ ਹੈ ਸਿੱਕਿਮ। ਪਹਾੜੀਆਂ ਵਿੱਚ ਵਸਿਆ ਇਹ ਰਾਜ ਭਾਰਤ ਦਾ ਦੂਜਾ ਸਭ ਤੋਂ ਛੋਟਾ ਸੂਬਾ ਹੈ। ਮਹਿਜ਼ ਚਾਰ ਜ਼ਿਲ੍ਹਿਆਂ ਵਾਲੇ ਇਸ ਰਾਜ ਦੀਆਂ ਹੱਦਾਂ ਨੇਪਾਲ, ਭੂਟਾਨ ਅਤੇ ਚੀਨ ਨਾਲ ਲੱਗਦੀਆਂ ਹਨ। ਭਾਰਤ ਦੀ ਸਭ ਤੋਂ ਉੱਚੀ ਚੋਟੀ ਕੰਚਨਜੰਗਾ ਸਿੱਕਿਮ ਨੇਪਾਲ ਸਰਹੱਦ 'ਤੇ ਹੈ। 8,586 ਮੀਟਰ ਉਚਾਈ ਵਾਲੀ ਕੰਚਨਜੰਗਾ ਸੰਸਾਰ ਦੀ ਤੀਜੀ ਸਭ ਤੋਂ ਉੱਚੀ ਚੋਟੀ ਹੈ। ਦੁਨੀਆਂ ਦੀ ਸਭ ਤੋਂ ਉੱਚੀ ਝੀਲ ਗੁਰੁਡਾਂਗਮਾਰ (5,430 ਮੀਟਰ) ਵੀ ਭਾਰਤ ਦੇ ਇਸੇ ਸੂਬੇ ਵਿੱਚ ਹੈ। ਇੱਥੋਂ ਦੀ ਸੁੰਦਰਤਾ ਦੇਖਣ ਲਈ ਦੁਨੀਆਂ ਦੇ ਕੋਨੇ ਕੋਨੇ ਤੋਂ ਲੋਕ ਇੱਥੇ ਘੁੰਮਣ ਆਉਂਦੇ ਹਨ। ਇੱਥੋਂ ਦੀ ਕੁਦਰਤੀ ਸੁੰਦਰਤਾ ਦਾ ਆਨੰਦ ਮਾਣਨ ਦਾ ਵਧੀਆ ਸਮਾਂ ਮਾਰਚ ਤੋਂ ਜੂਨ ਅਤੇ ਸਤੰਬਰ ਤੋਂ ਅਕਤੂਬਰ ਹੈ ਕਿਉਂਕਿ ਸਰਦੀਆਂ ਵਿੱਚ ਜ਼ਿਆਦਾ ਬਰਫ਼ਬਾਰੀ ਅਤੇ ਬਰਸਾਤ ਵਿੱਚ ਜ਼ਿਆਦਾ ਵਰਖਾ ਕਾਰਨ ਰਸਤੇ ਬੰਦ ਹੋਣ ਦਾ ਡਰ ਬਣਿਆ ਰਹਿੰਦਾ ਹੈ। ਰੇਲ ਰਾਹੀਂ ਇੱਥੇ ਜਾਣ ਲਈ ਪੱਛਮੀ ਬੰਗਾਲ ਦੇ ਸਿਲੀਗੁੜੀ ਜਾਂ ਨਿਊਜਲਪਾਈਗੁੜੀ ਰੇਲਵੇ ਸਟੇਸ਼ਨ 'ਤੇ ਉਤਰਨਾ ਪੈਂਦਾ ਹੈ। ਇਨ੍ਹਾਂ ਸਟੇਸ਼ਨਾਂ 'ਤੇ ਟਰੈਵਲ ਏਜੰਟਾਂ ਦੀਆਂ ਕਾਫ਼ੀ ਦੁਕਾਨਾਂ ਵੀ ਹਨ। ਗੰਗਟੋਕ ਤਕ ਇੱਥੋਂ ਅਗਲਾ 120 ਕਿਲੋਮੀਟਰ ਰਸਤਾ ਟੈਕਸੀ ਰਾਹੀਂ ਤੈਅ ਕਰਨਾ ਪੈਂਦਾ ਹੈ। ਗੰਗਟੋਕ: ਸਿੱਕਿਮ ਦੀ ਰਾਜਧਾਨੀ ਗੰਗਟੋਕ ਕਾਫ਼ੀ ਖ਼ੂਬਸੂਰਤ ਹੈ। ਇੱਥੇ ਕਾਫ਼ੀ ਸਫ਼ਾਈ ਹੈ। ਮੌਸਮ ਸੁਹਾਵਣਾ ਤੇ ਠੰਢਾ ਹੈ। ਬੱਚੇ ਤੋਂ ਬਜ਼ੁਰਗ ਤਕ ਦੇ ਹੱਥ ਵਿੱਚ ਫੜੀ ਛੱਤਰੀ ਇਸ ਗੱਲ ਦਾ ਸੰਕੇਤ ਹੈ ਕਿ ਮੀਂਹ ਕਿਸੇ ਵੇਲੇ ਵੀ ਆ ਸਕਦਾ ਹੈ। ਇੱਥੇ ਕਾਨੂੰਨ ਸਖ਼ਤ ਹੈ। ਰਸਤੇ ਵਿੱਚ ਰੁਕ ਕੇ ਪਿਸ਼ਾਬ ਕਰਨ, ਥੁੱਕਣ, ਸ਼ਰਾਬ ਪੀਣ ਜਾਂ ਗੰਦ ਪਾਉਣ ਵਾਲੇ ਨੂੰ ਫੜੇ ਜਾਣ 'ਤੇ 5,000 ਰੁਪਏ ਜੁਰਮਾਨਾ ਦੇਣਾ ਪੈਂਦਾ ਹੈ। ਗ਼ਲਤ ਪਾਰਕਿੰਗ 'ਤੇ ਜੁਰਮਾਨਾ ਹੋਣ ਕਰਕੇ ਇੱਥੇ ਜਾਮ ਨਹੀਂ ਲੱਗਦੇ। ਠੰਢਾ ਮੌਸਮ ਹੋਣ ਕਰਕੇ ਵਾਈਨ ਸ਼ੌਪਜ਼ ਦੀ ਗਿਣਤੀ ਬਹੁਤ ਜ਼ਿਆਦਾ ਹੈ ਜਿੱਥੇ ਸ਼ਰਾਬ ਦੀ ਖ਼ਰੀਦ ਵੇਚ ਔਰਤਾਂ ਦੁਆਰਾ ਵੀ ਕੀਤੀ ਜਾਂਦੀ ਹੈ। ਇੱਥੇ ਗਾਂਧੀ ਮਾਰਕੀਟ, ਹਨੂੰਮਾਨ ਟੋਕ, ਗਣੇਸ਼ ਟੋਕ, ਜ਼ੂਆਲੋਜੀਕਲ ਪਾਰਕ, ਫਲਾਵਰ ਸ਼ੋਅ, ਐਨਚੀ ਮੋਨੈਸਟਰੀ ਆਦਿ ਦੇਖਣ ਯੋਗ ਥਾਵਾਂ ਹਨ।

ਨਾਥੁਲਾ ਪਾਸ: ਗੰਗਟੋਕ ਤੋਂ 52 ਕਿਲੋਮੀਟਰ ਨਾਥੁਲਾ ਪਾਸ ਘੁੰਮਣ ਲਈ ਪਰਮਿਟ ਦੀ ਜ਼ਰੂਰਤ ਪੈਂਦੀ ਹੈ ਜੋ ਇੱਥੋਂ ਹੀ ਬਣ ਜਾਂਦਾ ਹੈ। ਨਾਥੁਲਾ ਪਾਸ ਭਾਰਤ ਚੀਨ ਬਾਰਡਰ ਉੱਤੇ ਸਮੁੰਦਰ ਤਲ ਤੋਂ 14,140 ਫੁੱਟ ਦੀ ਉਚਾਈ 'ਤੇ ਸਥਿਤ ਹੈ। ਰਸਤੇ ਵਿੱਚ ਹਰਿਆਲੀ ਭਰਪੂਰ ਪਹਾੜੀਆਂ ਤੇ ਝਰਨਿਆਂ ਦੇ ਮਨਮੋਹਕ ਦ੍ਰਿਸ਼ਾਂ ਦੇ ਨਾਲ ਨਾਲ ਬੱਦਲਾਂ ਵਿੱਚ ਵਿਚਰਨ ਦਾ ਅਹਿਸਾਸ ਹੁੰਦਾ ਹੈ। ਸੁੰਦਰ ਪਹਾੜੀਆਂ ਵਿੱਚ ਵਸੀ ਚਾਂਗੂ ਝੀਲ ਬੇਹੱਦ ਖ਼ੂਬਸੂਰਤ ਹੈ ਜੋ ਸਰਦੀਆਂ ਵਿੱਚ ਕਈ ਮਹੀਨੇ ਜੰਮੀ ਰਹਿੰਦੀ ਹੈ। ਨਾਥੁਲਾ ਪਾਸ ਬਾਰਡਰ 'ਤੇ ਭਾਰਤ ਚੀਨ ਦੇ ਸਰਹੱਦੀ ਗੇਟ ਤੇ ਕੰਡਿਆਲੀ ਤਾਰ ਨੂੰ ਦੇਖਿਆ ਜਾ ਸਕਦਾ ਹੈ। ਇੱਥੇ ਆਕਸੀਜਨ ਦੀ ਕਮੀ ਮਹਿਸੂਸ ਹੁੰਦੀ ਹੈ।

ਬਾਬਾ ਹਰਭਜਨ ਮੰਦਰ: ਨਾਥੁਲਾ ਪਾਸ 'ਤੇ ਕੁਝ ਦੂਰੀ ਉੱਤੇ ਬਾਬਾ ਹਰਭਜਨ ਸਿੰਘ ਦਾ ਮੰਦਰ ਹੈ। ਦਰਅਸਲ, ਹਰਭਜਨ ਸਿੰਘ 23ਵੀਂ ਸਿੱਖ ਰੈਜੀਮੈਂਟ ਦੇ ਸਿਪਾਹੀ ਸਨ ਜੋ ਧਾਰਮਿਕ ਬਿਰਤੀ ਵਾਲੇ ਸਨ। ਪੰਜਾਬ ਦੇ ਕਪੂਰਥਲਾ ਦੇ ਰਹਿਣ ਵਾਲੇ ਹਰਭਜਨ ਸਿੰਘ ਦੀ ਇੱਕ ਦੁਰਘਟਨਾ ਦੌਰਾਨ ਮੌਤ ਹੋ ਗਈ ਸੀ। ਉਨ੍ਹਾਂ ਦੀ ਲਾਸ਼ ਨੂੰ ਤਿੰਨ ਦਿਨ ਬੀਤਣ ਤੋਂ ਬਾਅਦ ਕੱਢਿਆ ਗਿਆ। ਕਹਿੰਦੇ ਹਨ ਕਿ ਮਰਨ ਤੋਂ ਬਾਅਦ ਬਾਬਾ ਹਰਭਜਨ ਜੀ ਸਰਹੱਦ 'ਤੇ ਪਹਿਰਾ ਦਿੰਦੇ ਸਨ। ਭਾਰਤ ਸਰਕਾਰ ਨੇ ਇੱਥੇ ਉਨ੍ਹਾਂ ਦੀ ਯਾਦ ਵਿੱਚ ਮੰਦਰ ਬਣਵਾਇਆ। ਸੈਂਕੜਿਆਂ ਦੀ ਗਿਣਤੀ ਵਿੱਚ ਲੋਕ ਇੱਥੇ ਆ ਕੇ ਸੁੱਖਾਂ ਸੁੱਖਦੇ ਹਨ। ਲੋਕਾਂ ਦੇ ਘਰਾਂ, ਦੁਕਾਨਾਂ ਤੇ ਟੈਕਸੀਆਂ ਵਿੱਚ ਬਾਬਾ ਹਰਭਜਨ ਸਿੰਘ ਦੀਆਂ ਤਸਵੀਰਾਂ ਆਮ ਦੇਖਣ ਨੂੰ ਮਿਲਦੀਆਂ ਹਨ। ਲਾਚੇਨ ਅਤੇ ਗੁਰੂਡਾਂਗਮਾਰ ਝੀਲ: ਇਹ ਗੰਗਟੋਕ ਤੋਂ ਲਗਭਗ 174 ਕਿਲੋਮੀਟਰ ਦੂਰ ਹੋਣ ਕਾਰਨ ਸਫ਼ਰ ਦੀ ਸ਼ੁਰੂਆਤ ਸਵੇਰੇ ਛੇਤੀ ਕਰਨੀ ਪੈਂਦੀ ਹੈ। ਦਰਅਸਲ, ਰਸਤੇ ਵਿੱਚ ਆਉਣ ਵਾਲੇ ਵਿਊ ਪੁਆਇੰਟਾਂ ਦਾ ਆਨੰਦ ਲੈਣ ਲੱਗਿਆਂ ਸਮਾਂ ਲੱਗ ਜਾਂਦਾ ਹੈ। ਇਨ੍ਹਾਂ ਸਥਾਨਾਂ ਵਿੱਚ ਤਾਸੀ ਵਿਊ ਪੁਆਇੰਟ, ਹਿਸਟੋਰਿਕ ਕਾਬੀ ਲੰਗਟਸੋਕ, ਫੋਡੋਂਗ ਮੋਨੈਸਟਰੀ ਸ਼ੁਮਾਰ ਹਨ। 107 ਕਿਲੋਮੀਟਰ ਦੂਰ ਲਾਚੇਨ ਵਿੱਚ ਹਨੇਰਾ ਹੋਣ 'ਤੇ ਰੁਕਣਾ ਪੈਂਦਾ ਹੈ। ਇਸ ਰਸਤੇ ਲਈ ਪਰਮਿਟ ਜ਼ਰੂਰੀ ਹੈ ਜੋ ਗੰਗਟੋਕ ਤੋਂ ਬਣਦਾ ਹੈ। ਵਿਦੇਸ਼ੀ ਸੈਲਾਨੀਆਂ ਦੇ ਗੁਰੂਡਾਂਗਮਾਰ ਝੀਲ 'ਤੇ ਜਾਣ ਦੀ ਮਨਾਹੀ ਹੈ। ਇਹ ਝੀਲ ਗੁਰੂ ਨਾਨਕ ਦੇਵ ਜੀ ਦੀ ਯਾਦਗਾਰ ਹੈ। ਨੀਲੇ ਰੰਗ ਦੇ ਪਾਣੀ ਦੀ ਇਸ ਝੀਲ ਕੋਲ ਫ਼ੌਜ ਵੱਲੋਂ ਗੁਰਦੁਆਰਾ ਵੀ ਬਣਾਇਆ ਗਿਆ। ਇੱਥੇ ਆਕਸੀਜਨ ਦੀ ਕਮੀ ਕਰਕੇ ਜ਼ਿਆਦਾ ਦੇਰ ਤਕ ਨਹੀਂ ਰੁਕਿਆ ਜਾ ਸਕਦਾ। ਲਾਚੁੰਗ: ਇਹ ਗੰਗਟੋਕ ਤੋਂ 120 ਕਿਲੋਮੀਟਰ ਦੂਰ ਹੈ ਅਤੇ ਛੇ ਘੰਟਿਆਂ ਦਾ ਰਸਤਾ ਹੈ। ਰਾਹ ਵਿੱਚ ਆਉਂਦੇ ਸੈਵਨ ਸਿਸਟਰ ਵਾਟਰ ਫਾਲ ਅਤੇ ਨਾਗਾ ਵਾਟਰ ਫਾਲਜ਼ ਨੂੰ ਦੇਖਣ ਦਾ ਆਪਣਾ ਹੀ ਆਨੰਦ ਹੈ। ਲਾਚੁੰਗ ਪਹੁੰਚਦਿਆਂ ਹੀ ਰਾਤ ਪੈ ਜਾਂਦੀ ਹੈ ਤੇ ਮੌਸਮ ਕਾਫ਼ੀ ਠੰਢਾ ਹੁੰਦਾ ਹੈ। ਸਵੇਰੇ ਪੰਜ ਵਜੇ ਸੂਰਜ ਚੜ੍ਹ ਜਾਂਦਾ ਹੈ। ਲਾਚੁੰਗ ਤੋਂ ਅਗਲਾ ਪੁਆਇੰਟ ਯਮਥਾਂਗ ਘਾਟੀ ਹੈ। ਇੱਥੇ ਹਰਿਆਲੀ ਭਰੀਆਂ ਪਹਾੜੀਆਂ ਵਿਚਕਾਰ ਪੱਥਰਾਂ ਉੱਪਰ ਪਾਣੀ ਚਲਦਾ ਹੈ। ਯਮਥਾਂਗ ਘਾਟੀ ਦੀ ਸੁੰਦਰਤਾ ਦੇਖ ਕੇ ਇੱਥੋਂ ਮੁੜਨ ਨੂੰ ਦਿਲ ਨਹੀਂ ਕਰਦਾ। ਇੱਥੋਂ ਪੰਜ ਕਿਲੋਮੀਟਰ ਅੱਗੇ ਫ਼ੌਜ ਦੀ ਛਾਉਣੀ ਵਿੱਚ ਸ਼ਿਵ ਮੰਦਰ ਹੈ। ਇੱਥੋਂ 26 ਕਿਲੋਮੀਟਰ 'ਤੇ ਜ਼ੀਰੋ ਪੁਆਇੰਟ ਭਾਰਤ ਚੀਨ ਸਰਹੱਦ ਹੈ। ਰਸਤੇ ਵਿੱਚ ਕੁਦਰਤੀ ਰੰਗ ਬਰੰਗੇ ਫੁੱਲਾਂ ਨਾਲ ਭਰੀਆਂ ਪਹਾੜੀਆਂ ਹਨ। ਇੱਥੇ ਜੂਨ ਵਿੱਚ ਵੀ ਬਰਫ਼ ਦਾ ਆਨੰਦ ਲੈ ਸਕਦੇ ਹੋ। ਇਸ ਦੇ ਨਾਲ ਨਾਲ ਸਿੱਕਿਮ ਵਿੱਚ ਹੋਰ ਵੀ ਬਹੁਤ ਸਾਰੀਆਂ ਦੇਖਣ ਯੋਗ ਥਾਵਾਂ ਹਨ। ਇੱਥੇ ਕੁਦਰਤੀ ਸੁੰਦਰਤਾ ਦੇ ਅਦਭੁੱਤ ਨਜ਼ਾਰੇ ਹਨ।

# ਭਗਤ ਰਾਮ ਦੀ ਅਜਬ ਕਹਾਣੀ

**ਜਰਮਨਾਂ ਦੇ ਉਲਟ ਕੁਆਰੋਨੀ ਇਸ ਲਈ ਇਛੁੱਕ ਸਾਬਤ ਹੋਇਆ। ਤਿੰਨ ਹਫ਼ਤੇ ਹੋਈਆਂ ਕਈ ਮੁਲਾਕਾਤਾਂ ਮਗਰੋਂ ਬੋਸ ਨੂੰ ਇਤਾਲਵੀ ਕੂਟਨੀਤਕ ਦਾ ਪਾਸਪੋਰਟ ਦੇ ਕੇ ਅਫ਼ਗਾਨ ਸਰਹੱਦ ਪਾਰ ਕਰਾ ਕੇ ਮਾਸਕੋ ਲਈ ਰੇਲ ਗੱਡੀ ਵਿੱਚ ਬਿਠਾ ਦਿੱਤਾ ਗਿਆ ਜਿੱਥੋਂ ਬਰਲਿਨ ਜਾਣ ਲਈ ਉਨ੍ਹਾਂ ਨੇ ਰਾਤ ਦੀ ਰੇਲ ਗੱਡੀ ਫੜੀ। ਉੱਥੇ ਉਨ੍ਹਾਂ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਵਿਉਂਤਾਂ ਬਣਾਈਆਂ, ਹਿਟਲਰ ਨੂੰ ਮਿਲੇ ਅਤੇ ਫਿਰ ਬ੍ਰਿਟਿਸ਼ਾਂ ਖ਼ਿਲਾਫ਼ ਲੜਨ ਲਈ ਫ਼ੌਜ ਤਿਆਰ ਕਰਨ ਖ਼ਾਤਰ ਜਪਾਨ ਚਲੇ ਗਏ। ਜਪਾਨ ਦੇ ਆਤਮ-ਸਮਰਪਣ ਤੋਂ ਕੁਝ ਦਿਨਾਂ ਮਗਰੋਂ ਹਵਾਈ ਹਾਦਸੇ ਵਿੱਚ ਉਨ੍ਹਾਂ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੀ ਮੌਤ ਸਬੰਧੀ ਭਾਰਤ ਵਿੱਚ ਹਾਲੇ ਵੀ ਵਿਵਾਦ ਹੈ। ਉਹ ਰਹਿਮਤ ਖ਼ਾਨ ਨੂੰ ਕਾਬੁਲ ਵਿੱਚ ਹੀ ਛੱਡ ਗਏ ਸਨ।**



ਬਾਈ ਫਰਵਰੀ 1941 ਨੂੰ ਦੁਪਹਿਰ ਤੋਂ ਬਾਅਦ ਮਧਰੇ ਕੱਦ ਦੇ ਕਲੀਨ-ਸ਼ੇਵਨ ਨਿਰਾਲੇ ਜਿਹੇ ਆਦਮੀ ਨੇ ਕਾਬੁਲ ਦੀ ਇੱਕ ਤੰਗ ਗਲੀ ਵਿੱਚੋਂ ਲੰਘ ਕੇ ਇਤਾਲਵੀ ਸਫ਼ਾਰਤਖ਼ਾਨੇ ਦਾ ਪਿਛਲਾ ਦਰਵਾਜ਼ਾ ਜਾ ਖੜਕਾਇਆ। ਇਸ ਆਦਮੀ ਨੂੰ ਇੱਕ ਬ੍ਰਿਟਿਸ਼ ਅਧਿਕਾਰੀ ਨੇ 'ਦੇਖਣ ਵਿੱਚ ਖਿੱਚ ਭਰਪੂਰ ਨਹੀਂ' ਦੱਸਿਆ ਸੀ। ਇਸ ਦੀ ਸਰਹੱਦ ਤੋਂ ਬਹੁਤ ਦੂਰ ਸ਼ੁਰੂ ਹੋ ਚੁੱਕੀ ਜੰਗ ਵਿੱਚ ਅਫ਼ਗਾਨਿਸਤਾਨ ਨਿਰਪੱਖ ਮੁਲਕ ਰਿਹਾ ਸੀ। ਇਸ ਨੂੰ ਸ਼ੁਰੂ ਹੋਇਆਂ 17 ਮਹੀਨੇ ਹੋ ਗਏ ਸਨ, ਪਰ ਹਾਲੇ ਇਹ ਆਲਮੀ ਜੰਗ ਨਹੀਂ ਬਣੀ। ਯੂਰੋਪ ਵਿੱਚ ਨਾਜ਼ੀਆਂ ਦਾ ਪਲੜਾ ਭਾਰੀ ਸੀ ਅਤੇ ਇਕੱਲਾ ਬ੍ਰਿਟੇਨ ਹੀ ਡਟਿਆ ਹੋਇਆ ਸੀ। ਪੋਲੈਂਡ ਨੂੰ ਆਪਸ ਵਿੱਚ ਵੰਡ ਚੁੱਕੇ ਹਿਟਲਰ ਅਤੇ ਸਟਾਲਿਨ ਹਾਲੇ ਭਾਈਵਾਲ ਸਨ। ਜਾਪਾਨ ਅਤੇ ਅਮਰੀਕਾ ਦਰਮਿਆਨ ਪੂਰੀ ਸ਼ਾਂਤੀ ਸੀ ਕਿਉਂਕਿ ਹਾਲੇ ਪੰਜ ਹਫ਼ਤੇ ਪਹਿਲਾਂ ਫਰੈਂਕਲਿਨ ਰੂਜ਼ਵੈਲਟ ਅਮਰੀਕੀ ਮਾਪਿਆਂ ਨਾਲ ਇਹ ਵਾਅਦਾ ਕਰਕੇ ਤੀਜੀ ਵਾਰ ਮੁਲਕ ਦਾ ਰਾਸ਼ਟਰਪਤੀ ਚੁਣਿਆ ਗਿਆ ਸੀ ਕਿ 'ਤੁਹਾਡੇ ਲੜਕੇ ਕਿਸੇ ਵਿਦੇਸ਼ੀ ਧਰਤੀ ਉੱਤੇ ਜੰਗ ਵਿੱਚ ਨਹੀਂ ਭੇਜੇ ਜਾ ਰਹੇ।'

ਸਫ਼ਾਰਤਖ਼ਾਨੇ ਦੇ ਪਿਛਲੇ ਦਰਵਾਜ਼ੇ 'ਤੇ ਸਿਗਰਟ ਦੇ ਕਸ਼ ਲੈਣ ਲਈ ਖੜ੍ਹੇ ਅਫ਼ਗਾਨ ਕਰਮਚਾਰੀਆਂ ਕੋਲ ਇਹ ਸ਼ੱਕ ਕਰਨ ਦੀ ਕੋਈ ਖ਼ਾਸ ਵਜ੍ਹਾ ਨਹੀਂ ਸੀ ਕਿ ਅੰਦਰ ਆਉਣਾ ਚਾਹ ਰਿਹਾ ਆਦਮੀ ਸਥਾਨਕ ਵਾਸੀ ਨਹੀਂ ਸੀ। ਉਸ ਨੇ ਹੋਰ ਅਫ਼ਗਾਨ ਆਦਮੀਆਂ ਵਾਂਗ ਹੀ ਕਾਰਾਕੁਲੀ ਅਫ਼ਗਾਨ ਟੋਪੀ, ਗੋਡਿਆਂ ਤੋਂ ਹੇਠਾਂ ਤਕ ਆਉਂਦਾ ਲੰਮਾ ਕਮੀਜ਼ ਅਤੇ ਖੁੱਲ੍ਹਾ ਪਜਾਮਾ ਪਹਿਨਿਆ ਹੋਇਆ ਸੀ। ਉਸ ਆਦਮੀ ਦਾ ਮਕਸਦ ਇਤਾਲਵੀ ਸਫ਼ੀਰ ਨੂੰ ਮਿਲਣਾ ਸੀ, ਪਰ ਇਹ ਜਾਣਦਿਆਂ ਕਿ ਉਹ ਇਉਂ ਹੀ ਉਸ ਨੂੰ ਨਹੀਂ ਮਿਲ ਸਕਦਾ, ਉਸ ਨੇ ਗਾਰਡਾਂ ਨੂੰ ਕਿਹਾ ਕਿ ਉਹ ਰਸੋਈਆ ਸੀ ਜੋ ਸਫ਼ੀਰ ਲਈ ਕੰਮ ਕਰਨ ਖ਼ਾਤਰ ਭੇਜਿਆ ਗਿਆ ਸੀ। ਗਾਰਡ ਉਸ ਨੂੰ ਉੱਚੀ ਛੱਤ ਵਾਲੇ ਕਮਰੇ ਵਿੱਚ ਲੈ ਗਏ ਜਿੱਥੇ ਵੱਡੇ ਮੇਜ਼ ਪਿੱਛੇ ਸਫ਼ੀਰ ਇਤਾਲਵੀ ਝੰਡੇ ਅਤੇ ਤਾਨਾਸ਼ਾਹ ਬੈਨਿਤੋ ਮੁਸੋਲਿਨੀ ਦੀ ਵੱਡੀ ਤਸਵੀਰ ਨੇੜੇ ਬੈਠਾ ਸੀ। ਆਪਣੇ ਅਫ਼ਗਾਨ ਕਰਮਚਾਰੀਆਂ ਨਾਲ ਗੱਲਾਂ ਕਰ ਰਿਹਾ ਸਫ਼ੀਰ ਉਸ ਆਦਮੀ ਨੂੰ ਦੇਖ ਕੇ ਕਾਫ਼ੀ ਪ੍ਰੇਸ਼ਾਨ ਹੋ ਗਿਆ। ਗੱਲ ਸ਼ੁਰੂ ਕਰਨ ਲਈ ਉਸ ਦਾ ਰੌਂਅ ਚੰਗਾ ਨਹੀਂ ਸੀ। ਦੋ ਹਫ਼ਤੇ ਪਹਿਲਾਂ ਹਿਟਲਰ ਨੇ ਇਤਾਲਵੀਆਂ ਨੂੰ ਬਚਾਉਣ ਲਈ ਰੌਮੇਲ ਨੂੰ ਲਿਬੀਆ ਭੇਜਿਆ ਸੀ ਜਿਨ੍ਹਾਂ ਨੂੰ ਲਾਰਡ ਵੇਵਲ ਦੇ ਬਲਾਂ ਨੇ ਬ੍ਰਿਟਿਸ਼ਾਂ ਨਾਲੋਂ ਪੰਜ ਗੁਣਾਂ ਫ਼ੌਜੀ ਹੁੰਦੇ ਹੋਏ ਵੀ ਭੱਜਣ ਲਈ ਮਜਬੂਰ ਕਰ ਦਿੱਤਾ ਸੀ। ਕਾਬੁਲ ਵਿਚਲੇ ਹੋਰ ਸਾਰੇ ਵਿਦੇਸ਼ੀ ਕੂਟਨੀਤਕਾਂ ਵਾਂਗ ਉਹ ਵੀ ਸਥਾਨਕ ਅਫ਼ਗਾਨਾਂ ਦੇ ਅਣਐਲਾਨੇ ਫੇਰਿਆਂ ਤੋਂ ਡਰਦਾ ਸੀ ਕਿਉਂਕਿ ਇਹ ਯਕੀਨ ਨਹੀਂ ਸੀ ਕਿ ਉਹ ਅਫ਼ਗਾਨ ਸਰਕਾਰ ਦੇ ਜਾਸੂਸ ਸਨ ਜਾਂ ਦੂਜੇ ਸਫ਼ਾਰਤਖ਼ਾਨਿਆਂ ਦੇ। ਉਸ ਨੂੰ ਇਹ ਯਕੀਨ ਨਹੀਂ ਸੀ ਕਿ ਇਹ ਆਦਮੀ ਜਾਸੂਸ ਸੀ ਜਾਂ ਨਹੀਂ। ਜਦੋਂ ਆਦਮੀ ਨੇ ਉਸ ਨੂੰ ਦੱਸਿਆ ਕਿ ਉਸ ਨੂੰ ਸਿਮਨਜ਼ ਦੇ ਕਾਬੁਲ ਦਫ਼ਤਰ ਦੇ ਅਧਿਕਾਰੀ ਹੈਰ ਥੌਮਸ ਨੇ ਭੇਜਿਆ ਸੀ ਤਾਂ ਵੀ ਅਧਿਕਾਰੀ ਦਾ ਰੌਂਅ ਨਹੀਂ ਬਦਲਿਆ। ਇਤਾਲਵੀ ਸਫ਼ੀਰ ਗਰਜਿਆ, "ਕਿਸ ਲਈ?" ਪਰ ਡਰਨ ਦੀ ਥਾਂ ਆਦਮੀ ਨੇ ਦ੍ਰਿੜਤਾ ਭਰੇ ਲਹਿਜੇ ਅਤੇ ਆਵਾਜ਼ ਵਿੱਚ ਜੁਆਬ ਦਿੱਤਾ, "ਮੈਨੂੰ ਪਤਾ ਨਹੀਂ। ਮੈਨੂੰ ਸਿਰਫ਼ ਤੁਹਾਨੂੰ ਮਿਲਣ ਲਈ ਕਿਹਾ ਗਿਆ ਹੈ।"

ਆਦਮੀ ਦੀ ਆਵਾਜ਼ ਵਿੱਚ ਕੁਝ ਅਜਿਹਾ ਸੀ ਜਿਸ ਨੇ ਇਤਾਲਵੀ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਇਹ ਆਮ ਅਫ਼ਗਾਨ ਵਿਅਕਤੀ ਨਹੀਂ। ਹੁਣ ਉਸ ਨੇ ਆਦਮੀ ਨੂੰ ਚੰਗੀ ਤਰ੍ਹਾਂ ਦੇਖਿਆ: ਉਹ ਮਧਰਾ ਸੀ, ਪਰ ਬਹੁਤ ਮਜ਼ਬੂਤ ਅਤੇ ਤਕੜੇ ਜੁੱਸੇ ਵਾਲਾ ਸੀ। ਸਫ਼ੀਰ ਨੇ ਫੋਨ ਚੁੱਕ ਕੇ ਥੌਮਸ ਦਾ ਨੰਬਰ ਮਿਲਾਇਆ। ਇਤਾਲਵੀ ਅਤੇ ਜਰਮਨ ਨੇ ਕੁਝ ਮਿੰਟ ਗੱਲ ਕੀਤੀ। ਇਤਾਲਵੀ ਨੇ ਜਰਮਨ ਦੀ ਗੱਲ ਧਿਆਨ ਨਾਲ ਸੁਣੀ। ਉਨ੍ਹਾਂ ਨੇ ਜਰਮਨ ਭਾਸ਼ਾ ਵਿੱਚ ਗੱਲ ਕੀਤੀ ਜੋ ਅੱਧਾ ਜਰਮਨ ਹੋਣ ਨਾਤੇ ਇਤਾਲਵੀ ਸਫ਼ੀਰ ਚੰਗੀ ਤਰ੍ਹਾਂ ਜਾਣਦਾ ਸੀ। ਆਉਣ ਵਾਲੇ ਵਿਅਕਤੀ ਨੂੰ ਭਾਸ਼ਾ ਨਾ ਜਾਣਨ ਕਾਰਨ ਇੱਕ ਸ਼ਬਦ ਵੀ ਸਮਝ ਨਹੀਂ ਆਇਆ, ਪਰ ਸਫ਼ੀਰ ਦੇ ਸਿਰ ਹਿਲਾਉਣ ਦੇ ਤਰੀਕੇ ਨਾਲ ਉਸ ਨੂੰ ਗੱਲਬਾਤ ਦੀ ਗੰਭੀਰਤਾ ਦਾ ਅਹਿਸਾਸ ਹੋਇਆ। ਇਤਾਲਵੀ ਨੇ ਕੁਝ ਮਿੰਟਾਂ ਬਾਅਦ ਫੋਨ ਰੱਖ ਦਿੱਤਾ ਅਤੇ ਆਪਣੇ ਅਫ਼ਗਾਨ ਸਹਾਇਕ ਅਤੇ ਨੌਕਰ ਨੂੰ ਕਮਰੇ ਵਿੱਚੋਂ ਬਾਹਰ ਜਾਣ ਲਈ ਕਿਹਾ ਜੋ ਉਸ ਆਦਮੀ ਨੂੰ ਅੰਦਰ ਲਿਆਏ ਸਨ। ਉਨ੍ਹਾਂ ਦੇ ਜਾਣ ਮਗਰੋਂ ਸਫ਼ੀਰ ਨੇ ਦਰਵਾਜ਼ਾ ਬੰਦ ਕਰ ਦਿੱਤਾ ਅਤੇ ਆਦਮੀ ਨੂੰ ਬੈਠਣ ਲਈ ਕਿਹਾ। ਉਸ ਨਾਲ ਅੰਗਰੇਜ਼ੀ ਵਿੱਚ ਹੌਲੀ ਹੌਲੀ ਬੋਲਦਿਆਂ ਕਿਹਾ, "ਮੇਰਾ ਨਾਂ ਪੀਤਰੋ ਕੁਆਰੋਨੀ ਹੈ ਅਤੇ ਮੈਂ ਕਾਬੁਲ ਵਿੱਚ ਇਤਾਲਵੀ ਸਫ਼ੀਰ ਹਾਂ।"

ਆਦਮੀ ਨੇ ਕੁਆਰੋਨੀ ਨੂੰ ਆਪਣਾ ਨਾਂ ਰਹਿਮਤ ਖ਼ਾਨ ਦੱਸਿਆ, ਭਾਵੇਂ ਇਹ ਉਸ ਦਾ ਅਸਲ ਨਾਂ ਨਹੀਂ ਸੀ। ਉਸ ਨੇ ਇਤਾਲਵੀ ਨੂੰ ਇਹ ਦੱਸਣ ਸਮੇਂ ਵਧੇਰੇ ਇਮਾਨਦਾਰੀ ਵਰਤੀ ਕਿ ਉਹ ਅਫ਼ਗਾਨ ਨਹੀਂ ਸੀ ਸਗੋਂ ਅਫ਼ਗਾਨਿਸਤਾਨ ਨੂੰ ਬ੍ਰਿਟਿਸ਼ ਇੰਡੀਆ ਨਾਲੋਂ ਨਿਖੇੜਨ ਵਾਲੇ ਕਬਾਇਲੀ ਖਿੱਤੇ ਰਾਹੀਂ ਪਿਸ਼ਾਵਰ ਤੋਂ ਕਾਬੁਲ ਤਕ 200 ਮੀਲ ਦਾ ਰਸਤਾ ਪੈਦਲ ਤੈਅ ਕਰਕੇ 27 ਜਨਵਰੀ ਨੂੰ ਭਾਰਤ ਤੋਂ ਉੱਥੇ ਪੁੱਜਿਆ ਸੀ। ਉਸ ਨੇ ਦੱਸਿਆ ਕਿ ਇਹ ਸਫ਼ਰ ਉਸ ਨੇ ਇਕੱਲਿਆਂ ਤੈਅ ਨਹੀਂ ਕੀਤਾ ਸਗੋਂ ਇਸ ਦੌਰਾਨ ਉਸ ਨੇ ਕ੍ਰਿਸ਼ਮਈ ਭਾਰਤੀ ਕ੍ਰਾਂਤੀਕਾਰੀ ਸੁਭਾਸ਼ ਚੰਦਰ ਬੋਸ ਦੇ ਗਾਈਡ ਅਤੇ ਰੱਖਿਅਕ ਦੀ ਭੂਮਿਕਾ ਨਿਭਾਈ ਸੀ ਜੋ ਭਾਰਤ ਵਿੱਚੋਂ ਬਚ ਨਿਕਲੇ ਸਨ ਅਤੇ ਦੇਸ਼ ਨੂੰ ਬ੍ਰਿਟਿਸ਼ ਰਾਜ ਤੋਂ ਆਜ਼ਾਦ ਕਰਾਉਣ ਲਈ ਜਰਮਨਾਂ ਤੋਂ ਮਦਦ ਲੈਣ ਲਈ ਹੁਣ ਬਰਲਿਨ ਜਾਣਾ ਚਾਹੁੰਦੇ ਸਨ। ਖ਼ਾਨ ਅਤੇ ਬੋਸ ਨੇ ਕਾਬੁਲ ਵਿਚਲੇ ਜਰਮਨ ਸਫ਼ਾਰਤਖ਼ਾਨੇ ਨਾਲ ਸੰਪਰਕ ਕੀਤਾ ਸੀ ਤੇ ਇਸ ਤਰ੍ਹਾਂ ਉਹ ਹੈਰ ਥੌਮਸ ਦੇ ਸੰਪਰਕ ਵਿੱਚ ਆਏ, ਪਰ ਕਈ ਮੁਲਾਕਾਤਾਂ ਦੇ ਬਾਵਜੂਦ ਬੋਸ ਨੂੰ ਕਾਬੁਲ ਵਿੱਚੋਂ ਕੱਢਣ ਲਈ ਕੋਈ ਪੱਕਾ ਪ੍ਰਬੰਧ ਨਹੀਂ ਕੀਤਾ ਗਿਆ। ਦੋਵੇਂ ਫ਼ਿਕਰਮੰਦ ਸਨ ਕਿਉਂਕਿ ਜ਼ਿਆਦਾ ਸਮਾਂ ਕਾਬੁਲ ਵਿੱਚ ਰਹਿਣਾ ਖ਼ੁਦ ਲਈ ਵੱਡਾ ਖ਼ਤਰਾ ਸਹੇੜਨਾ ਸੀ। ਉਹ ਲਾਜ਼ਮੀ ਦਸਤਾਵੇਜ਼ਾਂ ਅਤੇ ਪਾਸਪੋਰਟ ਤੋਂ ਬਿਨਾਂ ਕਾਬੁਲ ਵਿੱਚੋਂ ਦਾਖ਼ਲ ਹੋਏ ਸਨ। ਇੱਕ ਪੁਲੀਸ ਵਾਲੇ ਨੂੰ ਰਿਸ਼ਵਤ ਦੇ ਕੇ ਉਹ ਗ੍ਰਿਫ਼ਤਾਰੀ ਤੋਂ ਬਚ ਸਕੇ ਸਨ। ਕੁਆਰੋਨੀ ਕੋਲ ਖ਼ਾਨ ਦਾ ਪੁੱਜਣਾ ਉਨ੍ਹਾਂ ਵੱਲੋਂ ਖੇਡੀ ਗਈ ਆਖ਼ਰੀ ਬਾਜ਼ੀ ਸੀ ਤਾਂ ਜੋ ਅਫ਼ਗਾਨ-ਰੂਸ ਸਰਹੱਦ ਪਾਰ ਕਰਨ ਲਈ ਬੋਸ ਨੂੰ ਸਫ਼ਰ ਦੇ ਦਸਤਾਵੇਜ਼ ਮਿਲਣਾ ਯਕੀਨੀ ਬਣਾਇਆ ਜਾ ਸਕੇ ਅਤੇ ਫਿਰ ਉਹ ਸੋਵੀਅਤ ਯੂਨੀਅਨ ਰਸਤੇ ਹਿਟਲਰ ਦੇ ਜਰਮਨੀ ਵਿੱਚ ਪੁੱਜ ਸਕਣ।

ਜਰਮਨਾਂ ਦੇ ਉਲਟ ਕੁਆਰੋਨੀ ਇਸ ਲਈ ਇਛੁੱਕ ਸਾਬਤ ਹੋਇਆ। ਤਿੰਨ ਹਫ਼ਤੇ ਹੋਈਆਂ ਕਈ ਮੁਲਾਕਾਤਾਂ ਮਗਰੋਂ ਬੋਸ ਨੂੰ ਇਤਾਲਵੀ ਕੂਟਨੀਤਕ ਦਾ ਪਾਸਪੋਰਟ ਦੇ ਕੇ ਅਫ਼ਗਾਨ ਸਰਹੱਦ ਪਾਰ ਕਰਾ ਕੇ ਮਾਸਕੋ ਲਈ ਰੇਲ ਗੱਡੀ ਵਿੱਚ ਬਿਠਾ ਦਿੱਤਾ ਗਿਆ ਜਿੱਥੋਂ ਬਰਲਿਨ ਜਾਣ ਲਈ ਉਨ੍ਹਾਂ ਨੇ ਰਾਤ ਦੀ ਰੇਲ ਗੱਡੀ ਫੜੀ। ਉੱਥੇ ਉਨ੍ਹਾਂ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਵਿਉਂਤਾਂ ਬਣਾਈਆਂ, ਹਿਟਲਰ ਨੂੰ ਮਿਲੇ ਅਤੇ ਫਿਰ ਬ੍ਰਿਟਿਸ਼ਾਂ ਖ਼ਿਲਾਫ਼ ਲੜਨ ਲਈ ਫ਼ੌਜ ਤਿਆਰ ਕਰਨ ਖ਼ਾਤਰ ਜਪਾਨ ਚਲੇ ਗਏ। ਜਪਾਨ ਦੇ ਆਤਮ-ਸਮਰਪਣ ਤੋਂ ਕੁਝ ਦਿਨਾਂ ਮਗਰੋਂ ਹਵਾਈ ਹਾਦਸੇ ਵਿੱਚ ਉਨ੍ਹਾਂ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੀ ਮੌਤ ਸਬੰਧੀ ਭਾਰਤ ਵਿੱਚ ਹਾਲੇ ਵੀ ਵਿਵਾਦ ਹੈ। ਉਹ ਰਹਿਮਤ ਖ਼ਾਨ ਨੂੰ ਕਾਬੁਲ ਵਿੱਚ ਹੀ ਛੱਡ ਗਏ ਸਨ। ਉਸ ਦੀ ਕਹਾਣੀ ਹੋਰ ਵੀ ਅਸਾਧਾਰਨ ਹੈ ਜੋ ਹਾਲੇ ਪੂਰੀ ਸੁਣਾਈ ਨਹੀਂ ਗਈ।

ਬੋਸ ਦੇ ਯੂਰਪ ਚਲੇ ਜਾਣ ਤੋਂ ਕੁਝ ਦਿਨਾਂ ਬਾਅਦ ਹੀ ਉਨ੍ਹਾਂ ਦੇ ਰੱਖਿਅਕ ਖ਼ਾਨ ਨੂੰ ਇਤਾਲਵੀਆਂ ਲਈ ਜਾਸੂਸ ਬਣਾ ਦਿੱਤਾ ਗਿਆ। ਜੰਗ ਛਿੜਨ ਵੇਲੇ ਤੋਂ ਹੀ ਕੁਆਰੋਨੀ ਇੱਕ ਅਜਿਹੇ ਹਥਿਆਰ ਦੀ ਤਲਾਸ਼ ਵਿੱਚ ਸੀ ਜਿਸ ਨਾਲ ਉਹ ਭਾਰਤ ਵਿੱਚ ਬ੍ਰਿਟਿਸ਼ ਨੂੰ ਨਿਸ਼ਾਨਾ ਬਣਾ ਸਕੇ। ਉਸ ਦਾ ਮੰਨਣਾ ਸੀ ਕਿ ਭਾਰਤ, ਬ੍ਰਿਟੇਨ ਦੀ ਕਮਜ਼ੋਰ ਕੜੀ ਹੈ ਅਤੇ ਬ੍ਰਿਟਿਸ਼ ਤਾਜ ਦੇ ਨਗੀਨੇ ਨੂੰ ਦਿੱਤੇ ਝਟਕੇ ਦਾ ਡਾਢਾ ਪ੍ਰਭਾਵ ਪਵੇਗਾ। ਇਸੇ ਲਈ ਬੋਸ ਵੱਲੋਂ ਖ਼ਾਨ ਨੂੰ ਇਤਾਲਵੀਆਂ ਲਈ ਆਪਣੇ ਏਜੰਟ ਵਜੋਂ ਕੰਮ ਕਰਨ ਲਈ ਨਾਮਜ਼ਦ ਕਰਨ ਉੱਤੇ ਕੁਆਰੋਨੀ ਨੇ ਮੌਕਾ ਸੰਭਾਲ ਲਿਆ। ਕੁਝ ਮਹੀਨਿਆਂ ਮਗਰੋਂ ਖ਼ਾਨ ਨੂੰ ਇਟਲੀ ਦੇ ਸਾਥੀ ਜਰਮਨੀ ਨੇ ਆਪਣੇ ਲਈ ਕੰਮ ਕਰਨ ਵਾਸਤੇ ਕਿਹਾ। ਇਤਾਲਵੀਆਂ ਅਤੇ ਜਰਮਨਾਂ ਦੋਵਾਂ ਤੋਂ ਪੈਸੇ ਲੈਣ ਦੇ ਬਾਵਜੂਦ ਉਹ ਫਾਸ਼ੀਵਾਦੀ ਨਹੀਂ ਸਗੋਂ ਕਮਿਊਨਿਸਟ ਸੀ ਅਤੇ ਸ਼ੁਰੂ ਤੋਂ ਹੀ ਉਹ ਦੋਵਾਂ ਮੁਲਕਾਂ ਨੂੰ ਧੋਖਾ ਦੇ ਰਿਹਾ ਸੀ। ਹਿਟਲਰ ਵੱਲੋਂ ਸੋਵੀਅਤ ਯੂਨੀਅਨ ਉੱਤੇ ਹਮਲਾ ਕਰਨ ਲਈ ਅਪਰੇਸ਼ਨ 'ਬਾਰਬਾਰੋਸਾ' ਚਲਾਉਣ ਸਮੇਂ ਉਹ ਰੂਸੀਆਂ ਨਾਲ ਮਿਲ ਕੇ ਨਾਜ਼ੀਆਂ ਨੂੰ ਮੂਰਖ ਬਣਾਉਂਦਾ ਰਿਹਾ। ਬਾਅਦ ਵਿੱਚ ਉਹ ਬ੍ਰਿਟਿਸ਼ਾਂ ਲਈ ਕੰਮ ਕਰਦਾ ਰਿਹਾ ਜਿਨ੍ਹਾਂ ਨੇ ਉਸ ਨੂੰ 'ਸਿਲਵਰ' ਨਾਂ ਦਿੱਤਾ। ਇਹ ਇੱਕ ਤਰ੍ਹਾਂ ਨਾਲ ਬ੍ਰਿਟਿਸ਼ ਵੱਲੋਂ ਕੀਤਾ ਗਿਆ ਮਜ਼ਾਕ ਸੀ ਕਿਉਂਕਿ ਉਹ ਮਿਸਟਰ ਸਿਲਵਰ ਸੀ ਜੋ ਲੰਡਨ ਆਧਾਰਿਤ ਉੱਚ ਅਧਿਕਾਰੀ ਸੀ ਅਤੇ ਭਾਰਤ ਵਿੱਚ ਖ਼ੁਫੀਆ ਤੰਤਰ ਦੀ ਨਿਗਰਾਨੀ ਕਰਦਾ ਸੀ।

ਜਰਮਨਾਂ ਨੇ ਉਸ ਨੂੰ ਇੰਨਾ ਅਹਿਮ ਸਮਝਿਆ ਕਿ ਹਿਟਲਰ ਨੇ ਉਸ ਨੂੰ ਸੇਵਾਵਾਂ ਬਦਲੇ ਉਸ ਨੂੰ ਜਰਮਨ ਫ਼ੌਜ ਦੇ ਸਭ ਤੋਂ ਵੱਡੇ ਸਨਮਾਨ ਆਇਰਨ ਕਰੌਸ ਨਾਲ ਸਨਮਾਨਿਤ ਕੀਤਾ। [illegible] ਹਿਸਾਬ ਨਾਲ ਦੇਖਿਆ ਜਾਵੇ ਤਾਂ [illegible] ਉਸ ਨੇ 25 ਲੱਖ ਪੌਂਡ ਹਾਸਲ ਕੀਤੇ। ਜਰਮਨਾਂ ਨੂੰ ਇੱਕ ਪਲ ਲਈ ਵੀ ਇਹ ਸ਼ੱਕ ਨਹੀਂ ਹੋਇਆ ਕਿ ਇਹ ਸੁਨੇਹੇ ਦਿੱਲੀ ਦੇ ਵਾਇਸਰੀਗਲ ਪੈਲੇਸ ਦੇ ਬਾਗ਼ ਵਿੱਚ ਬ੍ਰਿਟਿਸ਼ਾਂ ਵੱਲੋਂ ਦਿੱਤੀਆਂ ਜਾਂਦੀਆਂ ਗ਼ਲਤ ਫ਼ੌਜੀ ਸੂਚਨਾਵਾਂ ਹਨ। ਜੰਗ ਖ਼ਤਮ ਹੋਣ ਤੋਂ ਪਹਿਲਾਂ ਉਸ ਨੇ ਜਾਪਾਨੀਆਂ ਨੂੰ ਵੀ ਧੋਖਾ ਦਿੱਤਾ। ਇਸ ਤਰ੍ਹਾਂ ਉਹ ਦੂਜੀ ਆਲਮੀ ਜੰਗ ਵਿੱਚ ਪੰਜ ਮੁਲਕਾਂ ਲਈ ਜਾਸੂਸੀ ਕਰਨ ਵਾਲਾ ਇੱਕੋ ਇੱਕ ਏਜੰਟ ਬਣਿਆ। ਇਸ ਜੰਗ ਵਿੱਚ ਕਈ ਬਹੁਤ ਵਧੀਆ ਜਾਸੂਸ ਸਨ, ਪਰ ਇਹ ਗੱਲ ਸਿਲਵਰ ਨੂੰ ਦੂਜੀ ਆਲਮੀ ਜੰਗ ਦੇ ਹੋਰ ਕਿਸੇ ਵੀ ਜਾਸੂਸ ਤੋਂ ਵੱਖਰੇ ਪੱਧਰ 'ਤੇ ਪਹੁੰਚਾਉਂਦੀ ਤੇ ਖ਼ਾਸ ਬਣਾਉਂਦੀ ਹੈ ਕਿ ਪੂਰੀ ਜੰਗ ਦੌਰਾਨ ਉਸ ਨੇ ਵਿਲੱਖਣ ਰੰਗਮੰਚ ਉੱਤੇ ਕੰਮ ਕੀਤਾ। ਬਾਕੀ ਜਾਸੂਸਾਂ ਨੇ ਸਿਰਫ਼ ਇੱਕ ਟਿਕਾਣੇ ਤੋਂ ਕੰਮ ਕੀਤਾ ਜਦੋਂਕਿ ਸਿਲਵਰ ਲਗਾਤਾਰ ਕਾਬੁਲ ਅਤੇ ਭਾਰਤ ਵਿੱਚ ਆਉਂਦਾ ਜਾਂਦਾ ਰਿਹਾ। ਇਸ ਦਾ ਮਤਲਬ ਸਰਹੱਦ 'ਤੇ ਤਾਇਨਾਤ ਬ੍ਰਿਟਿਸ਼ ਅਤੇ ਅਫ਼ਗਾਨ ਗਾਰਡਾਂ ਨੂੰ ਝਕਾਨੀ ਦੇਣਾ ਅਤੇ ਕਬਾਇਲੀ ਖੇਤਰਾਂ ਰਾਹੀਂ ਸਫ਼ਰ ਕਰਨਾ ਸੀ। ਇਸੇ ਖੇਤਰ ਵਿੱਚ ਹੀ ਵਿੰਸਟਨ ਚਰਚਿਲ ਨੇ ਉਨੀਵੀਂ ਸਦੀ ਦੇ ਅੰਤ ਵਿੱਚ ਆਪਣੀ ਪਹਿਲੀ ਜੰਗ ਲੜੀ ਅਤੇ ਉੱਥੇ [illegible] ਫ਼ੌਜਾਂ ਨੇ ਹਮਲਾ ਕਰਕੇ ਉਸ ਨੂੰ ਅਫ਼ਗਾਨਿਸਤਾਨ ਵਿੱਚੋਂ ਭੱਜਣ ਲਈ ਮਜਬੂਰ ਕਰ ਦਿੱਤਾ ਸੀ। ਅੱਜ ਪਾਕਿਸਤਾਨ ਦਾ ਹਿੱਸਾ ਹੋਣ ਦੇ ਬਾਵਜੂਦ ਇਹ ਖੇਤਰ (ਫਾਟਾ ਭਾਵ ਫੈਡਰਲੀ ਐਡਮਿਨਿਸਟਰਡ ਟਰਾਈਬਲ ਏਰੀਆ) ਤਾਲਿਬਾਨ ਅਤੇ ਕਾਫ਼ਿਰਾਂ ਨੂੰ ਤਬਾਹ ਕਰਨ ਦੇ ਮਨਸੂਬੇ ਘੜਨ ਵਾਲੇ ਮੁਸਲਿਮ ਜਹਾਦੀਆਂ ਦਾ ਇਲਾਕਾ ਹੈ। ਜਿਸ ਦੌਰ ਦੀ ਗੱਲ ਕਰ ਰਹੇ ਹਾਂ, ਉਸ ਸਮੇਂ ਇਹ ਖੇਤਰ ਬ੍ਰਿਟਿਸ਼ ਅਧੀਨ ਸੀ ਜਿੱਥੇ ਕਬਾਇਲੀਆਂ ਨੂੰ ਦਬਾਉਣ ਲਈ ਉਨ੍ਹਾਂ ਨੂੰ ਲਗਾਤਾਰ ਅਤੇ ਅਕਸਰ ਬੇਰਹਿਮੀ ਨਾਲ ਮੁਹਿੰਮ ਚਲਾਉਣੀ ਪੈਂਦੀ ਸੀ। ਸਿਲਵਰ ਦੀ ਕਹਾਣੀ ਦਾ ਇੱਕ ਹੋਰ ਪਾਸਾਰ ਵੀ ਹੈ ਜੋ ਉਸ ਨੂੰ ਜੰਗ ਦੇ ਹੋਰ ਵਧੇਰੇ ਪ੍ਰਸਿੱਧ ਜਾਸੂਸਾਂ ਨਾਲੋਂ ਬਹੁਤ ਵੱਖਰਾ ਬਣਾਉਂਦਾ ਹੈ। ਉਸ ਦੇ ਕੁਝ ਗੁਣ ਗਾਰਬੋ, ਸੀਸੇਰੋ ਅਤੇ ਸੋਰਜ ਨਾਂ ਦੇ ਪ੍ਰਸਿੱਧ ਜਾਸੂਸਾਂ ਨਾਲ ਮਿਲਦੇ ਸਨ, ਪਰ ਉਨ੍ਹਾਂ ਨਾਲੋਂ ਇੱਕ ਵੱਡਾ ਫ਼ਰਕ ਸੀ। ਇਹ ਤਿੰਨੋਂ ਜਾਸੂਸ ਆਜ਼ਾਦ ਮੁਲਕਾਂ ਨਾਲ ਸਬੰਧਿਤ ਹੋਣ ਕਾਰਨ ਆਪਣੀ ਤਕਦੀਰ ਖ਼ੁਦ ਬਣਾ ਸਕਦੇ ਸਨ। ਗਾਰਬੋ ਅਤੇ ਸੀਸੇਰੋ ਜੰਗ ਵਿੱਚ ਨਿਰਪੱਖ ਰਹੇ ਮੁਲਕਾਂ ਸਪੇਨ ਅਤੇ ਤੁਰਕੀ ਤੋਂ ਸਨ। ਸੋਰਜ ਜਰਮਨ ਕਮਿਊਨਿਸਟ ਸੀ ਜਿਸ ਨੇ ਸੋਵੀਅਤ ਯੂਨੀਅਨ ਨੂੰ ਬਚਾਉਣ ਅਤੇ ਆਪਣੇ ਮੁਲਕ ਦੇ ਬੁਰੇ ਨਿਜ਼ਾਮ ਦੀ ਹਾਰ ਵਿੱਚ ਮਦਦ ਕਰਨ ਨੂੰ ਮੁਲਕ ਪ੍ਰਤੀ ਵਧੇਰੇ ਵਫ਼ਾਦਾਰੀ ਸਮਝਿਆ। ਦੂਜੇ ਪਾਸੇ ਸਿਲਵਰ ਬ੍ਰਿਟਿਸ਼ ਦੇ ਸ਼ਾਸਨ ਵਾਲੇ ਗੁਲਾਮ ਮੁਲਕ ਦਾ ਨਾਗਰਿਕ ਸੀ ਅਤੇ ਉਸ ਸਮੇਂ ਤਾਜ ਦੇ ਨਗੀਨੇ ਉੱਤੇ ਕੰਟਰੋਲ ਰੱਖਣ ਦੀ ਉਸ ਦੀ ਕੋਈ ਯੋਜਨਾ ਨਹੀਂ ਸੀ। ਲੌਇਡ ਜੌਰਜ ਦੀ ਪ੍ਰਧਾਨਗੀ ਹੇਠ ਅਗਸਤ 1917 ਵਿੱਚ ਹੋਈ ਬ੍ਰਿਟਿਸ਼ ਵਾਰ ਕੈਬਨਿਟ ਦੀ ਇਤਿਹਾਸਕ ਮੀਟਿੰਗ ਵਿੱਚ ਅੰਦਾਜ਼ਾ ਲਾਇਆ ਗਿਆ ਸੀ ਕਿ ਭਾਰਤੀਆਂ ਨੂੰ ਖ਼ੁਦ ਸ਼ਾਸਨ ਕਰਨਾ ਸਿੱਖਣ ਵਿੱਚ 500 ਸਾਲ ਲੱਗ ਜਾਣਗੇ। ਇੱਥੋਂ ਤਕ ਕਿ ਵਿਦੇਸ਼ ਮੰਤਰੀ ਆਰਥਰ ਬਲਫਰ ਨੇ ਸਾਥੀ ਕੈਬਨਿਟ ਮੰਤਰੀਆਂ ਨੂੰ ਦੱਸਿਆ ਕਿ ਆਸਟਰੇਲੀਆ ਅਤੇ ਹੋਰ ਗੋਰੇ ਮੁਲਕਾਂ ਵੱਲੋਂ ਅਪਣਾਇਆ ਗਿਆ ਸੰਸਦੀ ਜਮਹੂਰੀਅਤ ਦਾ ਵੈਸਟਮਿੰਸਟਰ ਮਾਡਲ ਭਾਰਤੀਆਂ ਲਈ ਬਹੁਤ ਖ਼ਾਸ ਹੋਵੇਗਾ ਕਿਉਂਕਿ ਉਹ ਬ੍ਰਿਟਿਸ਼ ਨਸਲ ਦੇ ਨਹੀਂ ਹਨ। 1920ਵਿਆਂ ਦੌਰਾਨ ਭਾਰਤ ਦੇ ਬ੍ਰਿਟਿਸ਼ ਗ੍ਰਹਿ ਮੰਤਰੀ ਲਾਰਡ ਬਿਰਕੇਨਹੈੱਡ ਨੇ ਆਪਣੀ ਇੱਕ ਪੁਸਤਕ ਵਿੱਚ ਭਵਿੱਖਬਾਣੀ ਕੀਤੀ ਸੀ ਕਿ 2030 ਵਿੱਚ ਦੁਨੀਆਂ ਕਿਹੋ ਜਿਹੀ ਹੋਵੇਗੀ ਤੇ ਉਸ ਨੇ ਆਪਣੀ ਪੱਕੀ ਧਾਰਨਾ ਦਾ ਬਿਆਨ ਕੀਤਾ ਕਿ ਉਦੋਂ ਵੀ ਬ੍ਰਿਟੇਨ ਨੂੰ ਹੀ ਭਾਰਤ ਉੱਤੇ ਸ਼ਾਸਨ ਕਰਨਾ ਪਵੇਗਾ, ਪਰ 1947 ਵਿੱਚ ਜੋ ਵਾਪਰਿਆ ਉਹ ਕਿਸੇ ਤੋਂ ਗੁੱਝਾ ਨਹੀਂ।

# ਗੁਰਦਾਸਪੁਰ ਦੀਆਂ ਮੰਡੀਆਂ ’ਚ ਕਣਕ ਦੀ ਆਮਦ ਤੇ ਖ਼ਰੀਦ ਨੇ ਤੇਜ਼ੀ ਫੜੀ: 43 ਦਲਵਿੰਦਰਜੀਤ ਸਿੰਘ

**ਏਜੰਸੀਆਂ**

ਗੁਰਦਾਸਪੁਰ 25 ਅਪ੍ਰੈਲ। ਜ਼ਿਲ੍ਹਾ ਗੁਰਦਾਸਪੁਰ ਦੀਆਂ ਮੰਡੀਆਂ ਵਿੱਚ ਕਣਕ ਦੀ ਆਮਦ ਤੇ ਖ਼ਰੀਦ ਨੇ ਤੇਜ਼ੀ ਫੜ ਲਈ ਹੈ। ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 68363 ਮੀਟਰਿਕ ਟਨ ਕਣਕ ਦੀ ਆਮਦ ਹੋਈ, ਜਿਸ ਵਿੱਚੋਂ 61856 ਮੀਟਰਿਕ ਟਨ



ਕਣਕ ਖ਼ਰੀਦੀ ਜਾ ਚੁੱਕੀ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਹੁਣ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕਣਕ ਦੀ ਫ਼ਸਲ ਦੀ ਆਮਦ ਵਿੱਚ ਤੇਜ਼ੀ ਆਈ ਹੈ ਅਤੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਵੱਖ-ਵੱਖ ਖ਼ਰੀਦ ਏਜੰਸੀਆਂ ਵੱਲੋਂ ਕਣਕ ਦੀ ਫ਼ਸਲ ਨੂੰ ਬਿਨਾਂ ਕਿਸੇ ਦੇਰੀ ਤੋਂ ਖ਼ਰੀਦਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਬੀਤੀ ਸ਼ਾਮ ਤੱਕ ਖ਼ਰੀਦ ਏਜੰਸੀ ਪਨਗਰੇਨ ਨੇ 21535 ਮੀਟਰਿਕ ਟਨ, ਮਾਰਕਫੈੱਡ ਨੇ 17175 ਮੀਟਰਿਕ ਟਨ, ਪਨਸਪ ਨੇ 10044 ਮੀਟਰਿਕ ਟਨ, ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਨੇ 9250 ਮੀਟਰਿਕ ਟਨ ਅਤੇ ਐੱਫ਼.ਸੀ.ਆਈ. ਨੇ 3852 ਮੀਟਰਿਕ ਟਨ ਕਣਕ ਖ਼ਰੀਦੀ ਹੈ। ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਖ਼ਰੀਦੀ ਗਈ ਕਣਕ ਦੀ ਅਦਾਇਗੀ ਵੀ ਨਾਲ ਦੀ ਨਾਲ ਕੀਤੀ ਜਾ ਰਹੀ ਹੈ ਅਤੇ ਬੀਤੀ ਸ਼ਾਮ ਤੱਕ 96.98 ਕਰੋੜ ਰੁਪਏ ਦੀ ਰਾਸ਼ੀ ਦਾ ਭੁਗਤਾਨ ਕੀਤਾ ਜਾ ਚੁੱਕਾ ਹੈ। ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਕਿਹਾ ਕਿ ਖ਼ਰੀਦੀ ਗਈ ਫ਼ਸਲ ਦੀ ਲਿਫ਼ਟਿੰਗ ਵੀ ਸ਼ੁਰੂ ਕਰਵਾ ਦਿੱਤੀ ਗਈ ਹੈ ਅਤੇ ਬੀਤੇ ਕੱਲ੍ਹ ਤੱਕ 8389 ਮੀਟਰਿਕ ਟਨ ਕਣਕ ਦੀ ਲਿਫ਼ਟਿੰਗ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਮੰਡੀਆਂ ਵਿੱਚ ਲਿਫ਼ਟਿੰਗ ਨੂੰ ਹੋਰ ਤੇਜ਼ ਕਰਨ ਦੀਆਂ ਹਦਾਇਤਾਂ ਦੇ ਦਿੱਤੀਆਂ ਗਈਆਂ ਹਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਵਾਰ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 6.68 ਲੱਖ ਐੱਮ.ਟੀ. ਕਣਕ ਦੀ ਫ਼ਸਲ ਆਉਣ ਦੀ ਸੰਭਾਵਨਾ ਹੈ ਅਤੇ ਜ਼ਿਲ੍ਹੇ ਵਿੱਚ ਕਣਕ ਦੀ ਖ਼ਰੀਦ ਲਈ 92 ਮੰਡੀਆਂ ਬਣਾਈਆਂ ਗਈਆਂ ਹਨ, ਜਦਕਿ 2 ਆਰਜ਼ੀ ਖ਼ਰੀਦ ਕੇਂਦਰ ਸਥਾਪਿਤ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਮੰਡੀਆਂ ਵਿੱਚ ਬਾਰਦਾਨੇ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਖ਼ਰੀਦ ਸਬੰਧੀ ਹੋਰ ਪ੍ਰਬੰਧ ਵੀ ਮੁਕੰਮਲ ਹਨ। ਉਨ੍ਹਾਂ ਕਿਹਾ ਕਿ ਮੰਡੀਆਂ ਵਿੱਚ ਸਫ਼ਾਈ, ਬਿਜਲੀ, ਪਾਣੀ, ਛਾਂ, ਬਾਥਰੂਮ ਆਦਿ ਦੇ ਪ੍ਰਬੰਧ ਵੀ ਕੀਤੇ ਗਏ ਹਨ।

# ਤਿੰਨ ਸਾਲਾਂ ’ਚ 9 ਹਜ਼ਾਰ ਬੱਚੇ ਪ੍ਰਾਈਵੇਟ ਸਕੂਲ ਛੱਡ ਕੇ ਸਰਕਾਰੀ ਸਕੂਲਾਂ ’ਚ ਦਾਖ਼ਲ ਹੋਏ: ਅਮਨ ਅਰੋੜਾ

**ਸਰਦੂਲ ਸਿੰਘ**

ਸੁਨਾਮ ਊਧਮ ਸਿੰਘ ਵਾਲਾ/ਚੀਮਾ ਮੰਡੀ/ਖੇੜੀ/ਜਲੰਧਰ 25 ਅਪ੍ਰੈਲ। ‘ਪੰਜਾਬ ਸਿੱਖਿਆ ਕ੍ਰਾਂਤੀ’ ਸੂਬੇ ਦੇ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਵਿਦਿਆਰਥੀਆਂ ਦੇ ਭਵਿੱਖ ਨੂੰ ਰੁਸ਼ਨਾਉਣ ਲਈ ਅਹਿਮ ਜ਼ਰੀਆ ਸਾਬਤ ਹੋ ਰਹੀ ਹੈ ਅਤੇ ਉਹ ਦਿਨ ਦੂਰ ਨਹੀਂ ਜਦੋਂ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਵਿਦਿਆਰਥੀ ਆਪਣੀ ਕਾਬਲੀਅਤ ਅਤੇ ਮਿਹਨਤ ਸਦਕਾ ਹਰ ਖੇਤਰ ਵਿਚ ਮੋਹਰੀ ਸਥਾਨ ਹਾਸਲ ਕਰਨਗੇ। ਇਹ ਪ੍ਰਗਟਾਵਾ ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਅੱਜ ਵਿਧਾਨ ਸਭਾ ਹਲਕਾ ਸੁਨਾਮ ਊਧਮ ਸਿੰਘ ਵਾਲਾ ਅਧੀਨ ਆਉਂਦੇ ਪਿੰਡ ਖੇੜੀ ਦੇ ਸਰਕਾਰੀ ਹਾਈ ਸਕੂਲ ਵਿਚ ਵਿਕਾਸ ਕਾਰਜਾਂ ਨੂੰ ਲੋਕ ਅਰਪਣ ਕਰਨ ਮੌਕੇ ਆਯੋਜਿਤ ਸਮਾਗਮ ਦੌਰਾਨ ਕੀਤਾ। ਅਮਨ ਅਰੋੜਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਅਣਥੱਕ ਕੋਸ਼ਿਸ਼ਾਂ ਰੰਗ ਲਿਆਉਣ ਲੱਗ ਪਈਆਂ ਹਨ ਤੇ ਸਰਕਾਰੀ ਸਕੂਲਾਂ ਵਿਚ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਦੇ ਨਾਲ-ਨਾਲ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ’ਚ ‘ਸਿੱਖਿਆ ਕ੍ਰਾਂਤੀ’ ਦੀ ਸ਼ੁਰੂਆਤ ਕੀਤੀ ਹੋਈ ਹੈ। ਤਿੰਨ ਸਾਲਾਂ ’ਚ ਹੀ 9,000 ਬੱਚੇ ਪ੍ਰਾਈਵੇਟ ਸਕੂਲ ਛੱਡ ਕੇ ਸਰਕਾਰੀ ਸਕੂਲਾਂ ’ਚ ਦਾਖਲਾ ਲੈ ਚੁੱਕੇ ਹਨ। ਉਨ੍ਹਾਂ ਕਿਹਾ ਕਿ ਅੱਜ ਸੁਨਾਮ ਹਲਕੇ ਦੇ 7 ਸਰਕਾਰੀ ਸਕੂਲਾਂ ਵਿਚ ਲਗਭਗ 90 ਲੱਖ ਰੁਪਏ ਦੀ ਲਾਗਤ ਵਾਲੇ ਵਿਕਾਸ ਕਾਰਜ, ਜਿਨ੍ਹਾਂ ਵਿਚ ਸਕੂਲਾਂ ਦੀਆਂ ਚਾਰਦੀਵਾਰੀਆਂ, ਸਾਇੰਸ ਲੈਬ, ਲੋੜ ਮੁਤਾਬਕ ਨਵੇਂ ਕਮਰਿਆਂ ਦੀ ਉਸਾਰੀ ਸਮੇਤ ਹੋਰ ਸਹੂਲਤਾਂ ਸ਼ਾਮਲ ਹਨ,



ਵਿਦਿਆਰਥੀਆਂ ਨੂੰ ਸਮਰਪਿਤ ਕੀਤੇ ਗਏ ਹਨ। ਅਮਨ ਅਰੋੜਾ ਨੇ ਦੱਸਿਆ ਕਿ ਜ਼ਿਲ੍ਹਾ ਸਿੱਖਿਆ ਅਫਸਰਾਂ ਨੂੰ ਵੀ ਇਹ ਹਦਾਇਤ ਕੀਤੀ ਗਈ ਹੈ ਕਿ ਉਹ ਨਿਰੰਤਰ ਵਿਦਿਆਰਥੀਆਂ ਅਤੇ ਅਧਿਆਪਕਾਂ ਨਾਲ ਤਾਲਮੇਲ ਕਰ ਕੇ ਉਨ੍ਹਾਂ ਦੀ ਹਰੇਕ ਜ਼ਰੂਰਤ ਨੂੰ ਤਰਜੀਹ ਦੇ ਆਧਾਰ ’ਤੇ ਪੂਰਾ ਕਰਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਸਿੱਖਿਆ ਕ੍ਰਾਂਤੀ ਮੁਹਿੰਮ ਯੋਜਨਾਬੱਧ ਤਰੀਕੇ ਨਾਲ ਚਲਾਈ ਜਾ ਰਹੀ ਹੈ ਤਾਂ ਜੋ ਸਰਕਾਰੀ ਸਕੂਲਾਂ ’ਚ ਅਜਿਹਾ ਉਸਾਰੂ ਮਾਹੌਲ ਸਿਰਜਿਆ ਜਾ ਸਕੇ, ਜਿਸ ਨਾਲ ਨਵੇਂ ਦਾਖਲੇ ਮੌਕੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਆਪਣੇ ਬੱਚੇ ਸਰਕਾਰੀ ਸਕੂਲਾਂ ’ਚ ਦਾਖਲ ਕਰਵਾਉਣ ਲਈ ਉਡੀਕ ਕਰਨੀ ਪਵੇ। ਇਸ ਦੌਰਾਨ ਉਨ੍ਹਾਂ ਨੇ ਸਰਕਾਰੀ ਹਾਈ ਸਕੂਲ ਖੇੜੀ ਦੇ ਵਿਦਿਆਰਥੀਆਂ ਵਲੋਂ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਅਤਿ-ਆਧੁਨਿਕ ਰੋਬੋਟਿਕ ਲੈਬਾਰਟਰੀ ਰਾਹੀਂ ਤਿਆਰ 3-ਡੀ ਪ੍ਰਿੰਟਿੰਗ ਕ੍ਰਿਤਾਂ ਵੀ ਦੇਖੀਆਂ। ਅੱਜ ਦੇ ਸਮਾਗਮਾਂ ਤਹਿਤ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਸਰਕਾਰੀ ਹਾਈ ਸਕੂਲ ਖੇੜੀ, ਸਰਕਾਰੀ ਮਿਡਲ ਸਕੂਲ ਕਨੋਈ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਉਪਲੀ ਚੱਠੇ, ਸਰਕਾਰੀ ਪ੍ਰਾਇਮਰੀ ਸਕੂਲ ਉਭਾਵਾਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੁਗਾਂ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸ਼ੇਰੋਂ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਸ਼ਾਹਪੁਰ ਕਲਾਂ ਵਿਚ ਨਵੇਂ ਵਿਕਾਸ ਕਾਰਜ ਲੋਕ ਅਰਪਿਤ ਕੀਤੇ। ਇਸ ਮੌਕੇ ਏ. ਡੀ. ਸੀ. ਸੁਖਚੈਨ ਸਿੰਘ ਪਾਪੜਾ, ਐੱਸ. ਡੀ. ਐੱਮ. ਪ੍ਰਮੋਦ ਸਿੰਗਲਾ, ਜ਼ਿਲਾ ਸਿੱਖਿਆ ਅਫ਼ਸਰ ਸੈਕੰਡਰੀ ਤਰਵਿੰਦਰ ਕੌਰ, ਉਪ ਜ਼ਿਲਾ ਸਿੱਖਿਆ ਅਫਸਰ ਮਨਜੀਤ ਕੌਰ, ਬੀ.ਡੀ.ਪੀ.ਓ. ਸੰਗਰੂਰ ਗੁਰਦਰਸ਼ਨ ਸਿੰਘ, ਬੀ.ਡੀ.ਪੀ.ਓ. ਸੁਨਾਮ ਸੰਜੀਵ ਕੁਮਾਰ, ਚੇਅਰਮੈਨ ਪਨਸੀਡ ਮਹਿੰਦਰ ਸਿੰਘ ਸਿੱਧੂ, ਬਲਾਕ ਪ੍ਰਧਾਨ ਗੁਰਿੰਦਰ ਪਾਲ ਸਿੰਘ ਖੇੜੀ, ਬਲਜਿੰਦਰ ਸਿੰਘ, ਦੀਪ ਸਿੰਘ, ਗੁਰਚਰਨ ਸਿੰਘ, ਸਾਹਿਬ ਸਿੰਘ, ਗੁਰਚਰਨ ਸਿੰਘ ਚੌਵਾਸ, ਬੀਰਬਲ ਸਿੰਘ ਅਤੇ ਸਿੱਖਿਆ ਕੋਆਰਡੀਨੇਟਰ ਰਾਮ ਕੁਮਾਰ ਵੀ ਹਾਜ਼ਰ ਸਨ।

## 1 ਕਰੋੜ ਦੀ ਫਿਰੌਤੀ ਨਾ ਦੇਣ ’ਤੇ ਘਰ ’ਤੇ ਚਲਾਈਆਂ ਗੋਲੀਆਂ, 2 ਨਾਬਾਲਗਾਂ ਸਮੇਤ 3 ਗ੍ਰਿਫਤਾਰ

ਤਰਨਤਾਰਨ 25 ਅਪ੍ਰੈਲ। ਵਿਦੇਸ਼ ਵਿਚ ਬੈਠੇ ਗੈਂਗਸਟਰ ਪ੍ਰਭ ਦਾਸੂਵਾਲ ਦੇ 3 ਗੁਰਗਿਆਂ ਨੂੰ ਥਾਣਾ ਸਿਟੀ ਤਰਨਤਾਰਨ ਦੀ ਪੁਲਸ ਨੇ ਗ੍ਰਿਫਤਾਰ ਕਰਦੇ ਹੋਏ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਇਥੇ ਦੱਸਣਯੋਗ ਹੈ ਕਿ ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਵਿਚ ਦੋ ਨਾਬਾਲਗ ਸ਼ਾਮਲ ਹਨ। ਜਾਣਕਾਰੀ ਦਿੰਦੇ ਹੋਏ ਜ਼ਿਲ੍ਹੇ ਦੇ ਐੱਸ. ਐੱਸ. ਪੀ. ਅਭਿਮੰਨਿਊ ਰਾਣਾ ਨੇ ਦੱਸਿਆ ਕਿ ਗੁਰਸੇਵਕ ਸਿੰਘ ਪੁੱਤਰ ਜਗਤਾਰ ਸਿੰਘ ਵਾਸੀ ਸਰਦਾਰ ਐਵੀਨਿਊ ਨੇੜੇ ਗੋਇੰਦਵਾਲ ਬਾਈਪਾਸ ਤਰਨਤਾਰਨ ਨੇ ਥਾਣਾ ਸਿਟੀ ਤਰਨਤਾਰਨ ਨੇ ਪੁਲਸ ਨੂੰ ਬਿਆਨ ਦਰਜ ਕਰਵਾਇਆ ਸੀ ਕਿ ਉਸ ਦੇ ਮੋਬਾਈਲ ਫੋਨ ਉਪਰ ਇਕ ਫੋਨ ਕਾਲ ਆਈ ਸੀ, ਜਿਸ ਵਿਚ ਫੋਨ ਕਰਨ ਵਾਲੇ ਨੇ ਆਪਣਾ ਨਾਮ ਪ੍ਰਭ ਦਾਸੂਵਾਲ ਦੱਸ ਕੇ ਉਸ ਪਾਸੋਂ ਇਕ ਕਰੋੜ ਰੁਪਏ ਦੀ ਫਿਰੌਤੀ ਦੀ ਮੰਗੀ ਸੀ। ਫਿਰੌਤੀ ਨਾ ਦੇਣ ਦੀ ਸੂਰਤ ਵਿਚ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਸਨ। ਇਸ ਤੋਂ ਬਾਅਦ 17 ਅਪ੍ਰੈਲ ਦੀ ਰਾਤ ਕਰੀਬ 10 ਵਜੇ ਉਸ ਦੇ ਘਰ ਬਾਹਰ ਅਣਪਛਾਤੇ 3 ਵਿਅਕਤੀਆਂ ਵਲੋਂ ਫਾਇਰਿੰਗ ਕੀਤੀ ਗਈ, ਜੋ ਬਾਅਦ ਵਿਚ ਮੌਕੇ ਤੋਂ ਫਰਾਰ ਹੋ ਗਏ।



ਐੱਸ. ਐੱਸ. ਪੀ. ਨੇ ਦੱਸਿਆ ਕਿ ਇਸ ਮਾਮਲੇ ਵਿਚ ਥਾਣਾ ਸਿਟੀ ਤਰਨਤਾਰਨ ਦੀ ਪੁਲਸ ਨੇ ਕਾਰਵਾਈ ਕਰਦੇ ਹੋਏ ਜੋਬਨਪ੍ਰੀਤ ਸਿੰਘ ਪੁੱਤਰ ਜਗਦੀਪ ਸਿੰਘ ਵਾਸੀ ਪੰਡੋਰੀ ਰਣ ਸਿੰਘ ਹਾਲ ਵਾਸੀ ਸਾਹਮਣੇ ਗੁਰੂ ਹਰਿਕ੍ਰਿਸ਼ਨ ਸਕੂਲ ਤਰਨਤਾਰਨ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ, ਜਿਸ ਦੇ ਨਾਲ 2 ਨਾਬਾਲਗਾਂ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ, ਜਿਸ ਦੀ ਪਹਿਚਾਣ ਦੱਸੀ ਨਹੀਂ ਜਾ ਸਕਦੀ ਹੈ। ਐੱਸ.ਐੱਸ.ਪੀ ਨੇ ਦੱਸਿਆ ਕਿ ਇਸ ਮਾਮਲੇ ਵਿਚ ਵਿਦੇਸ਼ ਵਿਚ ਬੈਠੇ ਗੈਂਗਸਟਰ ਪ੍ਰਭ ਦਾਸੂਵਾਲ ਨੂੰ ਵੀ ਨਾਮਜ਼ਦ ਕਰ ਲਿਆ ਗਿਆ ਹੈ।

# ਪੰਜਾਬ ਦੇ ਵਾਹਨ ਚਾਲਕਾਂ ਲਈ ਖਤਰੇ ਦੀ ਘੰਟੀ, ਇਨ੍ਹਾਂ ਨਵੇਂ ਹੁਕਮਾਂ ਬਾਰੇ ਜਾਣ ਉੱਡਣਗੇ ਹੋਸ਼

**ਕਿਸ਼ਨ ਪਾਲ**

ਸਮਰਾਲਾ 25 ਅਪ੍ਰੈਲ। ਪੁਲਸ ਜ਼ਿਲ੍ਹਾ ਖੰਨਾ ਵੱਲੋਂ ਟ੍ਰੈਫਿਕ ਪ੍ਰਣਾਲੀ ਨੂੰ ਸੁਧਾਰਨ ਤੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਹੁਣ ‘ਡਿਜੀਟਲ’ ਕਾਰਵਾਈ ਕਰਨੀ ਸ਼ੁਰੂ ਕਰ ਦਿੱਤੀ ਗਈ ਹੈ। ਸੂਬੇ ਦੀ ਰਾਜਧਾਨੀ ਚੰਡੀਗੜ੍ਹ ਦੀ ਤਰਜ਼ ’ਤੇ ਹੁਣ ਪੇਂਡੂ ਖੇਤਰ ਦਾ ਗੜ੍ਹ ਮੰਨੇ ਜਾਂਦੇ ਸਮਰਾਲਾ, ਖੰਨਾ, ਪਾਇਲ, ਮਾਛੀਵਾੜਾ ਸਾਹਿਬ ਤੇ ਦੋਰਾਹਾ ਇਲਾਕਿਆਂ ’ਚ ਟ੍ਰੈਫਿਕ ਪੁਲਸ ਹੁਣ ਹੱਥਾਂ ’ਚ ਚਲਾਨ ਬੁੱਕਾਂ ਫੜ ਕੇ ਖੜ੍ਹੀ ਨਜ਼ਰ ਨਹੀਂ ਆਵੇਗੀ ਸਗੋਂ ਡਿਜੀਟਲ ਮਸ਼ੀਨਾਂ ਨਾਲ ਲੈੱਸ ਟ੍ਰੈਫਿਕ ਪੁਲਸ ਚੁੱਪ ਚਪੀਤੇ ਆਪਣੀ ਕਾਰਵਾਈ ਕਰਦੀ ਦਿਖਾਈ ਦੇਵੇਗੀ। ਇਸ ਤੋਂ ਪਹਿਲਾ ਅਕਸਰ ਅਜਿਹਾ ਹੁੰਦਾ ਸੀ ਕਿ ਜਿਸ ਵਿਅਕਤੀ ਨੂੰ ਟ੍ਰੈਫਿਕ ਪੁਲਸ ਨਿਯਮਾਂ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਰੋਕਿਆ ਜਾਂਦਾ ਸੀ ਉਨ੍ਹਾਂ ’ਚੋਂ ਬਹੁਤ ਸਾਰੇ ਲੋਕ ਟੌਹਰ ਨਾਲ ਫੋਨ ਕੱਢ ਕੇ ਕਿਸੇ ਰਾਜਨੀਤਿਕ ਆਗੂ ਜਾਂ ਕਿਸੇ ਅਫ਼ਸਰ ਨੂੰ ਬੁਲਾ ਕੇ ਟ੍ਰੈਫਿਕ ਕਰਮੀਆਂ ਦੇ ਕੰਨ ਨੂੰ ਲਗਾ ਦਿੰਦੇ ਸਨ, ਜਿਸ ਕਾਰਨ ਬਹੁਤ ਸਾਰੇ ਲੋਕ ਸਿਫ਼ਾਰਸ਼ਾਂ ਦਾ ਲਾਹਾ ਲੈ ਕੇ ਕਾਰਵਾਈ ਤੋਂ ਬਚ ਜਾਂਦੇ ਸਨ ਪਰ ਹੁਣ ਡਿਜੀਟਲ ਕਾਰਵਾਈ ਕਾਰਨ ਹਰ ਰੋਜ਼ 150 ਦੇ ਕਰੀਬ ਚਲਾਨ ਕੱਟੇ ਜਾ ਰਹੇ ਹਨ। ਮੁੱਖ ਚੌਂਕ ਸਮਰਾਲਾ ’ਚ ਥਾਣਾ ਮੁੱਖੀ ਪਵਿੱਤਰ ਸਿੰਘ ਦੀ ਅਗਵਾਈ ’ਚ ਟ੍ਰੈਫਿਕ ਇੰਚਾਰਜ ਸੁਰਜੀਤ ਸਿੰਘ ਵੱਲੋਂ ਟ੍ਰੈਫਿਕ ਨਿਯਮਾਂ ਦੀ



ਉਲੰਘਣਾ ਕਰਨ ਵਾਲਿਆਂ ਦੇ ਚਲਾਨ ਕੱਟਦਿਆਂ ਕਿਹਾ ਕਿ ਟ੍ਰੈਫਿਕ ਪੁਲਸ ਦੀ ਕਾਰਵਾਈ ਆਮ ਲੋਕਾਂ ਦੀ ਸੁਰੱਖਿਆਂ ਲਈ ਜ਼ਰੂਰੀ ਹੈ। ਜੋ ਲੋਕ ਨਿਯਮਾਂ ਦੀ ਉਲੰਘਣਾ ਕਰਦੇ ਹਨ ਉਹ ਆਪਣੀ ਤੇ ਦੂਜਿਆਂ ਦੀ ਜਾਨ ਵੀ ਖ਼ਤਰੇ ’ਚ ਪਾਉਂਦੇ ਹਨ। ਟ੍ਰੈਫਿਕ ਪੁਲਸ ਵੱਲੋਂ ਬੇ-ਲਗਾਮ ਹੋ ਕੇ ਸੜਕਾਂ ’ਤੇ ਘੁੰਮਦੇ ਵਾਹਨਾਂ ਤੇ ਵਾਹਨ ਚਾਲਕਾ ਖ਼ਿਲਾਫ਼ ਜੋ ਈ-ਚਲਾਨ ਰਾਹੀਂ ਕਾਰਵਾਈ ਆਰੰਭ ਕੀਤੀ ਗਈ ਹੈ। ਉਸ ਨਾਲ ਭਾਵੇਂ ਚਲਾਨ ਭਰਨ ਵਾਲੇ ਨੂੰ ਅਦਾਲਤ ਜਾ ਕੇ ਚਲਾਣ ਭਰਨ ਦੀ ਖੱਜਲ-ਖੁਆਰੀ ਤੋਂ ਛੁਟਕਾਰਾਂ ਤਾਂ ਜ਼ਰੂਰ ਮਿਲ ਗਿਆ ਪਰ ਜੇਕਰ ਉਹ ਵਿਅਕਤੀ ਆਪਣੀ ਗ਼ਲਤੀ ਨੂੰ ਨਾ ਸੁਧਾਰਦੇ ਹੋਏ ਵਾਰ-ਵਾਰ ਦੁਹਰਾਉਂਦਾ ਹੈ ਤਾਂ ਚਲਾਨ ਕੱਟਣ ਵਾਲੀ ਮਸ਼ੀਨ ਆਪਣੇ ਆਪ ਹੀ ਉਸ ਦੇ ਜ਼ੁਰਮਾਨੇ ’ਚ ਵਾਧਾ ਕਰਦੀ ਜਾਵੇਗੀ। ਟ੍ਰੈਫਿਕ ਪੁਲਸ ਦੇ ਹੱਥ ’ਚ ਡਿਜੀਟਲ ਮਸ਼ੀਨ ਫੜੀ ਹੋਵੇ ਤੇ ਅੱਗੋਂ ਕਿਸੇ ਨੇ ਡਰਾਈਵਿੰਗ ਦੌਰਾਨ ਕੰਨ ਨੂੰ ਫੋਨ ਲਾਇਆ ਹੋਵੇ ਤਾਂ ਸਮਝੋ ਉਸ ਦੀ ਜੇਬ ’ਚੋਂ 5 ਹਜ਼ਾਰ ਰੁਪਇਆ ਜੁਰਮਾਨੇ ਦੇ ਰੂਪ ’ਚ ਸਰਕਾਰੀ ਖ਼ਜ਼ਾਨੇ ਵੱਲ ਨੂੰ ਤੁਰ ਪਿਆ ਹੈ। ਇਸੇ ਤਰ੍ਹਾਂ ਰੌਂਗ ਸਾਈਡ ਖੜ੍ਹਾ ਕੀਤਾ ਵਾਹਨ, ਬਿਨਾਂ ਹੈਲਮਟ ਤੋਂ ਚਲਾਇਆ ਵਹੀਕਲ, ਪ੍ਰਦੂਸ਼ਣ ਸਰਟੀਫਿਕੇਟ ਨਹੀਂ ਬਣਾਇਆ ਜਾਂ ਲਾਇਸੈਂਸ ਤੋਂ ਬਗੈਰ ਘੁੰਮਣ ’ਤੇ ਹਜ਼ਾਰ ਰੁਪਏ ਪ੍ਰਤੀ ਉਲੰਘਣਾ ਕਰਨ ਦਾ ਜ਼ੁਰਮਾਨਾਂ ਭਰਨਾ ਪਵੇਗਾ।

## ਰੂਸ-ਯੂਕਰੇਨ ਦੀ ਜੰਗ ਦਾ ਪੰਜਾਬ ਦੇ ਕਿਸਾਨਾਂ ਨੂੰ ਫਾਇਦਾ, ਵਧ ਗਈ ਕਣਕ ਦੀ ਡਿਮਾਂਡ

ਖੰਨਾ 25 ਅਪ੍ਰੈਲ। ਪੰਜਾਬ ਦੇ ਖੁਰਾਕ ਅਤੇ ਸਿਵਲ ਸਪਲਾਈ ਵਿਭਾਗ ਦੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਮੰਗਲਵਾਰ ਸ਼ਾਮ ਨੂੰ ਏਸ਼ੀਆ ਦੀ ਸਭ ਤੋਂ ਵੱਡੀ ਅਨਾਜ ਮੰਡੀ ਖੰਨਾ ਦਾ ਦੌਰਾ ਕੀਤਾ। ਇੱਥੇ, ਕਣਕ ਦੀ ਖਰੀਦ ਪ੍ਰਬੰਧਾਂ ਦਾ ਨਿਰੀਖਣ ਕਰਦੇ ਹੋਏ, ਉਹ ਫਸਲਾਂ ਦੇ ਢੇਰ ’ਤੇ ਗਏ ਅਤੇ ਕਿਸਾਨਾਂ ਨਾਲ ਗੱਲਬਾਤ ਕੀਤੀ ਤੇ ਫ਼ਸਲ ਦੀ ਗੁਣਵੱਤਾ ਦੀ ਜਾਂਚ ਕੀਤੀ। ਇਸ ਦੌਰਾਨ ਉਨ੍ਹਾਂ ਨੇ ਖਰੀਦ ਏਜੰਸੀਆਂ ਤੋਂ ਫੀਡਬੈਕ ਲਿਆ। ਇਸ ਦੌਰਾਨ ਮੀਡੀਆ ਨਾਲ ਗੱਲਬਾਤ ਕਰਦਿਆਂ ਮੰਤਰੀ



ਕਟਾਰੂਚੱਕ ਨੇ ਕਿਹਾ ਕਿ ਯੂਕਰੇਨ-ਰੂਸ ਯੁੱਧ ਕਾਰਨ ਅੰਤਰਰਾਸ਼ਟਰੀ ਪੱਧਰ ’ਤੇ ਕਣਕ ਦੀ ਵਧਦੀ ਮੰਗ ਦਾ ਫਾਇਦਾ ਪੰਜਾਬ ਦੇ ਕਿਸਾਨਾਂ ਨੂੰ ਹੋ ਰਿਹਾ ਹੈ। ਪੰਜਾਬ ਦੀਆਂ ਮੰਡੀਆਂ ਵਿੱਚ ਕਣਕ ਦੀ ਸਰਕਾਰੀ ਖਰੀਦ ਦੇ ਨਾਲ-ਨਾਲ ਨਿੱਜੀ ਖਰੀਦ ਵੀ ਤੇਜ਼ੀ ਨਾਲ ਹੋ ਰਹੀ ਹੈ। ਪੰਜਾਬ ਦੇ ਕਿਸਾਨਾਂ ਨੂੰ ਵੱਧ ਭਾਅ ਮਿਲ ਰਹੇ ਹਨ ਜੋ ਕਿ ਖੁਸ਼ੀ ਦੀ ਗੱਲ ਹੈ। ਇਸ ਵਾਰ ਬੰਪਰ ਫ਼ਸਲ ਹੋਈ ਹੈ। ਜ਼ਿਆਦਾ ਨਿੱਜੀ ਖਰੀਦਦਾਰੀ ਦੇ ਬਾਵਜੂਦ, ਸਰਕਾਰੀ ਖਰੀਦ ਏਜੰਸੀਆਂ ਆਪਣੇ ਕੰਮ ਪੂਰੇ ਕਰਨਗੀਆਂ। ਉਨ੍ਹਾਂ ਕਿਹਾ ਕਿ 22 ਅਪ੍ਰੈਲ ਤੱਕ ਪੰਜਾਬ ਦੀਆਂ ਮੰਡੀਆਂ ਵਿੱਚ 49 ਲੱਖ ਮੀਟ੍ਰਿਕ ਟਨ ਕਣਕ ਪਹੁੰਚ ਚੁੱਕੀ ਹੈ। ਇਸ ਵਿੱਚੋਂ 44.5 ਲੱਖ ਮੀਟ੍ਰਿਕ ਟਨ ਖਰੀਦਿਆ ਗਿਆ ਹੈ। ਸਰਕਾਰ ਆਪਣੀ 124 ਲੱਖ ਮੀਟ੍ਰਿਕ ਟਨ ਦੀ ਜ਼ਰੂਰਤ ਪੂਰੀ ਕਰੇਗੀ। ਕਿਸਾਨਾਂ ਦੇ ਖਾਤਿਆਂ ਵਿੱਚ 5573 ਕਰੋੜ ਰੁਪਏ ਆਏ ਹਨ। ਭੁਗਤਾਨ 24 ਘੰਟਿਆਂ ਦੇ ਅੰਦਰ ਕੀਤਾ ਜਾ ਰਿਹਾ ਹੈ। ਕਿਸਾਨਾਂ ਅਤੇ ਕਮਿਸ਼ਨ ਏਜੰਟਾਂ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾ ਰਿਹਾ ਹੈ। ਬੇਮੌਸਮੀ ਬਾਰਿਸ਼, ਗੜੇਮਾਰੀ ਅਤੇ ਅੱਗ ਦੀਆਂ ਘਟਨਾਵਾਂ ਕਾਰਨ ਕਿਸਾਨਾਂ ਨੂੰ ਹੋਏ ਨੁਕਸਾਨ ਬਾਰੇ ਮੰਤਰੀ ਨੇ ਕਿਹਾ ਕਿ ਇਹ ਕੁਦਰਤ ਦਾ ਝਟਕਾ ਹੈ। ਇਸ ਸਬੰਧੀ ਮੁੱਖ ਮੰਤਰੀ ਭਗਵੰਤ ਮਾਨ ਨੇ ਪ੍ਰਸ਼ਾਸਨ ਨੂੰ ਸਾਰੀਆਂ ਥਾਵਾਂ ’ਤੇ ਹੋਏ ਨੁਕਸਾਨ ਦੀ ਰਿਪੋਰਟ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਹਨ। ਸਰਕਾਰ ਇੱਕ-ਇੱਕ ਪੈਸੇ ਦੀ ਭਰਪਾਈ ਕਰੇਗੀ।

## ਸਨੈਚਰ ਨੇ ਖੇਤਾਂ ’ਚੋਂ ਸਬਜ਼ੀ ਤੋੜ ਰਹੀ ਬਜ਼ੁਰਗ ਮਾਤਾ ਦੇ ਕੰਨਾਂ ’ਚੋਂ ਵਾਲੀਆਂ ਝਪਟੀਆਂ

ਲਾਡੋਵਾਲ 25 ਅਪ੍ਰੈਲ। ਚੋਰਾਂ ਦੇ ਹੌਸਲੇ ਇੰਨੇ ਬੁਲੰਦ ਹੋ ਚੁੱਕੇ ਹਨ ਕਿ ਖੇਤਾਂ ’ਚੋਂ ਸਬਜ਼ੀ ਤੋੜਨ ਗਈ ਇਕ ਬਜ਼ੁਰਗ ਮਾਤਾ ਦੇ ਕੰਨਾਂ ’ਚੋਂ ਚੋਰ ਦਿਨ-ਦਿਹਾੜੇ ਵਾਲੀਆਂ ਲਾਹ ਕੇ ਫਰਾਰ ਹੋ ਗਿਆ। ਔਰਤ ਦਾ ਇਕ ਕੰਨ ਵਾਲੀਆਂ ਖਿੱਚਣ ਸਮੇਂ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਇਸ ਸਬੰਧੀ ਗੱਲਬਾਤ ਕਰਦਿਆਂ ਪਿੰਡ ਕੁਤਬੇਵਾਲ ਗੁਜਰਾਂ ਦੀ ਮਾਤਾ ਹਰਬੰਸ ਕੌਰ ਪਤਨੀ ਜੀਤ ਸਿੰਘ ਨੇ ਦੱਸਿਆ ਕਿ ਉਹ ਅੱਜ ਸਵੇਰੇ ਆਪਣੇ ਖੇਤ ’ਚੋਂ ਸਬਜ਼ੀ ਤੋੜ ਰਹੀ ਸੀ ਕਿ ਇਕ ਨੌਜਵਾਨ ਨੇ ਸਾਡੇ ਖੇਤਾਂ ਤੋਂ ਪਿੱਛੇ ਆਪਣਾ ਮੋਟਰਸਾਈਕਲ ਖੜ੍ਹਾ ਕਰ ਕੇ ਮੇਰੇ ਕੋਲ ਆਇਆ ਅਤੇ ਕਿਸੇ ਦੀ ਮੋਟਰ ਬਾਰੇ ਪੁੱਛਣ ਲੱਗਿਆ। ਉਸਨੇ ਕਿਹਾ ਕਿ ਮੈਨੂੰ ਇਸ ਬਾਰੇ ਨਹੀਂ ਪਤਾ, ਜਦ ਮੈਂ ਸਬਜ਼ੀ ਵਾਲੀ ਬਾਲਟੀ ਚੁੱਕਣ ਲੱਗੀ ਤਾਂ ਉਸ ਨੌਜਵਾਨ ਨੇ ਮੇਰੇ ਪਿੱਛੋਂ ਦੀ ਹੋ ਕੇ ਕੰਨਾਂ ’ਚ ਪਾਈਆਂ ਸੋਨੇ ਦੀਆਂ ਵਾਲੀਆਂ ਬੇਰਹਿਮੀ ਨਾਲ ਖਿੱਚ ਲਈਆਂ। ਇਸ ਦੌਰਾਨ ਮੇਰਾ ਖੱਬੇ ਪਾਸੇ ਦਾ ਕੰਨ ਵੀ ਲਹੂ-ਲੁਹਾਨ ਹੋ ਗਿਆ। ਉਸ ਨੇ ਰੌਲਾ ਤਾਂ ਬਹੁਤ ਪਾਇਆ ਪਰ ਨੇੜੇ-ਤੇੜੇ ਕੋਈ ਨਾ ਹੋਣ ਕਰ ਕੇ ਉਹ ਨੌਜਵਾਨ ਆਪਣੇ ਮੋਟਰਸਾਈਕਲ ’ਤੇ ਸਵਾਰ ਹੋ ਕੇ ਭੱਜਣ ’ਚ ਕਾਮਯਾਬ ਹੋ ਗਿਆ।

## ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਪਹਿਲਗਾਮ ’ਚ ਹੋਏ ਹਮਲੇ ਦੇ ਪੀੜਤਾਂ ਨਾਲ ਪ੍ਰਗਟਾਈ ਹਮਦਰਦੀ

ਜੈਤੋ 25 ਅਪ੍ਰੈਲ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੌਰਾਨ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਹੈ। ਇਸ ਦੌਰਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਇਸ ਅਣਮਨੁੱਖੀ ਅਤੇ ਕਰੂਰ ਕਾਰੇ ਨੇ ਸਮਾਜਿਕ ਕਦਰਾਂ-ਕੀਮਤਾਂ ਨੂੰ ਸੱਟ



ਮਾਰੀ ਹੈ। ਉਨ੍ਹਾਂ ਕਿਹਾ ਕਿ ਮਾਨਵੀ ਸਰੋਕਾਰ ਅਜਿਹਾ ਨਹੀਂ ਸਿਖਾਉਂਦੇ, ਸਗੋਂ ਸਾਰਿਆਂ ਨੂੰ ਭਾਈਚਾਰੇ ਤੇ ਸਦਭਾਵਨਾ ਦਾ ਰਾਹ ਦਿਖਾਉਂਦੇ ਹਨ। ਉਨ੍ਹਾਂ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਰਤਾ ਪੁਰਖ ਅੱਗੇ ਅਰਦਾਸ ਕੀਤੀ ਕਿ ਹਮਲੇ ਦੌਰਾਨ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਤੇ ਪਰਿਵਾਰਾਂ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ। ਉਨ੍ਹਾਂ ਕਿਹਾ ਕਿ ਅਜਿਹੇ ਅੱਤਵਾਦੀ ਕਾਰਿਆਂ ਕਾਰਨ ਮਨੁੱਖੀ ਹਿਰਦਿਆਂ ਨੂੰ ਕਾਫ਼ੀ ਠੇਸ ਪਹੁੰਚੀ ਹੈ।

## ਤੇਜ਼ ਰ਼ਫਤਾਰ ਕਾਰ ਦੀ ਲਪੇਟ ’ਚ ਆਉਣ ਕਾਰਨ ਬਜ਼ੁਰਗ ਔਰਤ ਦੀ ਮੌਤ

ਲੁਧਿਆਣਾ 25 ਅਪ੍ਰੈਲ। ਦੁੱਗਰੀ ਇਲਾਕੇ ’ਚ ਤੇਜ਼ ਰ਼ਫਤਾਰ ਨਾਲ ਜਾ ਰਹੀ ਕਾਰ ਦੀ ਲਪੇਟ ’ਚ ਆਉਣ ਨਾਲ ਬਜ਼ੁਰਗ ਔਰਤ ਦੀ ਮੌਤ ਹੋ ਗਈ। ਪਤਾ ਲੱਗਦੇ ਹੀ ਥਾਣਾ ਦੁੱਗਰੀ ਦੀ ਪੁਲਸ ਨੇ ਮੌਕਾ ਮੁਆਇਨਾ ਕਰਨ ਤੋਂ ਬਾਅਦ ਲਾਸ਼ ਨੂੰ ਕਬਜ਼ੇ ’ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ। ਪੁਲਸ ਨੇ ਮਰਨ ਵਾਲੀ ਔਰਤ ਦੀ ਪਛਾਣ ਛੋਟੀ ਉਮਰ 60 ਸਾਲ ਦੇ ਰੂਪ ’ਚ ਕੀਤੀ ਹੈ। ਜਾਂਚ ਕਰਨ ਤੋਂ ਬਾਅਦ ਥਾਣਾ ਦੁੱਗਰੀ ਦੀ ਪੁਲਸ ਨੇ ਮਾਮਲਾ ਦਰਜ ਕਰ ਲਿਆ। ਪੁਲਸ ਨੇ ਨਿਊ ਪ੍ਰੇਮ ਨਗਰ ਦੇ ਰਹਿਣ ਵਾਲੇ ਸੰਤੋਸ਼ ਕੁਮਾਰ ਦੇ ਬਿਆਨ ’ਤੇ ਅਣਪਛਾਣੇ ਕਾਰ ਚਲਾਕ ਖਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨ ’ਚ ਦੱਸਿਆ ਕਿ ਉਹ ਆਪਣੀ ਮਾਤਾ ਨਾਲ ਮੋਟਰਸਾਈਕਲ ’ਤੇ ਸਵਾਰ ਹੋ ਕੇ ਜਾ ਰਿਹਾ ਸੀ ਕਿ ਪੱਖੋਵਾਲ ਰੋਡ ’ਤੇ ਫਰਨੀਚਰ ਦੀ ਦੁਕਾਨ ਕੋਲ ਇਕ ਤੇਜ਼ ਰ਼ਫਤਾਰ ਨਾਲ ਆ ਰਹੇ ਕਾਰ ਚਾਲਕ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਉਹ ਦੋਵੇਂ ਡਿੱਗ ਗਏ ਅਤੇ ਉਸ ਦੀ ਮਾਤਾ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਈ, ਜਿਸ ਨੂੰ ਇਲਾਜ ਦੇ ਲਈ ਹਸਪਤਾਲ ਪਹੁੰਚਾਇਆ ਗਿਆ, ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਜਾਂਚ ਅਧਿਕਾਰੀ ਨੇ ਦੱਸਿਆ ਕਿ ਮਾਮਲੇ ਨੂੰ ਲੈ ਕੇ ਕਾਰਵਾਈ ਕੀਤੀ ਜਾ ਰਹੀ ਹੈ।

# ਬਲਿਆਲ ਰੋਡ ਨਿਵਾਸੀਆਂ ਤੇ ਦੁਕਾਨਦਾਰਾਂ ਨੇ ਐੱਫ.ਸੀ.ਆਈ ਮੈਨੇਜਮੈਂਟ ਤੇ ਕੇਂਦਰ ਸਰਕਾਰ ਵਿਰੁੱਧ ਕੀਤੀ ਨਾਅਰੇਬਾਜ਼ੀ

**ਏਜੰਸੀਆਂ**

ਭਵਾਨੀਗੜ੍ਹ 25 ਅਪ੍ਰੈਲ। ਸਥਾਨਕ ਬਲਿਆਲ ਰੋਡ ਉਪਰ ਸਥਿਤ 639 ਦੇ ਗੋਦਾਮਾਂ ’ਚੋਂ 18 ਅਪ੍ਰੈਲ ਦਿਨ ਸ਼ੁੱਕਰਵਾਰ ਨੂੰ ਆਏ ਤੇਜ਼ ਤੂਫ਼ਾਨ ਦੌਰਾਨ ਇਕ ਗਲੀ ’ਚ ਤੇ ਇਕ ਫੈਕਟਰੀ ਦੀ ਇਮਾਰਤ ਉੱਪਰ ਟੁੱਟ ਕੇ ਡਿੱਗੇ ਸਫੈਦੇ ਦੇ ਦਰਖ਼ਤਾਂ ਕਾਰਨ ਰਸਤਾ ਬੰਦ ਹੋ ਜਾਣ ਦੇ ਰੋਸ ਵਜੋਂ ਬਲਿਆਲ ਰੋਡ ਨਿਵਾਸੀਆਂ ਤੇ ਦੁਕਾਨਦਾਰਾਂ ਵੱਲੋਂ ਅੱਜ ਐੱਫ.ਸੀ.ਆਈ ਦਫ਼ਤਰ ਅੱਗੇ ਰੋਸ ਪ੍ਰਦਰਸ਼ਨ ਕਰਦਿਆਂ 639 ਮੈਨੇਜਮੈਂਟ ਤੇ ਕੇਂਦਰ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਜਾਣਕਾਰੀ ਦਿੰਦਿਆਂ ਇਕੱਠੇ ਹੋਏ ਦੁਕਾਨਦਾਰਾਂ ਤੇ ਬਲਿਆਲ ਰੋਡ ਨਿਵਾਸੀਆਂ ਰਾਜ ਕੁਮਾਰ ਕਾਂਸਲ, ਤਰਸੇਮ ਕਾਂਸਲ, ਮਲਕੀਤ ਸਿੰਘ, ਜੋਗਿੰਦਰ ਸਿੰਘ, ਜਗਤਾਰ ਸਿੰਘ, ਦਵਿੰਦਰ ਰਟੋਲ, ਅਜੈ ਕੁਮਾਰ, ਕਰਮਜੀਤ ਸਿੰਘ, ਲਾਭ ਸਿੰਘ ਠੇਕੇਦਾਰ ਨੇ ਦੱਸਿਆ ਕਿ ਬਲਿਆਲ ਰੋਡ ਸਥਿਤ 639 ਦੇ ਗੋਦਾਮਾਂ ’ਚ ਸਫੈਦੇ ਦੇ ਦਰਖ਼ਤ 70 ਸਾਲ ਪੁਰਾਣੇ ਹਨ ਤੇ ਇਨ੍ਹਾਂ ਦੀ ਉਚਾਈ ਵੀ 70 ਫੁੱਟ ਤੋਂ ਜ਼ਿਆਦਾ ਹੈ ਤੇ ਇਹ ਬਹੁਤ ਜ਼ਿਆਦਾ ਵਜ਼ਨਦਾਰ ਹੋਣ ਕਾਰਨ ਪੂਰੀ ਤਰ੍ਹਾਂ ਝੁੱਕੇ ਪਏ ਹਨ ਤੇ ਤੇਜ਼ ਹਨੇਰੀ ਤੇ ਝੱਖੜ ਕਾਰਨ ਇਹ ਟੁੱਟ ਕੇ ਗਲੀ ’ਚ ਤੇ ਇਮਾਰਤਾਂ ਉੱਪਰ ਡਿੱਗ ਜਾਂਦੇ ਹਨ। ਜਿਸ ਕਾਰਨ ਇਹ ਲੋਕਾਂ ਲਈ ਜਾਨ ਦਾ ਖੌ ਬਣੇ ਹੋਏ ਹਨ। ਉਨ੍ਹਾਂ ਕਿਹਾ ਕਿ ਅਸੀ ਪਿਛਲੇ ਕਰੀਬ 10 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਇਨ੍ਹਾਂ ਸਫੈਦੇ ਦੇ ਦਰਖ਼ਤਾਂ ਨੂੰ ਕਟਾਉਣ ਸਬੰਧੀ ਵਿਭਾਗ ਨੂੰ ਲਿਖਤੀ ਪੱਤਰ ਦਿੰਦੇ ਆ ਰਹੇ ਹਾਂ ਪਰ



ਵਿਭਾਗ ਵੱਲੋਂ ਇਸ ਵੱਲ ਕੋਈ ਵੀ ਧਿਆਨ ਨਹੀਂ ਦਿੱਤਾ ਜਾਂਦਾ ਤੇ ਹਰ ਵਾਰ ਇਹ ਕੰਮ 639 ਦੇ ਜੰਗਲਾਤ ਵਿਭਾਗ ਦਾ ਕਹਿ ਕੇ ਟਾਲ ਦਿੱਤਾ ਜਾਂਦਾ ਹੈ। ਦੁਕਾਨਦਾਰਾਂ ਨੇ ਦੱਸਿਆ ਕਿ 18 ਅਪ੍ਰੈਲ ਸ਼ੁੱਕਰਵਾਰ ਨੂੰ ਆਏ ਤੇਜ਼ ਤ਼ਫਾਨ ਦੌਰਾਨ ਐਫ਼.ਸੀ.ਆਈ ਦੇ ਗੋਦਾਮਾਂ ’ਚ ਲੱਗੇ ਇਨ੍ਹਾਂ ਸਫੈਦੇ ਦੇ ਦਰਖਤਾਂ ਦੇ ਵੱਡੇ ਵੱਡੇ ਟਾਹਣੇ ਜਦੋਂ ਟੁੱਟ ਕੇ ਉਨ੍ਹਾਂ ਦੀਆਂ ਇਮਾਰਤਾਂ ਤੇ ਗਲੀ ’ਚ ਡਿੱਗਣੇ ਸ਼ੁਰੂ ਹੋਏ ਤਾਂ ਉਨ੍ਹਾਂ ਆਪਣੀਆਂ ਦੁਕਾਨਾਂ ਨੂੰ ਇਸੇ ਤਰ੍ਹਾਂ ਛੱਡ ਕੇ ਇਥੋਂ ਭੱਜ ਕੇ ਆਪਣੀ ਜਾਨ ਬਚਾਈ ਤੇ ਇਨ੍ਹਾਂ ਟਾਹਣਿਆਂ ਕਾਰਨ ਉਨ੍ਹਾਂ ਦੀਆਂ ਦੁਕਾਨਾਂ ਦਾ ਕਾਫ਼ੀ ਨੁਕਸਾਨ ਹੋ ਗਿਆ। ਸਭ ਤੋਂ ਹੈਰਾਨੀ ਜਨਕ ਗੱਲ ਇਹ ਰਹੀ ਕਿ ਚਾਰ ਦਿਨ ਬੀਤ ਜਾਣ ਦੇ ਬਾਵਜੂਦ ਵੀ ਸਬੰਧਤ ਵਿਭਾਗ ਦੇ ਕਿਸੇ ਵੀ ਅਧਿਕਾਰੀ ਨੇ ਨਾ ਹੀ ਦੁਕਾਨਦਾਰਾਂ ਤੇ ਉਨ੍ਹਾਂ ਦੇ ਹੋਏ ਨੁਕਸਾਨ ਸਬੰਧੀ ਕੋਈ ਸਾਰ ਲਈ ਤੇ ਨਾ ਹੀ ਗਲੀ ’ਚ ਟੁੱਟ ਕੇ ਡਿੱਗੇ ਇਨ੍ਹਾਂ ਦਰਖ਼ਤਾਂ ਨੂੰ ਚੁਕਵਾਕੇ ਇਥੇ ਰਸਤਾ ਚਾਲੂ ਕਰਵਾਉਣ ਸਬੰਧੀ ਕੋਈ ਕਾਰਵਾਈ ਅਮਲ ’ਚ ਲਿਆਂਦੀ। ਅੱਜ ਜਦੋਂ ਲੋਕਾਂ ਵੱਲੋਂ ਰੋਸ਼ ਕੀਤਾ ਗਿਆ ਫਿਰ ਹਰਕਤ ’ਚ ਆਏ ਵਿਭਾਗ ਨੇ ਇਥੇ ਰਸਤਾ ਚਾਲੂ ਕਰਵਾਇਆ। ਦੁਕਾਨਦਾਰਾਂ ਨੇ ਮੰਗ ਕੀਤੀ ਕਿ ਇਹ ਦਰਖ਼ਤ ਬਹੁਤ ਪੁਰਾਣੇ ਹੋ ਚੁੱਕੇ ਹਨ ਤੇ ਭਵਿੱਖ ’ਚ ਵੀ ਹਨੇਰੀ ਝੱਖੜ ਦੌਰਾਨ ਜਾਨੀ ਮਾਲੀ ਨੁਕਸਾਨ ਕਰ ਸਕਦੇ ਹਨ। ਇਸ ਲਈ ਇਨ੍ਹਾਂ ਨੂੰ ਤੁਰੰਤ ਕਟਵਾਕੇ ਇਥੇ ਨਵੇ ਹੋਰ ਕਿਸਮ ਦੇ ਦਰਖ਼ਤ ਲਗਾਏ ਜਾਣ। ਕਿਉਂਕਿ ਸਫੈਦੇ ਦੇ ਦਰਖਤ ਸਾਡੇ ਧਰਤੀ ਹੇਠਲੇ ਪਾਣੀ ਦਾ ਵੀ ਬਹੁਤ ਨੁਕਸਾਨ ਕਰਦੇ ਹਨ।

# ਪੁਲਸ ਵੱਲੋਂ ਗੁਰਸਿੱਖ ਨਾਲ ਕੀਤੀ ਕੁੱਟਮਾਰ ਦਾ ਮਾਮਲਾ ਭਖਿਆ

**ਏਜੰਸੀਆਂ**

ਸੁਲਤਾਨਪੁਰ ਲੋਧੀ 25 ਅਪ੍ਰੈਲ। ਸੁਲਤਾਨਪੁਰ ਲੋਧੀ ਵਿਖੇ ਪੁਲਸ ਮੁਲਾਜ਼ਮ ਵੱਲੋਂ ਗੁਰਸਿੱਖ ਨੌਜਵਾਨ ਦੀ ਕੀਤੀ ਕੁੱਟਮਾਰ ਮਾਮਲਾ ਭੱਖ ਗਿਆ ਹੈ। ਹੁਣ ਕਿਸਾਨ ਯੂਨੀਅਨ ਬਾਗੀ ਵੱਲੋਂ ਪੀੜਤ ਨੌਜਵਾਨ ਦੇ ਹੱਕ ਵਿੱਚ ਆ ਕੇ ਪ੍ਰਸ਼ਾਸਨ ਨੂੰ ਇਹ ਚਿਤਾਵਨੀ ਜਾਰੀ ਕਰ ਦਿੱਤੀ ਗਈ ਹੈ ਕਿ ਜੇਕਰ 48 ਘੰਟਿਆਂ ਵਿਚ ਪੁਲਸ ਦੇ ਵੱਡੇ ਅਧਿਕਾਰੀਆਂ ਵੱਲੋਂ ਆਪਣੇ ਚਾਰ ਮੁਲਾਜ਼ਮ ਜਿਹੜੇ ਕਿ ਉਸ ਦਿਨ ਨੌਜਵਾਨ ਦੀ ਕੁੱਟਮਾਰ ਮਾਮਲੇ ਵਿੱਚ ਸ਼ਾਮਲ ਸਨ, ਉਨ੍ਹਾਂ ’ਤੇ ਥਾਣੇ ਦੀ ਐੱਸ. ਐੱਚ. ਓ. ਜਿਸ ਦੇ ਕਹਿਣ ’ਤੇ ਉਹ ਮੁਲਾਜ਼ਮ ਉੱਥੇ ਗਏ ਸਨ ਜੇਕਰ ਇਨ੍ਹਾਂ ਪੰਜਾਂ ਨੂੰ ਸਸਪੈਂਡ ਨਾ ਕੀਤਾ ਗਿਆ ਤਾਂ ਉਹ ਵੱਡਾ ਐਕਸ਼ਨ ਉਲੀਕਣਗੇ ਅਤੇ ਇਸ ਦੀ ਜ਼ਿੰਮੇਵਾਰੀ ਸਰਕਾਰ ਅਤੇ ਪ੍ਰਸ਼ਾਸਨ ਦੀ ਹੋਵੇਗੀ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਨੇ ਕਿਹਾ ਕਿ ਇਕ ਹਫ਼ਤੇ ਦੇ ਵਿੱਚ ਲਗਾਤਾਰ ਦੋ ਅਜਿਹੇ ਮਾਮਲੇ ਸਾਹਮਣੇ ਆ ਚੁੱਕੇ ਹਨ, ਜੋ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਹਨ। ਉਨ੍ਹਾਂ ਨੇ ਕਿਹਾ ਕਿ ਉਹ ਜਲਦ ਹੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਮਿਲਣਗੇ ਅਤੇ ਨੌਜਵਾਨਾਂ ’ਤੇ ਹੋਏ ਅਜਿਹੇ ਨਿੰਦਣਯੋਗ ਹਮਲੇ ਲਈ ਸਖ਼ਤ ਕਾਰਵਾਈ ਦੀ ਮੰਗ ਕਰਨਗੇ। ਉਨ੍ਹਾਂ ਕਿਹਾ ਕਿ ਅਜਿਹੀਆਂ ਵੱਡੀਆਂ ਘਟਨਾਵਾਂ ਵਾਪਰਨ ਨਾਲ ਪੁਲਸ ਬਿਲਕੁਲ ਫੇਲ੍ਹ ਸਾਬਤ ਹੋਈ ਹੈ। ਕਿਉਂਕਿ ਅਜੇ ਤੱਕ ਪੁਲਸ ਵੱਲੋਂ ਕੋਈ ਵੀ ਮਾਮਲੇ ਦੇ ਵਿੱਚ ਕੋਈ ਵੱਡੀ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਦੋਸ਼ ਲਾਏ ਕਿ ਪੀੜਤ ਨੌਜਵਾਨ ਨੂੰ ਵੀ ਪੁਲਸ ਵੱਲੋਂ ਦਬਾਅ ਪਾ ਕੇ ਅੰਡਰਗਰਾਊਂਡ ਕੀਤਾ ਗਿਆ ਹੈ ਤਾਂ ਜੋ ਕੋਈ ਵੀ ਸੱਚ ਸਾਹਮਣੇ ਨਾ ਆ ਸਕੇ। ਇਥੇ ਇਹ ਵੀ ਦੱਸ ਦੇਈਏ ਕਿ ਇਸ ਮਾਮਲੇ ਸਬੰਧੀ ਥਾਣੇ ਦੇ ਮੁਖੀ ਸੋਨਮਦੀਪ ਕੌਰ ਨੂੰ ਕਾਰਵਾਈ ਕਰਨ ਬਾਰੇ ਪੁੱਛਿਆ ਗਿਆ ਸੀ ਤਾਂ ਉਨ੍ਹਾਂ ਨੇ ਕਿਹਾ ਸੀ ਕਿ ਦੋਹਾਂ ਪਾਰਟੀਆਂ ਦਾ ਆਪਸ ਦੇ ਵਿੱਚ ਰਾਜ਼ੀਨਾਮਾ ਹੋ ਚੁੱਕਾ ਹੈ। ਸੁਲਤਾਨਪੁਰ ਲੋਧੀ ਅਧੀਨ ਆਉਂਦੇ ਪਿੰਡ ਫੱਤੂਢੀਂਗਾ ਦੇ ਥਾਣੇ ਦੇ ਏ. ਐੱਸ. ਆਈ. ਵੱਲੋਂ ਇਕ ਗੁਰਸਿੱਖ ਨੌਜਵਾਨ ਨਾਲ ਗਾਲੀ-ਗਲੋਚ ਕਰਕੇ ਕੁੱਟਮਾਰ ਕੀਤੀ ਗਈ ਸੀ, ਜਿਸ ਦੀ ਵੀਡੀਓ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਰਹੀ ਹੈ। ਪੀੜਤ ਨੌਜਵਾਨ ਸਰਬਜੀਤ ਸਿੰਘ ਪੁੱਤਰ ਗਿਆਨ ਸਿੰਘ ਵਾਸੀ ਸੁਰਖਪੁਰ ਨੇ ਦੱਸਿਆ ਕਿ ਉਹ ਸੁਰਖਪੁਰ ਦੀ ਮੰਡੀ ਵਿਚ ਬਤੌਰ ਲੇਬਰ ਇਕ ਆੜ੍ਹਤੀਏ ਕੋਲ ਕੰਮ ਕਰਦਾ ਹੈ, ਜਿੱਥੇ ਬੀਤੇ ਦਿਨੀਂ ਰਾਤ ਨੂੰ ਥਾਣਾ ਫੱਤੂਢੀਂਗਾ ਤੋਂ ਇਕ ਪੁਲਸ ਪਾਰਟੀ ਕਿਸੇ ਮਾਮਲੇ ਨੂੰ ਲੈ ਕੇ ਸਰਕਾਰੀ ਗੱਡੀ ਵਿਚ ਮੰਡੀ ਵਿਚ ਆਉਂਦੀ ਹੈ, ਜਿਸ ਵਿਚ ਇਕ ਏ. ਐੱਸ. ਆਈ. ਕਥਿਤ ਤੌਰ ’ਤੇ ਨਸ਼ੇ ਵਿਚ ਸੀ। ਪੀੜਤ ਨੌਜਵਾਨ ਨੇ ਦੱਸਿਆ ਕਿ ਜਿਸ ਵੇਲੇ ਉਹ ਉਸ ਮੰਡੀ ਵਿਚ ਕੰਮ ਕਰ ਰਿਹਾ ਸੀ ਤਾਂ



ਉਸ ਵੇਲੇ ਏ. ਐੱਸ. ਆਈ. ਨੇ ਉਸ ਨੂੰ ਗਾਲ੍ਹ ਕੱਢ ਕੇ ਬੁਲਾਇਆ, ਜਿਸ ਮਗਰੋਂ ਨੌਜਵਾਨ ਇਸ ਗਾਲ੍ਹ ਕੱਢਣ ਬਾਰੇ ਪੁੱਛਿਆ ਕਿ ਆਖਰ ਉਸ ਨੂੰ ਗਾਲ੍ਹ ਕਿਉਂ ਕੱਢੀ ਗਈ, ਜਿਸ ਮਗਰੋਂ ਗੁੱਸੇ ਵਿੱਚ ਆਏ ਏ. ਐੱਸ. ਆਈ. ਨੇ ਨੌਜਵਾਨ ਨਾਲ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ ਅਤੇ ਗਾਲੀ ਗਲੋਚ ਕਰਨਾ ਵੀ ਸ਼ੁਰੂ ਕਰ ਦਿੱਤਾ। ਨੌਜਵਾਨ ਦਾ ਕਹਿਣਾ ਹੈ ਕਿ ਕੁੱਟਮਾਰ ਦੌਰਾਨ ਏ. ਐੱਸ. ਆਈ. ਵੱਲੋਂ ਉਸ ਦੇ ਸ੍ਰੀ ਸਾਹਿਬ ਨੂੰ ਖਿੱਚ ਕੇ ਉਸ ਦੇ ਕਕਾਰਾਂ ਦੀ ਬੇਅਦਬੀ ਵੀ ਕੀਤੀ ਗਈ। ਏ. ਐੱਸ. ਆਈ. ਨੇ ਡਿਊਟੀ ਦੌਰਾਨ ਨਸ਼ਾ ਕੀਤਾ ਹੋਇਆ ਸੀ। ਉਨ੍ਹਾਂ ਕਿਹਾ ਕਿ ਜਿਹੜੇ ਵਿਅਕਤੀ ਨੇ ਗਲਤੀ ਕੀਤੀ ਹੈ, ਉਸ ਵਿਰੁੱਧ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਮੈਨੂੰ ਇਨਸਾਫ਼ ਦਿਵਾਇਆ ਜਾਵੇ। ਉਥੇ ਹੀ ਜਦੋਂ ਕਿਸਾਨ ਯੂਨੀਅਨ ਬਾਗੀ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਕਿਸਾਨ ਯੂਨੀਅਨ ਬਾਗੀ ਦੇ ਜ਼ਿਲ੍ਹਾ ਪ੍ਰਧਾਨ ਗੁਰਦੀਪ ਸਿੰਘ ਭੰਡਾਲ ਅਤੇ ਉਨ੍ਹਾਂ ਦੀ ਪੂਰੀ ਟੀਮ ਵੀ ਸਿੱਖ ਨੌਜਵਾਨ ਦੇ ਸਮਰਥਨ ਵਿਚ ਪਹੁੰਚ ਗਈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਮਾਹੌਲ ਵਿਗੜ ਰਿਹਾ ਹੈ। ਜਦੋਂ ਕਾਨੂੰਨ ਦੀ ਰਾਖੀ ਕਰਨ ਵਾਲੇ ਹੀ ਸਿੱਖ ਨੌਜਵਾਨਾਂ ਨੂੰ ਕੁੱਟਣਗੇ ਤਾਂ ਉਹ ਇਨਸਾਫ਼ ਲਈ ਕਿਸ ਕੋਲ ਗੁਹਾਰ ਲਗਾਉਣਗੇ ? ਉਨ੍ਹਾਂ ਕਿਹਾ ਕਿ ਏ. ਐੱਸ. ਆਈ. ਵੱਲੋਂ ਸ੍ਰੀ ਸਾਹਿਬ ਅਤੇ ਕਕਾਰਾਂ ਦੀ ਬੇਅਦਬੀ ਕੀਤੀ ਗਈ ਹੈ, ਜਿਸ ਦੇ ਤਹਿਤ ਧਾਰਾ 295 ਅਧੀਨ ਮਾਮਲਾ ਦਰਜ ਕੀਤਾ ਜਾਵੇ, ਨਹੀਂ ਤਾਂ ਵੱਡੇ ਪੱਧਰ ’ਤੇ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਜਿਸ ਲਈ ਜ਼ਿਲ੍ਹਾ ਪੁਲਸ ਪ੍ਰਸ਼ਾਸਨ ਜ਼ਿੰਮੇਵਾਰ ਹੋਵੇਗਾ।

## ਲੁਟੇਰਿਆਂ ਨੇ ਸੈਰ ਕਰ ਰਹੀ ਔਰਤ ਨੂੰ ਬਣਿਆ ਲੁੱਟ-ਖੋਹ ਦਾ ਸ਼ਿਕਾਰ, ਸੋਨੇ ਦੀ ਝਪਟ ਕੇ ਫਰਾਰ

ਸਮਰਾਲਾ, 25 ਅਪ੍ਰੈਲ। ਸ਼ਹਿਰ ਦੇ ਹਰਨਾਮ ਨਗਰ ਗਲੀ ਨੰਬਰ ਇੱਕ ਵਿੱਚ ਅੱਜ ਸ਼ਾਮ 7.30 ਵਜੇ ਦੇ ਕਰੀਬ ਅਣਪਛਾਤੇ ਲੁਟੇਰਿਆਂ ਵੱਲੋਂ ਸੈਰ ਕਰ ਰਹੀ ਇੱਕ ਔਰਤ ਦੀ ਚੇਨ ਖੋਹ ਕੇ ਫਰਾਰ ਹੋਏ ।ਪੀੜਤ ਔਰਤ ਦਾ ਕਹਿਣਾ ਹੈ ਉਹ ਮੰਦਰ ਤੋਂ ਮੱਥਾ ਟੇਕ ਕੇ ਵਾਪਿਸ ਆ ਰਹੀ ਸੀ ਕਿ ਦੋ ਵਿਅਕਤੀ ਮੋਟਰਸਾਈਕਲ ਸਵਾਰ ਓਕੇ ਆ ਰਹੇ ਸਨ ਨਜ਼ਦੀਕ ਆ ਕੇ ਉਹਨਾਂ ਨੇ ਮੇਰੇ ਗਲੇ ਨੂੰ ਹੱਥ ਪਾ ਕੇ ਸੋਨੇ ਦੀ ਚੈਨ ਖੋ ਕੇ ਫਰਾਰ ਹੋ ਗਏ ਦੋਨੋਂ ਵਿਅਕਤੀ ਸਿਰ ਤੋਂ ਮੋਨੇ ਸਨ। ਇੱਕ ਵਿਅਕਤੀ ਦੇ ਹੈਲਮਟ ਪਾਇਆ ਹੋਇਆ ਸੀ। ਪੀੜਤਾ ਦਾ ਕਹਿਣਾ ਕਿ ਅਸੀਂ ਇਸ ਮਹੱਲੇ ਵਿੱਚ ਕਿਰਾਏ ’ਤੇ ਰਹਿ ਰਹੇ ਹਾਂ। ਮਹੱਲਾ ਵਾਸੀਆਂ ਦਾ ਕਹਿਣਾ ਹੈ ਕਿ ਇੱਕ ਔਰਤ ਉੱਚੀ ਉੱਚੀ ਰੌਲਾ ਪਾ ਰਹੀ ਸੀ ਤਾਂ ਜਦੋਂ ਅਸੀਂ ਘਰ ਦੇ ਬਾਹਰ ਜਾ ਕੇ ਦੇਖਿਆ ਤਾਂ ਔਰਤ ਨੂੰ ਪੁੱਛਿਆ ਤਾਂ ਉਨ੍ਹਾਂ ਦੱਸਿਆ ਕਿ ਦੋ ਮੋਟਰਸਾਈਕਲ ਸਵਾਰ ਪਿੱਛੋਂ ਆ ਕੇ ਮੇਰੀ ਸੋਨੇ ਦੀ ਚੇਨ ਖੋਹ ਕੇ ਫਰਾਰ ਹੋ ਗਏ ਤੇ ਉਹ ਘਬਰਾ ਗਈ। ਮੌਕੇ ’ਤੇ ਪਹੁੰਚੇ ਐੱਸਐੱਚਓ ਸਮਰਾਲਾ ਦਾ ਕਹਿਣਾ ਹੈ ਕਿ ਕਿ ਸਾਨੂੰ ਇੱਕ ਕਾਲ ਆਈ, ਜਿਸ ਦੇ ਵਿੱਚ ਉਨ੍ਹਾਂ ਨੇ ਕਿਹਾ ਕਿ ਸਾਡੀ ਅਣਪਛਾਤੇ ਵਿਅਕਤੀਆਂ ਵੱਲੋਂ ਚੇਨ ਖੋਹ ਕੇ ਲੈ ਗਏ। ਐੱਸਐੱਚਓ ਦਾ ਕਹਿਣਾ ਹੈ ਕਿ ਮੌਕੇ ’ਤੇ ਪਹੁੰਚ ਕੇ ਸੀਸੀਟੀਵੀ ਖੰਗਾਲੇ ਜਾ ਰਹੇ ਜਲਦ ਹੀ ਚੋਰਾਂ ਨੂੰ ਫੜ ਕੇ ਸਲਾਖਾਂ ਦੇ ਹਵਾਲੇ ਕੀਤਾ ਜਾਵੇਗਾ।